ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਚੇਤ-ਵੈਸਾਖ, ਸੰਮਤ ਨਾਨਕਸ਼ਾਹੀ ੫੪੯ ਅਪ੍ਰੈਲ 2017

ਜਿਲਦ ੬੧ ਅੰਕ ੧

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab.
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਖਾਲਸੇ ਦੀ ਮਹਾਨਤਾ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੮ |
| ਪਟਨਾ ਸਾਹਿਬ ਦੀ ਸਿੱਖ ਵਿਰਾਸਤ | -ਡਾ. ਪਰਮਵੀਰ ਸਿੰਘ | ੧੪ |
| ਪ੍ਰਗਟਿਓ ਖਾਲਸਾ | -ਸ. ਦਲਬੀਰ ਸਿੰਘ ਨਠਵਾਲ | ੨੭ |
| ਖਾਲਸੇ ਦੇ ਬੋਲੇ | -ਡਾ. ਅਮਰਜੀਤ ਕੌਰ | ੩੩ |
| ਇਤਿਹਾਸਿਕ ਗੌਰਵਮਈ ਗਾਥਾ: ਵੈਸਾਖੀ | -ਡਾ. ਸਾਹਿਬ ਸਿੰਘ ਅਰਸ਼ੀ | ੩੭ |
| ੧੯੧੯ ਦੀ ਵੈਸਾਖੀ | -ਸ. ਸਿਮਰਜੀਤ ਸਿੰਘ | ੪੦ |
| ਸੁਖਮਨੀ ਸਾਹਿਬ | -ਡਾ. ਕੁਲਦੀਪ ਕੌਰ | ੪੭ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ . . . | -ਸ. ਜਸਵਿੰਦਰ ਸਿੰਘ | ੫੨ |
| ਭਗਤ ਸ਼ੇਖ ਫਰੀਦ ਜੀ ਦੀ ਬਾਣੀ . . . | -ਸ. ਮੇਜਰ ਸਿੰਘ ਦਿਲਸ਼ਾਦ | ੫੬ |
| ਭਗਤ ਸ਼ੇਖ ਫਰੀਦ ਜੀ: ਜੀਵਨ-ਚਿੰਤਨ | -ਸ. ਗੁਰਮੁਖ ਸਿੰਘ ਰਾਹੀ | ੬੨ |
| ਗੁਰਬਾਣੀ ਅੰਦਰ ਵਰਣਿਤ ਪਸ਼ੂ, ਪੰਛੀ ਅਤੇ ਜੀਵਾਂ ਤੋਂ ਮਿਲਦੀਆਂ ਸਿੱਖਿਆਵਾਂ | -ਸ. ਕਰਮ ਸਿੰਘ | ੭੦ |
| ਗੁਰੂ ਬੋਲੀ ਪੰਜਾਬੀ | -ਸ. ਜਗਮੋਹਨ ਸਿੰਘ | ੭੪ |
| ਗੁਰਦੁਆਰਾ ਨਾਨਕ ਝੀਰਾ ਬਿਦਰ (ਕਰਨਾਟਕਾ) | -ਡਾ. ਰਛਪਾਲ ਸਿੰਘ | ੮੪ |
| ਰੁੱਖਾਂ ਨੂੰ ਸੰਭਾਲੀਏ ! | -ਸ. ਜਸਵੰਤ ਸਿੰਘ ਈਸੇਵਾਲ | ੮੬ |
| ਗਾਗਰ 'ਚ ਸਾਗਰ-- ੭੩ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੯੦ |
| ਜੰਗਨਾਮਾ | -ਲੈਫ. ਪਰਸ਼ੋਤਮ ਸਿੰਘ | ੯੩ |
| ਸਰਦਾਰ ਖਾਲਸਾ (ਕਵਿਤਾ) | -ਸ. ਕਰਨੈਲ ਸਿੰਘ ਸਰਦਾਰ ਪੰਛੀ | ੯੫ |
| ਖ਼ਬਰਨਾਮਾ | | ੯੬ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੮ |

ਗੁਰਬਾਣੀ ਵਿਚਾਰ:

# ਵੈਸਾਖੁ ਭਲਾ...

*ਵੈਸਾਖੁ ਭਲਾ ਸਾਖਾ ਵੇਸ ਕਰੇ ॥*
*ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥*
*ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥*
*ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥*
*ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥*
*ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥* (ਪੰਨਾ ੧੧੦੮)

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਬਾਰਹ ਮਾਹਾ ਤੁਖਾਰੀ ਦੀ ਇਸ ਪਾਵਨ ਪਉੜੀ ਅੰਦਰ ਵੈਸਾਖ ਮਹੀਨੇ ਦੇ ਪ੍ਰਕਿਰਤਕ ਵਾਤਾਵਰਨ ਦਾ ਚਿਤਰਨ ਕਰਦਿਆਂ ਜੀਵ-ਇਸਤਰੀ ਦੀ ਪਤੀ-ਪਰਮਾਤਮਾ ਨਾਲ ਮਿਲਾਪ ਦੀ ਰੂਹਾਨੀ ਲੋਚਾ ਨੂੰ ਰੂਪਮਾਨ ਕਰਦੇ ਹਨ। ਸਤਿਗੁਰੂ ਜੀ ਮਨੁੱਖ-ਮਾਤਰ ਨੂੰ ਸੁਰਤ ਦੇ ਰੂਹਾਨੀ ਸ਼ਬਦ ਦੁਆਰਾ ਇਹ ਮਿਲਾਪ ਹੋ ਸਕਣ ਦਾ ਗੁਰਮਤਿ ਗਾਡੀ ਮਾਰਗ ਬਖਸ਼ਿਸ਼ ਕਰਦੇ ਹਨ।

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਵੈਸਾਖ ਦਾ ਮਹੀਨਾ ਕੇਹਾ ਚੰਗਾ ਲੱਗਦਾ ਹੈ! ਇਹ ਉਹ ਮਹੀਨਾ ਹੈ ਜਿਸ ਦੌਰਾਨ ਰੁੱਖਾਂ-ਬੂਟਿਆਂ ਦੀਆਂ ਟਹਿਣੀਆਂ ਕੂਲੇ-ਕੂਲੇ ਪੱਤਰਾਂ ਰੂਪੀ ਲਗਰਾਂ ਪ੍ਰਗਟ ਕਰਦੀਆਂ ਹਨ, ਮਾਨੋ ਸੱਜ-ਵਿਆਹੀਆਂ ਮੁਟਿਆਰਾਂ ਨੇ ਹਾਰ-ਸ਼ਿੰਗਾਰ ਕੀਤਾ ਹੋਵੇ। ਇਸ ਸੁਖਾਵੇਂ ਮੌਸਮ ਤੇ ਸੁਹਣੇ ਵਾਤਾਵਰਨ ਵਿਚ ਜੀਵ ਇਸਤਰੀ ਸੁਭਾਵਕ ਹੀ ਆਪਣੇ ਅੰਦਰ ਪਤੀ-ਪਰਮਾਤਮਾ ਨਾਲ ਮਿਲਾਪ ਦੀ ਉਮੰਗ ਰੱਖਦੀ ਹੈ। ਉਹ ਜੋਦੜੀ ਕਰਦੀ ਹੈ ਕਿ ਹੇ ਪ੍ਰੀਤਮ! ਮੈਂ ਨਿਮਾਣੀ 'ਤੇ ਤਰਸ ਕਰ ਕੇ ਆ ਜਾਓ। ਇਸ ਸੰਸਾਰ-ਸਾਗਰ ਨੂੰ ਮੈਂ ਆਪ ਜੀ ਤੋਂ ਬਿਨਾ ਨਹੀਂ ਤਰ ਸਕਦੀ, ਸੋ ਆਪ ਜੀ ਮੈਨੂੰ ਆ ਕੇ ਤਾਰ ਦੇਵੋ। ਆਪ ਜੀ ਦੇ ਬਿਨਾ ਤਾਂ ਮੇਰੀ ਕੀਮਤ ਅੱਧੀ ਕੌਡੀ ਵੀ ਨਹੀਂ ਹੈ। ਪਰ ਹਾਂ, ਜੇਕਰ ਮੈਂ ਤੁੱਛ ਜੀਵ-ਇਸਤਰੀ ਆਪ ਜੀ ਨੂੰ ਚੰਗੀ ਲੱਗਣ ਲੱਗ ਪਵਾਂ ਫਿਰ ਤਾਂ ਹੇ ਪਿਆਰੇ, ਮੇਰਾ ਮੁੱਲ ਕੋਈ ਨਹੀਂ ਪਾ ਸਕਦਾ ਭਾਵ ਮੈਂ ਅਸੀਮ ਰੂਪ 'ਚ ਮੁੱਲਵਾਨ ਹੋ ਸਕਦੀ ਹਾਂ! ਮੈਂ ਆਪ ਜੀ ਨੂੰ ਆਪਣੇ ਹਿਰਦੇ ਵਿਚ ਵਾਸ ਕਰਦਿਆਂ ਮਹਿਸੂਸ ਕਰਾਂ। ਮੈਨੂੰ ਆਪ ਜੀ ਦੇ ਵਾਸਤਵਿਕ ਘਟ-ਘਟ ਵਿਚ ਵਾਸ ਹੋਣ ਦਾ ਅਨੁਭਵ ਹੋ ਜਾਵੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਵੈਸਾਖ ਮਹੀਨੇ ਦੇ ਸੁਹਾਵਣੇ-ਸੁਖਾਵੇਂ ਵਾਤਾਵਰਨ ਵਿਚ ਜੋ ਜੀਵ-ਇਸਤਰੀ ਆਪਣੀ ਸੁਰਤੀ ਨੂੰ ਗੁਰ-ਸ਼ਬਦ ਵਿਚ ਟਿਕਾ ਲੈਂਦੀ ਹੈ ਉਸ ਦਾ ਮਨ ਉਸ ਮਾਲਕ ਦੀ ਸਿਫਤ-ਸਲਾਹ 'ਚ ਇਕਸੁਰ ਹੋ ਜਾਂਦਾ ਹੈ। ■

ਸੰਪਾਦਕੀ . . .

# ਖਾਲਸਾ ਸਿਰਜਣਾ ਦਾ ਆਦਰਸ਼

*੧੫ਵੀਂ ਸਦੀ ਵਿਚ ਸਮਾਜ ਅੰਦਰ ਧਾਰਮਿਕ, ਸਮਾਜਿਕ, ਰਾਜਨੀਤਕ ਭਾਵ ਕਿ ਮਨੁੱਖੀ ਜੀਵਨ ਦੇ ਹਰ ਪੱਖ ਵਿਚ ਵੱਡਾ ਨਿਘਾਰ ਆ ਚੁੱਕਾ ਸੀ। ਲੋਕਾਈ ਕਰਮਹੀਣ ਹੋ ਕੇ ਕਿਸਮਤਵਾਦੀ, ਕਾਇਰਾਨਾ ਅਤੇ ਜ਼ਿੱਲਤ ਭਰਪੂਰ ਜੀਵਨ ਜੀਅ ਰਹੀ ਸੀ। ਖਲਕਤ ਵਿਚ ਆਪਣੀ ਹੋਣੀ ਨੂੰ ਆਪ ਬਦਲਣ ਦਾ ਅਹਿਸਾਸ ਖਤਮ ਹੋ ਚੁੱਕਾ ਸੀ। ਉਹ ਹਰੇਕ ਬਿਪਤਾ ਸਮੇਂ ਕਿਸੇ ਦੈਵੀ ਸ਼ਕਤੀ ਦੇ ਧਰਤੀ ਉੱਪਰ ਆ ਕੇ ਆਪਣੀ ਸੰਕਟ ਨਿਵ੍ਰਿਤੀ ਦੀ ਆਸ ਕਰਦੀ ਰਹਿੰਦੀ ਸੀ। ਬਾਬਰ ਦੇ ਭਾਰਤ ਉੱਪਰ ਹਮਲੇ ਸਮੇਂ ਹਮਲਾਵਰਾਂ ਦਾ ਮੁਕਾਬਲਾ ਕਰਨ ਦੀ ਬਜਾਏ ਕਰਮ-ਕਾਂਡਾਂ ਵਿਚ ਉਲਝੇ ਰਹਿਣਾ ਭਾਰਤ-ਵਾਸੀਆਂ ਦੀ ਕਰਮਹੀਣ ਮਾਨਸਿਕਤਾ ਦੀ ਪ੍ਰਮੁੱਖ ਉਦਾਹਰਨ ਹੈ। ਅਜਿਹੀ ਦੁਰਦਸ਼ਾ ਵਿੱਚੋਂ ਮਨੁੱਖਤਾ ਨੂੰ ਨਿਜ਼ਾਤ ਦਿਵਾਉਣ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਇਸ ਜਗਤ ਅੰਦਰ ਪ੍ਰਕਾਸ਼ ਹੋਇਆ। ਗੁਰੂ ਜੀ ਨੇ ਕਰਮ ਪ੍ਰਧਾਨ ਆਦਰਸ਼ਕ ਮਨੁੱਖ ਦੀ ਸਿਰਜਣਾ ਲਈ ਸਿੱਖ ਪੰਥ ਦੀ ਨੀਂਹ ਰੱਖੀ। ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਕਰਮ ਪ੍ਰਧਾਨ* ***ਜੋਧ ਮਹਾਬਲ ਸੂਰ*** *ਵਾਲੀ ਸੁਰਤਿ ਦੀ ਘਾੜਤ ਘੜੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਜੀ ਨੇ ਸਿੱਖ ਪੰਥ ਦੀ ਨਿਰੋਈ ਵਿਚਾਰਧਾਰਾ ਨੂੰ ਮਨੁੱਖਤਾ ਅੰਦਰ ਪ੍ਰਚਾਰਨ ਲਈ ਆਪੋ-ਆਪਣਾ ਭਰਪੂਰ ਯੋਗਦਾਨ ਪਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ* ***ਇਸੁ ਧਰਤੀ ਮਹਿ ਤੇਰੀ ਸਿਕਦਾਰੀ*** *ਦਾ ਅਹਿਸਾਸ ਕਰਵਾ ਕੇ ਮਨੁੱਖੀ ਸਵੈਮਾਣ ਨੂੰ ਜਗਾਇਆ।*

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕਰ ਕੇ ਧਰਤੀ ਉੱਪਰ ਸੰਪੂਰਨ ਮਨੁੱਖ ਦੀ ਘਾੜਤ ਲਈ ਖਾਲਸਾ ਪੰਥ ਦੇ ਰੂਪ ਵਿਚ ਸੰਪੂਰਨਤਾ ਕੀਤੀ। ਇਹ ਖਾਲਸਾ ਪੰਥ ਅਕਾਲ ਪੁਰਖ ਦਾ ਪੰਥ ਸੀ, ਜਿਸ ਦੇ ਪੈਰੋਕਾਰਾਂ ਨੇ ਧਾਰਮਿਕ ਜਗਤ ਵਿਚ ਹਰ ਪ੍ਰਕਾਰ ਦੀ ਗ਼ੁਲਾਮੀ ਤੋਂ ਮੁਕਤ ਹੋ ਕੇ ਅਕਾਲ ਪੁਰਖ ਨਾਲ ਸਿੱਧਾ ਸੰਬੰਧ ਸਥਾਪਿਤ ਕਰਨਾ ਸੀ। ਖਾਲਸਾ ਪੰਥ ਨੇ ਦੀਨਾਂ, ਦੁਖਿਆਰਿਆਂ ਦੀ ਬਾਂਹ ਫੜਨੀ ਸੀ। ਆਪਣੇ ਇਸ ਦੈਵੀ ਮਿਸ਼ਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੭੫੬ ਬਿਕ੍ਰਮੀ ਨੂੰ ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਸ ਤਰ੍ਹਾਂ ਭਾਰਤ ਅੰਦਰ ਸਦੀਆਂ ਤੋਂ ਦੁਰਕਾਰੇ ਅਤੇ ਲਿਤਾੜੇ ਲੋਕਾਂ ਨੂੰ ਸਰਦਾਰੀਆਂ ਬਖ਼ਸ਼ੀਆਂ 'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਅਨੁਸਾਰ-* ***ਨਾਮ ਗਰੀਬ ਨਿਵਾਜ਼ ਹਮਾਰਾ। ਹੈ ਜਗ ਮੇਂ ਪ੍ਰਸਿਧ ਅਪਾਰਾ। ਸੋ ਸਫਲਾ ਜਗ ਮੈਂ ਤਬ ਥੈ ਹੈਂ। ਲਘੁ ਜਾਤਨ ਕੋ***

***ਬਡਪਨ ਦੈ ਹੈਂ।***

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਨੂੰ ਆਪਣੀ ਕਾਇਆ ਕਲਪ ਕਰਨ ਦਾ ਮੌਕਾ ਪ੍ਰਦਾਨ ਕੀਤਾ। ਲੋਕਾ ਦੇ ਮਨਾਂ ਵਿੱਚੋਂ ਊਚ-ਨੀਚ, ਜਾਤ-ਪਾਤ ਦੇ ਵਖਰੇਵਿਆਂ ਨੂੰ ਦੂਰ ਕਰ ਕੇ ਉਨ੍ਹਾਂ ਅੰਦਰ ਅਜ਼ਾਦੀ ਅਤੇ ਸਵੈਮਾਣ ਵਾਲਾ ਜੀਵਨ ਜਿਉਣ ਦੀ ਤਾਂਘ ਭਰੀ। ਅਜਿਹਾ ਆਦਰਸ਼ਕ ਸਮਾਜਿਕ ਸੰਗਠਨ (ਖਾਲਸਾ ਪੰਥ) ਕਾਇਮ ਕੀਤਾ। ਜਿਸ ਨੇ ਹਰ ਪ੍ਰਕਾਰ ਦੀ ਪ੍ਰਾਧੀਨਤਾ ਤੋਂ ਮੁਕਤ ਹੋ ਕੇ ਮਜ਼ਲੂਮਾਂ ਦੀ ਰਾਖੀ ਦੇ ਜਾਮਨ ਬਣਨਾ ਸੀ। ਸਦੀਆਂ ਬੱਧੀ ਗ਼ੁਲਾਮੀ ਦੇ ਜੂਲੇ ਹੇਠ ਰਹਿ ਕੇ ਬੁਜ਼ਦਿਲ ਹੋ ਚੁੱਕੀ ਲੋਕਾਈ ਦੇ ਮਨ ਅੰਦਰ ਸਵੈਮਾਣ ਜਗਾਉਣ ਵਾਸਤੇ ਉਨ੍ਹਾਂ ਅੰਦਰ ਨਵੇਂ ਜਨਮ ਦਾ ਅਹਿਸਾਸ ਕਰਵਾਉਣ ਲਈ ਪਿਛਲੀ ਕੁਲ ਨਾਸ਼, ਕਿਰਤ ਨਾਸ਼, ਕਰਮ ਨਾਸ਼, ਧਰਮ ਨਾਸ਼ ਦਾ ਸਿਧਾਂਤ ਪੇਸ਼ ਕੀਤਾ ਗਿਆ।*

*ਗੁਰੂ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਸਮੇਂ ਇੱਕੋ ਬਾਟੇ ਵਿੱਚੋਂ ਸਾਰਿਆਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਜਾਤ-ਵਰਨ ਦੀ ਵੰਡ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ। ਫਿਰ ਪੰਜਾਂ ਪਿਆਰਿਆਂ ਪਾਸੋਂ ਆਪ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ-ਚੇਲੇ ਦੇ ਭੇਦ ਨੂੰ ਮਿਟਾ ਦਿੱਤਾ।*

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਵਿਸ਼ੇਸ਼ ਰਹਿਤ ਮਰਯਾਦਾ ਨਿਸ਼ਚਿਤ ਕੀਤੀ। ਗੁਰੂ ਜੀ ਨੇ ਖਾਲਸੇ ਦੀ ਰਹਿਤ ਨਿਰਧਾਰਿਤ ਕਰ ਕੇ ਇਹ ਵੀ ਕਿਹਾ ਕਿ ਜਦ ਤਕ ਮੇਰਾ ਖਾਲਸਾ ਨਿਆਰਾ ਰਹੇਗਾ, ਰਹਿਤ ਦਾ ਧਾਰਨੀ ਰਹੇਗਾ ਤਦ ਤਕ ਇਸ ਨੂੰ ਮੇਰੀ ਪ੍ਰਤੀਤ ਹਾਸਲ ਹੋਵੇਗੀ:* ***ਜਬ ਲਗ ਖਾਲਸਾ ਰਹੈ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ। ਜਬ ਇਹ ਗਹੈ ਬਿਪਰਨ ਕੀ ਰੀਤਿ। ਮੈਂ ਨ ਕਰੋਂ ਇਨ ਕੀ ਪ੍ਰਤੀਤ।***

*ਅੱਜ ਲੋੜ ਹੈ, ਖਾਲਸਾ ਪੰਥ ਦਾ ਸਿਰਜਣਾ ਦਿਵਸ ਮਨਾਉਂਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਰਧਾਰਿਤ ਖਾਲਸਈ ਆਦਰਸ਼ ਨੂੰ ਸਮਝ ਕੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਕਰਨੀ ਪ੍ਰਧਾਨ ਜੀਵਨ ਜੀਉਂਦਿਆਂ ਵਿਸ਼ਵ ਸਾਹਮਣੇ ਆਦਰਸ਼ਕ ਮਿਸਾਲ ਪੈਦਾ ਕਰਨ ਦੀ, ਤਾਂਕਿ ਵਰਤਮਾਨ ਵਿਚ ਸਮੁੱਚੇ ਵਿਸ਼ਵ ਨੂੰ ਉਸ ਰੂਹਾਨੀਅਤ ਅਤੇ ਸ਼ਾਂਤੀ ਵੱਲ ਲਿਜਾਇਆ ਜਾ ਸਕੇ ਜਿਸ ਤੋਂ* ***ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ*** *ਵਾਲੀ ਭਰਾਤਰੀਅਤਾ ਦੀ ਭਾਵਨਾ ਪੈਦਾ ਹੋ ਸਕੇ, ਸਭ ਤਰ੍ਹਾਂ ਦੇ ਦ੍ਵੈਸ਼ ਦੀ ਭਾਵਨਾ ਖਤਮ ਹੋਵੇ। ਵਿਸ਼ਵ-ਵਿਆਪੀ ਪੱਧਰ 'ਤੇ ਪੈਦਾ ਹੋ ਰਹੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ।* ■

# ਖਾਲਸੇ ਦੀ ਮਹਾਨਤਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਖਾਲਸਾ ਪੰਥ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ ਬਿਕ੍ਰਮੀ (੧੬੯੯ ਈ.) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ, ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਹੈ। ਇਸ ਵੇਲੇ ਤਕ ਹਾੜੀ ਦੀ ਫਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾ ਕਿਸੇ ਭੇਦ-ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ, ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਿਜਾਤ ਦਿਵਾਉਣ ਲਈ ਅਤੇ ਉਸ ਦੇ ਸਰਬਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ ਅਤੇ ਇਕ ਨਵੇਂ ਸੱਜਰੇ ਜੀਵਨ ਦੀ ਸ਼ੁਰੂਆਤ ਸੀ। ਵੈਸਾਖ ਮਹੀਨੇ ਨੂੰ ਗੁਰਬਾਣੀ ਵਿਚ ਭਲਾ ਕਿਹਾ ਗਿਆ ਹੈ:

*ਵੈਸਾਖੁ ਭਲਾ ਸਾਖਾ ਵੇਸ ਕਰੇ॥* *(ਪੰਨਾ ੧੧੦੮)*

ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ੨੩੦ ਸਾਲ ਦਸ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ ਹੈ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ-ਜੋਤਿ ਵਰਤਦੀ ਸੀ। ਉਨ੍ਹਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇਕ ਹੀ ਸੀ:

*-ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥*
*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥* *(ਪੰਨਾ ੯੬੬)*
*-ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥*
*ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥* *(ਪੰਨਾ ੬੪੬)*

ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ, ਖਾਲਸੇ ਦੀ ਸਾਜਨਾ। ਖਾਲਸਾ ਇਕ ਆਦਰਸ਼ ਪੁਰਖ ਸੀ, ਜਿਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਬਪੱਖੀ, ਸਰਬ ਪ੍ਰਕਾਰ ਦੇ ਸਦਗੁਣਾਂ ਨਾਲ ਭਰਪੂਰ, ਆਤਮ-ਵਿਸ਼ਵਾਸ, ਸਵੈ-ਨਿਰਭਰ ਤੇ ਸੰਪੂਰਨ ਮਨੁੱਖ ਹੈ। ਖਾਲਸਾ ਸੰਤ ਵੀ ਹੈ, ਸਿਪਾਹੀ ਵੀ। ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ। ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ। ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ, ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ, ਜਿਸ ਬਾਰੇ ਸ੍ਰੀ ਗੁਰੂ

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਅੰਗਦ ਦੇਵ ਜੀ ਨੇ ਫੁਰਮਾਇਆ ਹੈ:

*ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ॥*
*ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ॥* (ਪੰਨਾ ੪੬੯)

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾ ਉਹ ਕਿਸੇ ਦੇ ਅਧੀਨ ਨਹੀਂ, ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤਿ ਦਾ ਪੁਜਾਰੀ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ, ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ। ਇਸ ਬਾਰੇ ਗੁਰਬਾਣੀ ਵਿਚ ਫੁਰਮਾਇਆ ਹੈ:

*ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥*
*ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥* (ਪੰਨਾ ੧੪੨)

ਖਾਲਸਾ ਕਿਸੇ ਪ੍ਰਕਾਰ ਦੇ ਕਰਮ-ਕਾਂਡ, ਵਹਿਮ-ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿੱਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ, ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਮਿਸਾਲ ਪੇਸ਼ ਕੀਤੀ ਹੈ:

*ਜਾਗਤਿ ਜੋਤਿ ਜਪੈ ਨਿਸਿ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਯਾ ਤਪ ਸੰਜਮ ਏਕੁ ਬਿਨਾਂ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈਂ ਤਬ ਖਾਲਸ ਤਾਹਿ ਨਖਾਲਿਸ ਜਾਨੈ॥* (ਤੇਤੀ ਸਵੱਯੇ)
*-ਖਾਲਸਾ ਖਾਸ ਕਹਾਵੈ ਸੋਈ, ਜਾਕੇ ਹਿਰਦੈ ਭਰਮ ਨਾ ਹੋਈ।*
*ਭਰਮ ਭੇਖ ਤੇ ਰਹੈ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ।* (ਸ੍ਰੀ ਗੁਰ ਸੋਭਾ)

੩੦ ਮਾਰਚ, ੧੬੯੯, ਸੰਮਤ ੧੭੫੬ ਦੀ ਵੈਸਾਖੀ ਦੇ ਦਿਹਾੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਇਸੇ ਪਵਿੱਤਰ ਸਥਾਨ 'ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ *ਸਿਰੁ ਧਰਿ ਤਲੀ ਗਲੀ ਮੇਰੀ ਆਉ* ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਨੂੰ ਸੀਸ ਭੇਟ ਕਰਨ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ- ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਸਾਹਿਬ ਚੰਦ ਤੇ ਭਾਈ ਮੁਹਕਮ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ ਪਹਿਨਾਏ। ਖੰਡੇ-ਬਾਟੇ ਦਾ ਅੰਮ੍ਰਿਤ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਇਆ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ 'ਸਿੰਘ' ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ

ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਮੁਹਕਮ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਨਾਸ ਤੇ ਵਰਨ ਨਾਸ ਕਰ ਕੇ ਖਾਲਸੇ ਦਾ ਰੂਪ ਬਖਸ਼ਿਆ। ਫਿਰ ਇਨ੍ਹਾਂ ਤੋਂ ਆਪ ਅੰਮ੍ਰਿਤ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿੱਤਾ। ਭਾਈ ਗੁਰਦਾਸ ਜੀ (ਦੂਜਾ) ਨੇ ਲਿਖਿਆ:

*ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਤੋਂ ਚੱਲੀ ਆ ਰਹੀ ਗੁਰੂ ਚੇਲੇ ਦੀ ਪ੍ਰਥਾ ਦਾ ਅੰਤ ਕਰ ਦਿੱਤਾ। ਉਨ੍ਹਾਂ ਨੇ ਆਪਣੇ ਹੱਥੀਂ ਖਾਲਸਾ ਸਜਾਏ ਪੰਜਾਂ ਸਿੰਘਾਂ ਦੇ ਹੱਥੋਂ ਆਪ ਅੰਮ੍ਰਿਤ-ਪਾਨ ਕੀਤਾ।

ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ-ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁ ਜੀ ਸਾਹਿਬ ਵਿਚ ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇੱਕ ਹੀ ਸਮਝਿਆ ਗਿਆ ਹੈ, ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

*-ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥*
*ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥* *(ਪੰਨਾ ੩)*
*-ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥* *(ਪੰਨਾ ੪੪੪)*

ਇਹ ਪੰਚ ਜਾਂ ਬ੍ਰਹਮਗਿਆਨੀ ਸਿੱਖ ਖਾਲਸੇ ਦੀ ਰਹਿਣੀ-ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ, ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ *ਸਾਬਤ ਸੂਰਤਿ ਦਸਤਾਰ ਸਿਰਾ* ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ- ਕੇਸ, ਕਿਰਪਾਨ, ਕੰਘਾ, ਕਛਿਹਰਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ- ਤਮਾਕੂ, ਕੁੱਠਾ, ਪਰ-ਇਸਤਰੀ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸਾ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜੀਣਾ ਨਹੀਂ, ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ, ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ ਤੇ ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੂੰ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਦੇਣਾ ਚਾਹੀਦਾ ਹੈ। ਖਾਲਸੇ ਲਈ ਇਹ ਸ਼ਰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖ ਦਿੱਤੀ ਸੀ:

*-ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥* *(ਪੰਨਾ ੧੪੧੨)*

*-ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ॥*
*ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ॥*
*ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥*

*(ਪਾਤਸ਼ਾਹੀ ੧੦)*

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਦਾ ਝਾੜੂ ਲੈ ਕੇ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ, ੧੭੧੦ ਈ. ਨੂੰ ਸਰਹੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਕੇਸਰੀ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ, ਜਿਨ੍ਹਾਂ ਨੇ ਬਦੇਸ਼ੀ ਜਰਵਾਣਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ, ਜਿਨ੍ਹਾਂ ਤੋਂ ਖੂੰਖਾਰ ਪਠਾਣ ਵੀ ਭੈ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ ਰੋਣ ਤੋਂ ਚੁੱਪ ਕਰਾਉਣ ਲਈ 'ਹਰੀਆ ਰਾਗਲੇ' ਕਹਿ ਕੇ ਡਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ, ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ 'ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ 'ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ-ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ ਤੇ ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਹਦੇ ਵਿਚ ਕੋਈ ਅਤਿਕਥਨੀ ਨਹੀਂ ਹੈ। ਇਹ ਮੈਂ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਾਖੀ ਰੱਖ ਕੇ ਕਹਿ ਰਹਿ ਹਾਂ:

*ਖਾਲਸਾ ਮੇਰੋ ਰੂਪ ਹੈ ਖਾਸ। ਖ਼ਾਲਸੇ ਮਹਿ ਹੌ ਕਰੌ ਨਿਵਾਸ।*
*ਖ਼ਾਲਸਾ ਮੇਰੋ ਇਸ਼ਟ ਸੁਹਿਰਦ। ਖ਼ਾਲਸਾ ਮੇਰੋ ਕਹੀਅਤਿ ਬਿਰਦ।*
*ਖ਼ਾਲਸਾ ਮੇਰੋ ਪਿੰਡ ਪਰਾਨ। ਖ਼ਾਲਸਾ ਮੇਰੀ ਜਾਨ ਕੀ ਜਾਨ।*
*ਖ਼ਾਲਸਾ ਮੇਰੋ ਸਤਿਗੁਰ ਪੂਰਾ। ਖ਼ਾਲਸਾ ਮੇਰੋ ਸਜਨ ਸੂਰਾ।*
*ਸੇਸ ਰਸਨ ਸਾਰਦ ਸੀ ਬੁਧ। ਤਦਪ ਨ ਉਪਮਾ ਬਰਨਤ ਸੁਧ।*
*ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ॥*

*(ਸਰਬਲੋਹ ਗ੍ਰੰਥ)*

ਖਾਲਸਾ ਗੁਰੂ ਦਾ ਪੈਰੋਕਾਰ ਹੀ ਨਹੀਂ, ਸਗੋਂ ਗੁਰੂ-ਘਰ ਦਾ ਅਸਲੀ ਵਾਰਿਸ ਵੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਨਾਲ ਜੰਗ-ਯੁੱਧ ਕਰਨ ਲਈ ਜਾਂ ਕਿਸੇ ਵਿਸ਼ੇਸ਼ ਧਰਮ ਦੀ ਰਾਖੀ ਲਈ ਖਾਲਸਾ ਫੌਜ ਤਿਆਰ ਨਹੀਂ ਸੀ ਕੀਤੀ। ਇਹ ਮਨੁੱਖੀ ਵਿਕਾਸ ਦਾ ਸਿਖਰ ਸੀ। ਗੁਰੂ ਸਾਹਿਬ ਦੇ ਮਨ ਵਿਚ ਖਾਲਸਾ ਦਾ ਦਰਜਾ ਬਹੁਤ ਉੱਚਾ ਸੀ। ਇਸ ਦੇ ਉਦੇਸ਼ ਬਾਰੇ ਗੁਰੂ ਸਾਹਿਬ ਨੇ ਫੁਰਮਾਇਆ ਹੈ:

*ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨ ਮੰ॥*
*ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥*

*(ਬਚਿਤ੍ਰ ਨਾਟਕ)*

ਆਮ ਤੌਰ 'ਤੇ ਸਿੱਖ ਗੁਰੂ ਦੀ ਕਿਰਪਾ ਦਾ ਪਾਤਰ ਹੁੰਦਾ ਹੈ ਪਰ ਗੁਰੂ ਸਾਹਿਬ ਨੇ ਆਪਣੇ ਆਪ ਉੱਤੇ ਖਾਲਸੇ ਦੀ ਕਿਰਪਾ ਦਾ ਸ਼ੁਕਰਾਨਾ ਕੀਤਾ ਹੈ। ਜਿਵੇਂ ਸਿੱਖ ਗੁਰੂ ਨੂੰ ਆਪਣਾ ਤਨ-ਮਨ-ਧਨ ਸੌਂਪ ਦਿੰਦਾ ਹੈ, ਇਸ ਤਰ੍ਹਾਂ ਗੁਰੂ ਜੀ ਨੇ ਆਪਣਾ ਸਭ ਕੁਝ ਖਾਲਸੇ ਨੂੰ ਅਰਪਨ ਕੀਤਾ ਹੈ। ਇਸ ਤੋਂ ਵੱਧ ਖਾਲਸੇ ਦੀ ਹੋਰ ਕੀ ਵਡਿਆਈ ਹੋ ਸਕਦੀ ਹੈ:

*-ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥*
*ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥ (ਦਸਮ ਗ੍ਰੰਥ)*
*-ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥*
*ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥*
*ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥*

*(ਗਿਆਨ ਪ੍ਰਬੋਧ)*

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ, ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ:

*ਖਾਲਸਾ ਅਕਾਲ ਪੁਰਖ ਕੀ ਫੌਜ। ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।*
*ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ।*

*(ਸਰਬਲੋਹ ਗ੍ਰੰਥ)*

*ਪਾਂਚ ਕੀ ਕੁਸੰਗਤ ਤਜਿ ਸੰਗਤਿ ਸੋ ਪ੍ਰੀਤਿ ਕਰੇ।*

*ਦਯਾ ਔ ਧਰਮ ਧਾਰਿ ਤਿਆਗੇ ਸਭ ਲਾਲਸਾ।*
*ਹੁਕਾ ਨਾ ਪੀਵੈ ਸੀਸ ਦਾੜੀ ਨਾ ਮੁਡਾਵੈ।*
*ਸੋ ਤੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ ਕਾ ਖਾਲਸਾ।* *(ਸ੍ਰੀ ਗੁਰ ਸੋਭਾ)*

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਂਆਂ ਲੜਾਈਆਂ ਵਿਚ ਘੱਟ-ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫ਼ਤਿਹ ਪ੍ਰਾਪਤ ਕੀਤੀ। ਇਸ ਤਰ੍ਹਾਂ ਉਲਟ ਹਾਲਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ।

ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤ ਸਾਹਿਬਾਨ ਦੀ ਬਾਣੀ, ਗੁਰੂ ਸਾਹਿਬਾਨ ਦੇ ਉੱਚੇ-ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ, ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ, ਤ੍ਰੈ-ਕਾਲੀ ਦ੍ਰਿਸ਼ਟੀ ਅਤੇ ਬੇ-ਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ 'ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹੋਏ ਹਨ। ਕਿਸੇ ਵੀ ਵਕਤੀ ਜਥੇਬੰਦੀ ਨੂੰ ਕਾਇਮ ਕਰਨ ਲਈ ਏਡਾ ਲੰਮਾ ਚੌੜਾ ਪਿਛੋਕੜ, ਇਤਿਹਾਸ ਅਤੇ ਪਰੰਪਰਾਵਾਂ ਕਾਇਮ ਕਰਨ ਦੀ ਲੋੜ ਨਹੀਂ ਹੁੰਦੀ। ਖਾਲਸਾ ਮਨੁੱਖਤਾ ਦੀ ਸਰਬ ਸਮੇਂ ਲਈ ਅਤੇ ਸਰਬ ਸਥਾਨ ਲਈ ਕੀਮਤੀ ਵਿਰਾਸਤ ਹੈ। ਮਨੁੱਖ ਦੀਆਂ ਬਣਾਈਆਂ ਜਥੇਬੰਦੀਆਂ ਅਤੇ ਸਭਾ-ਸੁਸਾਇਟੀਆਂ ਵਕਤੀ ਹੋ ਸਕਦੀਆਂ ਹਨ, ਪਰ ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀਂ ਹੋ ਸਕਦਾ; ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ-ਕਾਲ ਲਈ ਹੁੰਦੀ ਹੈ। ਜੋ ਲੋਕ ਇਸ ਨੂੰ ਵਕਤੀ ਜ਼ਰੂਰਤ ਦੀ ਚੀਜ਼ ਦੱਸ ਕੇ ਇਸ ਦੀ ਵੱਖਰੀ ਪਛਾਣ ਨੂੰ ਬੇਲੋੜੀ ਆਖ ਰਹੇ ਹਨ, ਉਨ੍ਹਾਂ ਦੀ ਇਹ ਬਹੁਤ ਵੱਡੀ ਭੁੱਲ ਹੈ। ਉਨ੍ਹਾਂ ਦੀ ਇਹ ਸੋਚ ਅਗਿਆਨਤਾ ਜਾਂ ਈਰਖਾ ਦੀ ਉਪਜ ਹੈ।

ਅੱਜ ਅਸੀਂ ਖਾਲਸਾਈ ਸੱਭਿਆਚਾਰ ਤਿਆਗ ਕੇ ਪਦਾਰਥਵਾਦ ਅਤੇ ਪੱਛਮੀ ਸੱਭਿਆਚਾਰ ਦੀ ਚਕਾਚੌਂਧ ਵਿਚ ਉਲਝ ਕੇ ਰਹਿ ਗਏ ਹਾਂ। ਅੱਜ ਲੋੜ ਹੈ ਪੰਥ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ-ਸੋਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇਕ-ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਕਿਰਦਾਰ ਵਾਲਾ ਬਣਾ ਸਕੀਏ। ■

# ਪਟਨਾ ਸਾਹਿਬ ਦੀ ਸਿੱਖ ਵਿਰਾਸਤ

*-ਡਾ. ਪਰਮਵੀਰ ਸਿੰਘ**

ਪਟਨਾ ਸਾਹਿਬ ਇਕ ਇਤਿਹਾਸਿਕ ਨਗਰ ਹੈ ਜਿਸ ਦਾ ਜ਼ਿਕਰ ਹਿੰਦੂ ਧਰਮ ਅਤੇ ਸਿੱਖ ਧਰਮ ਦੇ ਗ੍ਰੰਥਾਂ ਦੇ ਨਾਲ-ਨਾਲ ਭਾਰਤ ਆਉਣ ਵਾਲੇ ਯਾਤਰੂਆਂ ਦੀਆਂ ਲਿਖਤਾਂ ਵਿਚ ਵੀ ਦੇਖਣ ਨੂੰ ਮਿਲਦਾ ਹੈ। ਇਤਿਹਾਸ ਵਿਚ ਪਾਟਲੀਪੁੱਤਰ ਵਜੋਂ ਪ੍ਰਸਿੱਧ ਇਹ ਨਗਰ ਸ੍ਰੀ ਗੁਰੂ ਗੋਬਿੰਦ ਸਿੰਘ[1] ਜੀ ਦੀ ਰਚਨਾ ਬਚਿਤ੍ਰ ਨਾਟਕ ਵਿਚ 'ਪਟਨਾ ਸਹਰ' ਵੱਜੋਂ ਸਿੱਖ ਮਾਨਸਿਕਤਾ ਵਿਚ ਪਰਪੱਕ ਹੋਇਆ ਹੈ। ਮੌਜੂਦਾ ਸਮੇਂ ਵਿਚ ਇਸ ਇਤਿਹਾਸਿਕ ਨਗਰੀ ਨੂੰ ਪਟਨਾ ਸਾਹਿਬ ਵਜੋਂ ਜਾਣਿਆ ਜਾਂਦਾ ਹੈ।

ਭਾਰਤ ਦੀ ਇਹ ਪੁਰਾਤਨ ਨਗਰੀ ਰਾਜਨੀਤੀ ਅਤੇ ਧਰਮਾਂ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਅਸ਼ੋਕ, ਵਿਕਰਮਾਦਿੱਤਿਆ ਆਦਿ ਪ੍ਰਸਿੱਧ ਰਾਜਿਆਂ ਦੇ ਨਾਲ-ਨਾਲ ਇਹ ਨਗਰ ਜਿੱਥੇ ਚਾਣਕਿਆ ਅਤੇ ਪਣਨੀ ਦੀ ਪ੍ਰਤਿਭਾ ਦਾ ਪ੍ਰਗਟਾਵਾ ਕਰਦਾ ਹੈ, ਉੱਥੇ ਇਸ ਦਾ ਸੰਬੰਧ ਜੈਨ ਧਰਮ ਦੀ ਮਹਾਂਸਭਾ ਨਾਲ ਵੀ ਜੋੜਿਆ ਜਾਂਦਾ ਹੈ। ਜੈਨ ਧਰਮ ਦੀ ਇਕ ਮਹਾਂਸਭਾ ਮਹਾਂਵੀਰ ਜੀ ਦੇ ੧੬੦ ਸਾਲ ਬਾਅਦ ਪਾਟਲੀਪੁੱਤਰ (ਪਟਨਾ) ਵਿਖੇ ਹੋਈ ਮੰਨੀ ਜਾਂਦੀ ਹੈ ਜਿਸ ਵਿਚ ਜੈਨ ਧਰਮ ਗ੍ਰੰਥ ਨਾਲ ਸੰਬੰਧਿਤ ਆਗਮਾਂ ਨੂੰ ਯੋਜਨਾਬੱਧ ਰੂਪ ਵਿਚ ਪੇਸ਼ ਕੀਤਾ ਗਿਆ ਸੀ। ਇਸੇ ਤਰ੍ਹਾਂ ਬੁੱਧ ਧਰਮ ਦੀ ਤੀਜੀ ਮਹਾਂਸਭਾ ਵੀ ਇਸੇ ਨਗਰ ਵਿਖੇ ਹੋਈ ਮੰਨੀ ਜਾਂਦੀ ਹੈ ਜਿਸ ਵਿਚ ਬੁੱਧ ਧਰਮ ਦੇ ਤ੍ਰਿਪਿਟਿਕ ਗ੍ਰੰਥਾਂ ਦਾ ਵਿਸਤ੍ਰਿਤ ਅਧਿਐਨ ਕੀਤਾ ਗਿਆ ਸੀ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਇਸ ਨਗਰ ਦਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ। ਜਨਮਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਪੂਰਬ ਦੀ ਉਦਾਸੀ ਸਮੇਂ ਗੁਰੂ ਜੀ ਇਸ ਨਗਰ ਵਿਖੇ ਆਏ ਸਨ। ਭਾਈ ਬਾਲੇ ਵਾਲੀ ਜਨਮਸਾਖੀ ਦੱਸਦੀ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਭਾਈ ਮਰਦਾਨਾ ਜੀ ਪੂਰਬ ਦੀ ਪ੍ਰਚਾਰ ਯਾਤਰਾ 'ਤੇ ਜਾ ਰਹੇ ਸਨ ਤਾਂ ਰਾਹ ਵਿਚ ਭਾਈ ਮਰਦਾਨਾ ਜੀ ਨੂੰ ਬਹੁਤ ਭੁੱਖ ਲੱਗੀ। ਗੁਰੂ ਜੀ ਨੇ ਕਿਹਾ ਕਿ ਅੱਗੇ ਇਕ ਸ਼ਹਿਰ ਆ ਰਿਹਾ ਹੈ ਅਤੇ ਤੂੰ ਉੱਥੋਂ ਕੁਝ ਲੈ ਕੇ ਆਪਣੀ ਭੁੱਖ ਮਿਟਾ ਲਈਂ। ਭਾਈ ਮਰਦਾਨਾ ਜੀ ਕਹਿਣ ਲੱਗੇ ਕਿ ਮੇਰੇ ਕੋਲ ਕੁਝ ਨਹੀਂ ਹੈ ਅਤੇ ਬਗ਼ੈਰ ਕੁਝ ਲਏ ਸ਼ਹਿਰ ਵਿਚ ਕੋਈ ਕੁਝ ਨਹੀਂ ਦਿੰਦਾ। ਜਨਮਸਾਖੀ ਦੱਸਦੀ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਮਰਦਾਨਾ ਜੀ ਨੂੰ ਇਕ ਲਾਲ ਦੇ ਕੇ ਕਿਹਾ ਕਿ ਕਿਸੇ ਜਵਾਹਰੀ ਨੂੰ ਲੱਭ ਕੇ ਇਹ ਲਾਲ ਵੇਚ ਲਿਆਉ। ਲਾਲ ਵੇਚਣ ਲਈ ਭਾਈ ਮਰਦਾਨਾ ਜੀ ਕਈ ਸੁਨਿਆਰਿਆਂ ਕੋਲ ਗਿਆ ਤਾਂ ਇਕ ਸੁਨਿਆਰੇ ਨੇ ਉਸ ਦਾ ਮੁੱਲ ਤਿੰਨ ਪੈਸੇ ਲਾਇਆ, ਇਸ ਤਰ੍ਹਾਂ ਹਰ ਇਕ ਸੁਨਿਆਰੇ ਨੇ ਉਸ ਲਾਲ ਦਾ ਵੱਖੋ-ਵੱਖਰਾ ਮੁੱਲ

*ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: +੯੧੯੮੭੨੦-੭੪੩੨੨*

ਪਾਇਆ। ਅਖ਼ੀਰ ਭਾਈ ਮਰਦਾਨਾ ਜੀ ਸਾਲਿਸ ਰਾਇ ਜੌਹਰੀ ਕੋਲ ਗਏ ਤਾਂ ਉਸ ਨੇ ੧੦੦ ਰੁਪਏ ਉਸ ਲਾਲ ਦੀ ਦਰਸ਼ਨੀ ਭੇਟਾ ਦਿੱਤੀ। ਭਾਈ ਮਰਦਾਨਾ ਜੀ ਨੇ ਉਹ ਲਾਲ ਜੌਹਰੀ ਨੂੰ ਦੇਣਾ ਚਾਹਿਆ ਪਰ ਉਸ ਨੇ ਲੈਣ ਤੋਂ ਮਨਾ ਕਰ ਦਿੱਤਾ। ਭਾਈ ਮਰਦਾਨਾ ਜੀ ਨੇ ਗੁਰੂ ਜੀ ਨੂੰ ਵਾਪਸ ਆ ਕੇ ਦੱਸਿਆ ਕਿ ਜੌਹਰੀ ਨੇ ਪੈਸੇ ਦਿੱਤੇ ਹਨ ਪਰ ਲਾਲ ਨਹੀਂ ਲਿਆ। ਗੁਰੂ ਜੀ ਦੇ ਕਹਿਣ 'ਤੇ ਭਾਈ ਮਰਦਾਨਾ ਜੀ ਵਾਪਸ ਜਾ ਕੇ ਉਸ ਦੇ ਰੁਪਏ ਮੋੜ ਆਏ। ਸਾਲਿਸ ਰਾਇ ਜੌਹਰੀ ਨੂੰ ਲੱਗਿਆ ਕਿ ਇਹ ਕੋਈ ਆਮ ਵਿਅਕਤੀ ਨਹੀਂ ਹੈ ਅਤੇ ਉਸ ਨੇ ਆਪਣੇ ਸੇਵਕ ਅਧਰਕੇ ਨੂੰ ਉਸ ਦੇ ਪਿੱਛੇ ਜਾਣ ਲਈ ਕਿਹਾ। ਭਾਈ ਮਰਦਾਨਾ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੋਲ ਵਾਪਸ ਪੁੱਜੇ ਤਾਂ ਕੁਝ ਸਮੇਂ ਪਿੱਛੋਂ ਸਾਲਿਸ ਰਾਇ ਜੌਹਰੀ ਵੀ ਕੁਝ ਪਕਵਾਨ ਅਤੇ ਮਿਠਿਆਈਆਂ ਲੈ ਕੇ ਉੱਥੇ ਆ ਗਿਆ। ਗੁਰੂ ਜੀ ਨੇ ਸਾਲਿਸ ਰਾਇ ਨੂੰ ਜੀਵਨ ਦੀ ਅਮੋਲਕਤਾ ਪਛਾਣਨ ਅਤੇ ਇਸ ਨੂੰ ਪ੍ਰਭੂ ਨਾਲ ਜੋੜਨ ਦੀ ਪ੍ਰੇਰਨਾ ਕੀਤੀ। ਗੁਰੂ ਜੀ ਨੇ ਸਮਝਾਇਆ ਕਿ ਜੀਵਨ ਇਕ ਅਮੋਲਕ ਰਤਨ ਦੀ ਤਰ੍ਹਾਂ ਹੈ ਪਰ ਵਿਸ਼ੇ-ਵਿਕਾਰਾਂ ਵਿਚ ਫਸਿਆ ਹੋਇਆ ਮਨੁੱਖ ਇਸ ਦੀ ਕਦਰ ਨਹੀਂ ਕਰਦਾ। ਗੁਰੂ ਜੀ ਦੇ ਬਚਨਾਂ ਤੋਂ ਪ੍ਰਭਾਵਿਤ ਹੋ ਕੇ ਸਾਲਿਸ ਰਾਇ ਉਨ੍ਹਾਂ ਦਾ ਸ਼ਰਧਾਲੂ ਹੋ ਗਿਆ ਸੀ। ਸਾਖੀਕਾਰ ਦੱਸਦਾ ਹੈ ਕਿ ਜਦੋਂ ਸਾਲਿਸ ਰਾਇ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਚਰਨਾਂ 'ਤੇ ਮੱਥਾ ਟੇਕਿਆ ਅਤੇ ਆਪਣੇ ਘਰ ਲਿਜਾ ਕੇ ਤਿੰਨ ਮਹੀਨੇ ਉਸ ਨੇ ਗੁਰੂ ਜੀ ਦੀ ਸੇਵਾ ਕੀਤੀ ਸੀ। ਸਾਲਿਸ ਰਾਇ ਦਾ ਸੇਵਕ ਅਧਰਕਾ ਵੀ ਗੁਰੂ ਜੀ ਦਾ ਸ਼ਰਧਾਲੂ ਬਣ ਕੇ ਉਨ੍ਹਾਂ ਦੀ ਸੇਵਾ ਅਤੇ ਪਰਮਾਤਮਾ ਦਾ ਸਿਮਰਨ ਕਰਨ ਲੱਗਾ ਸੀ। ਜਦੋਂ ਗੁਰੂ ਜੀ ਉਥੋਂ ਅੱਗੇ ਜਾਣ ਲੱਗੇ ਤਾਂ ਉਨ੍ਹਾਂ ਸਾਲਿਸ ਰਾਇ ਨੂੰ ਕਿਹਾ "ਸੁਣਿ ਸਾਲਸਿ ਰਾਇ ਜਿਚਰੁ ਤੂੰ ਜੀਵੈ ਤਿਚਰ ਤੇਰੀ ਮੰਜੀ ਅਤੇ ਜਾਂ ਤੇਰੀ ਦੇਹ ਛੁਟੇ ਤਾਂ ਅਧਰਕਾ ਬਹੈ।"[੨] ਏਸੇ ਤਰ੍ਹਾਂ ਦੀ ਟਿੱਪਣੀ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਵੀ ਮਿਲਦੀ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਗੁਰੂ ਜੀ ਨੇ "ਅਧਰਕੇ ਗੁਲਾਮ ਨੂੰ ਅਤੇ ਸਾਲਸ ਰਾਇ ਨੂੰ ਬਿਸੰਭਰਪੁਰ ਵਿਚ ਸਿੱਖ ਕੀਤਾ ਅਰ ਦੋਹਾਂ ਨੂੰ ਮੰਜੀ ਬਹਾਇਆ ਅਤੇ ਆਖਿਆ, ਸੁਣ ਸਾਲਿਸ ਰਾਇ ਜਿਤਨਾ ਚਿਰ ਤੂੰ ਜੀਵੇਂ ਤਿਤਨਾ ਚਿਰ ਤੇਰੀ ਮੰਜੀ ਅਤੇ ਜਦ ਤੇਰੀ ਦੇਹ ਛੁਟੇਗੀ ਤਾਂ ਅਧਰਕਾ ਗੁਲਾਮ ਬਹੇਗਾ।"[੩] ਸਾਲਿਸ ਰਾਇ ਜੌਹਰੀ ਨੂੰ ਗੁਰ-ਸ਼ਬਦ ਦੇ ਪ੍ਰਚਾਰ ਕਰਨ ਦਾ ਥਾਪੜਾ ਦੇ ਕੇ ਗੁਰੂ ਜੀ ਅੱਗੇ ਚਲੇ ਗਏ ਸਨ। ਗੁਰੂ ਜੀ ਦੇ ਉੱਥੋਂ ਚਲੇ ਜਾਣ ਉਪਰੰਤ ਅਧਰਕਾ ਅਤੇ ਸਾਲਿਸ ਰਾਇ ਜੌਹਰੀ ਦਾ ਪਰਵਾਰ ਗੁਰੂ ਜੀ ਦੁਆਰਾ ਦਰਸਾਏ ਮਾਰਗ 'ਤੇ ਚੱਲ ਕੇ ਲੋਕਾਂ ਦੀ ਸੇਵਾ ਕਰਦਾ ਰਿਹਾ। ਸਾਲਿਸ ਰਾਇ ਜੌਹਰੀ ਦਾ ਘਰ ਧਰਮਸ਼ਾਲਾ ਦਾ ਰੂਪ ਧਾਰਨ ਕਰ ਗਿਆ ਅਤੇ ਪਟਨਾ ਆਉਣ ਵਾਲੀ ਸੰਗਤ ਇੱਥੇ ਨਿਵਾਸ ਕਰਨ ਲੱਗੀ ਸੀ ਜਿਸ ਨਾਲ ਪਟਨਾ ਸਾਹਿਬ ਵਿਖੇ ਸਿੱਖੀ ਦਾ ਬੂਟਾ ਵਿਕਾਸ ਕਰਨ ਲੱਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪਟਨਾ ਸਾਹਿਬ ਵਿਖੇ ਸਥਾਪਿਤ ਹੋਈ ਸਿੱਖ ਸੰਗਤ ਗੁਰੂ-ਘਰ ਨਾਲ ਜੁੜਨ ਲੱਗੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਮੰਜੀ ਪ੍ਰਥਾ ਰਾਹੀਂ ਇਸ ਨੂੰ ਹੋਰ ਵਧੇਰੇ ਸੰਗਠਿਤ ਰੂਪ ਪ੍ਰਦਾਨ ਕੀਤਾ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਕ

ਹੁਕਮਨਾਮਾ ਪਟਨੇ ਦੀ ਸੰਗਤ ਦੇ ਨਾਮ ਹੈ ਜਿਸ ਵਿਚ ਗੁਰੂ ਜੀ ਸਮੁੱਚੀ ਸੰਗਤ ਨੂੰ ਆਪਣਾ ਪੁੱਤਰ ਦੱਸਦੇ ਹੋਏ ਗੁਰੂ ਗੁਰੂ ਜਪਣ, ਸਤਿਸੰਗਤ ਕਰਨ ਅਤੇ ਤਾਮਸਿਕ ਭੋਜਨ ਤੋਂ ਦੂਰ ਰਹਿਣ ਦੀ ਸਿੱਖਿਆ ਦਿੰਦੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਪਟਨਾ ਸਾਹਿਬ ਦੀ ਸੰਗਤ ਦੇ ਮੁਖੀ ਸਿੱਖਾਂ ਦਾ ਵਰਣਨ ਭਾਈ ਗੁਰਦਾਸ ਜੀ ਕਰਦੇ ਹਨ। ਸਿੱਖਾਂ ਦੀ ਭਗਤਮਾਲਾ ਸਿਰਲੇਖ ਅਧੀਨ ਪੁਸਤਕ ਵਿਚ ਇਨ੍ਹਾਂ ਗੁਰਸਿੱਖਾਂ ਦੇ ਗੁਰੂ ਦਰਸ਼ਨਾਂ ਨੂੰ ਆਉਣ ਅਤੇ ਆਪਣੇ ਸ਼ੰਕਿਆਂ ਦਾ ਨਵਿਰਤੀ ਦਾ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ਜਦੋਂ ਭਾਈ ਨਵਲਾ ਤੇ ਭਾਈ ਨਿਹਾਲਾ ਨੇ ਗੁਰੂ ਜੀ ਤੋਂ ਅਜਿਹੇ ਕੰਮਾਂ ਬਾਰੇ ਪੁੱਛਿਆ ਜਿਹੜੇ ਦੁਨਿਆਦਾਰੀ ਤੋਂ ਮੁਕਤ ਕਰਦੇ ਹਨ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਨਾਮ ਜਪਣ, ਸੰਤਾਂ ਦੀ ਸੇਵਾ ਕਰਨ ਅਤੇ ਮਨ ਨੀਵਾਂ ਰੱਖਣ ਦੀ ਪ੍ਰੇਰਨਾ ਕੀਤੀ ਸੀ।[੪]

ਸ੍ਰੀ ਗੁਰੂ ਤੇਗ ਬਹਾਦਰ ਜੀ ਪੂਰਬ ਦੀ ਯਾਤਰਾ 'ਤੇ ਗਏ ਤਾਂ ਆਪਣੇ ਪਰਵਾਰ ਸਮੇਤ ਉਨ੍ਹਾਂ ਨੇ ਪਟਨਾ ਸਾਹਿਬ ਵਿਖੇ ਪੜਾਅ ਕੀਤਾ ਸੀ। ਗੁਰੂ ਜੀ ਦੀ ਆਮਦ ਨਾਲ ਸੰਬੰਧਿਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਬਾਹਰੀ ਕੰਧ 'ਤੇ ਵੱਡੇ ਅੱਖਰਾਂ ਵਿਚ ਲਿਖਿਆ ਹੋਇਆ ਹੈ, "ੴ ਪ੍ਰਥਮ ਦਰਸਨੀ ਡਿਉਢੀ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਸੰਮਤ ੧੭੨੨ ਨੂੰ ਪ੍ਰਵਾਰ ਸਹਿਤ ਇਸ ਰਸਤੇ ਪ੍ਰਵੇਸ ਕੀਤਾ।" ਇਤਿਹਾਸ ਦੀ ਇਹ ਘਟਨਾ ਕੇਵਲ ਕੰਧ ਉੱਤੇ ਹੀ ਨਹੀਂ ਉਕਰੀ ਹੋਈ ਬਲਕਿ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਆਉਣ ਵਾਲੇ ਖੋਜਾਰਥੀਆਂ, ਵਿਦਿਆਰਥੀਆਂ, ਪ੍ਰਚਾਰਕਾਂ ਅਤੇ ਸ਼ਰਧਾਲੂਆਂ ਦੇ ਮਨਾਂ ਵਿਚ ਪੱਕੇ ਤੌਰ 'ਤੇ ਸਥਾਪਿਤ ਹੈ। ਪਰਵਾਰ ਨੂੰ ਪਟਨਾ ਸਾਹਿਬ ਵਿਖੇ ਛੱਡ ਕੇ ਗੁਰੂ ਜੀ ਅੱਗੇ ਅਸਾਮ ਦੀ ਯਾਤਰਾ 'ਤੇ ਚਲੇ ਗਏ ਸਨ। ਪਟਨੇ ਤੋਂ ਅੱਗੇ ਜਾਣ ਦਾ ਜ਼ਿਕਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਕ ਹੁਕਮਨਾਮੇ ਵਿਚ ਵੀ ਆਇਆ ਹੈ ਜਿਸ ਵਿਚ ਗੁਰੂ ਜੀ ਕਹਿੰਦੇ ਹਨ 'ਸੰਗਤਿ ਪਟਣੇ ਕੀ ਸੂਬੇ ਕੀ ਗੁਰੂ ਰਖੇਗਾ।... ਅਸੀ ਪਰੈ ਰਾਜੇ ਜੀ ਕੇ ਸਾਥ ਗਏ ਹਾਂ ਕਬੀਲਾ ਹਮੋ ਪਟਣੈ ਮੋ ਛੋਡਾ ਹੈ।'[੫]

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ ਵਿੱਚੋਂ ਗੁਰੂ ਜੀ ਦੇ ਰਾਜਪੂਤਾਂ ਨਾਲ ਸੰਬੰਧਾਂ ਦੀ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ, ਪਟਨਾ ਸਾਹਿਬ ਇਨ੍ਹਾਂ ਸੰਬੰਧਾਂ ਦੀ ਸ਼ਾਹਦੀ ਭਰਦਾ ਹੈ। ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਰਾਜਪੂਤ ਰਾਜੇ ਗੁਰੂ-ਘਰ ਪ੍ਰਤੀ ਸਤਿਕਾਰ ਪ੍ਰਗਟ ਕਰਦੇ ਰਹੇ ਹਨ। ਗੁਰਦੁਆਰਾ ਬੰਗਲਾ ਸਾਹਿਬ ਮਿਰਜ਼ਾ ਰਾਜਾ ਜੈ ਸਿੰਘ ਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪ੍ਰਤੀ ਸਤਿਕਾਰ ਦਾ ਪ੍ਰਤੱਖ ਪ੍ਰਮਾਣ ਹੈ। ਧਾਰਮਿਕ ਤੌਰ 'ਤੇ ਰਾਜਪੂਤ ਰਾਜੇ ਗੁਰੂ-ਘਰ ਪ੍ਰਤੀ ਸ਼ਰਧਾ ਰੱਖਦੇ ਸਨ। ਏਸੇ ਕਰ ਕੇ ਪਟਨਾ ਸਾਹਿਬ ਵਿਖੇ ਜਦੋਂ ਜੈਪੁਰ ਦੇ ਰਾਜਾ ਰਾਮ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਅਸਾਮ ਦੀ ਮੁਹਿੰਮ 'ਤੇ ਨਾਲ ਚੱਲਣ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਉਸ ਦੀ ਬੇਨਤੀ ਪ੍ਰਤੀ ਸਕਾਰਾਤਮਕ ਰੁਖ਼ ਧਾਰਨ ਕੀਤਾ ਸੀ। ਰਾਜਾ ਗੁਰੂ ਜੀ ਨੂੰ ਆਪਣੇ ਨਾਲ ਇਸ ਕਰ ਕੇ ਲਿਜਾਣਾ ਚਾਹੁੰਦਾ ਸੀ ਕਿਉਂਕਿ ਉਸ ਨੇ ਸੁਣ ਰੱਖਿਆ ਸੀ ਕਿ ਅਸਾਮ ਦੀਆਂ ਜਾਦੂਗਰਨੀਆਂ ਜਾਦੂ-ਟੂਣੇ ਕਰ ਕੇ ਕਿਸੇ ਨੂੰ ਵੀ ਆਪਣੇ ਵੱਸ ਵਿਚ

ਕਰ ਲੈਂਦੀਆਂ ਹਨ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਰਾਜੇ ਦੀ ਬੇਨਤੀ ਪ੍ਰਵਾਨ ਕਰ ਲਈ ਤਾਂ ਰਾਜੇ ਨੂੰ ਇਹ ਵਿਸ਼ਵਾਸ ਦ੍ਰਿੜ੍ਹ ਹੋ ਗਿਆ ਸੀ ਕਿ ਹੁਣ ਜਾਦੂਗਰਨੀਆਂ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦੀਆਂ:

*ਰਿਝਾਇ ਗੁਰ ਕੋ ਭਗਤਿ ਸੇ ਬਸਿ ਕੀਨ ਲੀਨਾ ਸੰਗ।*
*ਜਾਦੂ ਨ ਪੋਹੈ ਸੰਗ ਗੁਰ ਕੈ ਜਾਨ ਦੇਸਨ ਰੰਗ।*[੬]

ਇਸ ਘਟਨਾ ਪ੍ਰਤੀ ਹੋਰ ਵਧੇਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ 'ਗੁਰੂ ਕੀਆਂ ਸਾਖੀਆਂ' ਵਿਚ ਦੱਸਿਆ ਗਿਆ ਹੈ ਕਿ, "ਦਿਹਲੀ ਸੇ ਇਸੇ (ਰਾਜਾ ਰਾਮ ਸਿੰਘ) ਆਤੇ ਸਮੇਂ ਏਸ ਕੀ ਮਾਤਾ ਰਾਣੀ ਪੁਸ਼ਪਾ ਦੇਵੀ ਨੇ ਕਹਾ ਥਾ ਕਿ ਬੇਟਾ! ਅਸਾਮੀ ਲੋਕ ਬੜੇ ਜਾਦੂਗਰ ਦੱਸੀਦੇਂ ਹੈਂ, ਤੂੰ ਉਧਰ ਜਾ ਰਿਹਾ ਹੈਂ, ਪਟਨੇ ਸੇ ਗੁਰੂ ਜੀ ਕੋ ਗੈਲ ਲੈ ਲੈਨਾ।"[੭] ਪਟਨਾ ਸਾਹਿਬ ਪਹੁੰਚ ਕੇ ਰਾਜਾ ਰਾਮ ਸਿੰਘ ਨੇ ਗੁਰੂ ਜੀ ਨੂੰ "ਸਹਿਤ ਅਧੀਨਗੀ ਬੇਨਤੀ ਕੀ ਕਿ ਆਪ ਮੇਰੇ ਗੈਲ ਆਈਏ, ਮਾਤਾ ਜੀ ਨੇ ਮੁਝੇ ਆਤੇ ਸਮੇਂ ਕਹਾ ਥਾ। ਸਤਿਗੁਰਾਂ ਇਸ ਕੇ ਸਾਥ ਜਾਨਾ ਮਾਨ ਲੀਆ।"[੮] ਪਟਨਾ ਸਾਹਿਬ ਵਿਖੇ ਰਾਜਾ ਰਾਮ ਸਿੰਘ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਤੀ ਪ੍ਰਗਟ ਕੀਤੀ ਸ਼ਰਧਾ ਅਤੇ ਸਤਿਕਾਰ ਨੂੰ ਜਿਹੜਾ ਫਲ ਲੱਗਿਆ ਸੀ ਉਸ ਨਾਲ ਸਮੁੱਚੇ ਪੂਰਬੀ ਭਾਰਤ ਵਿਚ ਸ਼ਾਂਤੀ ਦੀ ਸਥਾਪਨਾ ਹੋ ਗਈ ਸੀ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਪਟਨਾ ਸਾਹਿਬ ਪੁੱਜੇ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣੇ ਭਾਈ ਅਧਰਕਾ ਦੇ ਪਰਿਵਾਰ ਵਿੱਚੋਂ ਘਨਸ਼ਯਾਮ ਅਤੇ ਗੁਲਾਬਰਾਇ ਉਸ ਇਲਾਕੇ ਦੇ ਪ੍ਰਚਾਰਕ ਸਨ। ਸਤਿਕਾਰ ਸਹਿਤ ਉਹ ਗੁਰੂ ਜੀ ਅਤੇ ਉਨ੍ਹਾਂ ਦੇ ਪਰਵਾਰ ਨੂੰ ਆਪਣੇ ਨਾਲ ਸਾਲਿਸਰਾਏ ਜੌਹਰੀ ਦੀ ਧਰਮਸ਼ਾਲਾ ਵਿਖੇ ਲੈ ਆਏ ਸਨ। ਇੱਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਜਿਸ ਦਾ ਜ਼ਿਕਰ ਕਰਦੇ ਹੋਏ ਬਚਿਤ੍ਰ ਨਾਟਕ ਵਿਚ ਦੱਸਿਆ ਗਿਆ ਹੈ – *ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥*[੯]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਨਗਰ ਵਿਖੇ ਪ੍ਰਕਾਸ਼ ਹੋਣ ਨਾਲ ਇਸ ਦੀ ਮਾਨਤਾ ਅਤੇ ਮਹਾਨਤਾ ਬਹੁਤ ਵੱਧ ਗਈ। ਇਸ ਨਗਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਅਸਥਾਨ 'ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ' ਵਜੋਂ ਪ੍ਰਸਿੱਧ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਮੁੱਢਲਾ ਸਮਾਂ ਇਸ ਨਗਰ ਵਿਖੇ ਬਸਰ ਹੋਇਆ ਸੀ ਜਿਸ ਨਾਲ ਸੰਬੰਧਿਤ ਨਿਸ਼ਾਨੀਆਂ ਇੱਥੇ ਮੌਜੂਦ ਹਨ। ਗੁਰੂ ਸਾਹਿਬਾਨ ਨਾਲ ਸੰਬੰਧਿਤ ਸੰਭਾਲ ਕੇ ਰੱਖੀਆਂ ਹੋਈਆਂ ਨਿਸ਼ਾਨੀਆਂ ਦਾ ਵੇਰਵਾ ਭਾਈ ਕਾਨ੍ਹ ਸਿੰਘ ਨਾਭਾ ਇਸ ਤਰ੍ਹਾਂ ਦਿੰਦੇ ਹਨ – ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਚੰਦਨ ਦੀਆਂ ਖੜਾਵਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਪੰਘੂੜਾ ਸਾਹਿਬ[੧੦], ਦਸਮੇਸ਼ ਜੀ ਦੇ ਚਾਰ ਤੀਰ, ਇਕ ਛੋਟੀ ਤਲਵਾਰ, ਇਕ ਛੋਟਾ ਖੰਡਾ, ਇਕ ਛੋਟਾ ਕਟਾਰ, ਚੰਦਨ ਦਾ ਕੰਘਾ, ਹਾਥੀ ਦੰਦ ਦੀਆਂ ਖੜਾਵਾਂ, ਕਲਗੀਧਰ ਦੁਆਰਾ ਬਾਲ ਅਵਸਥਾ ਵਿਚ ਲਿਖੀ ਗੁਰਮੁਖੀ ਦੀ ਪੈਂਤੀ ਅੱਖਰੀ ਵਾਲੇ ਕਾਗ਼ਜ਼।[੧੧]

ਸਿੱਖਾਂ ਦੀ ਵਿਰਾਸਤ ਦਾ ਅੰਗ ਇਹ ਕੀਮਤੀ ਨਿਸ਼ਾਨੀਆਂ ਪਟਨਾ ਸਾਹਿਬ ਨਾਲ ਸਿੱਖਾਂ

ਦੀ ਸਾਂਝ ਨੂੰ ਪਰਪੱਕ ਕਰਨ ਵਿਚ ਯੋਗਦਾਨ ਪਾਉਂਦੀਆਂ ਹਨ। ਨਿਸ਼ਾਨੀਆਂ ਤੋਂ ਇਲਾਵਾ ਗੁਰੂ ਸਾਹਿਬਾਨ ਦੇ ਚਰਨ ਛੋਹ ਅਸਥਾਨ ਜਿੱਥੇ ਸਿੱਖੀ ਦਾ ਨਿਸ਼ਾਨ ਬੁਲੰਦ ਕਰਦੇ ਹਨ, ਉੱਥੇ ਨਗਰ ਦੀ ਸ਼ੋਭਾ ਵਧਾਉਣ ਅਤੇ ਸਰਬੱਤ ਦੇ ਭਲੇ ਹਿੱਤ ਕਾਰਜ ਕਰਨ ਵਿਚ ਯੋਗਦਾਨ ਪਾਉਂਦੇ ਹਨ। ਗੁਰਦੁਆਰਿਆਂ ਵਿਖੇ ਸੰਭਾਲ ਕੇ ਰੱਖੀਆਂ ਹੋਈਆਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਵਾਰ ਨਾਲ ਸੰਬੰਧਿਤ ਨਿਸ਼ਾਨੀਆਂ ਸੰਗਤਾਂ ਦੀ ਖਿੱਚ ਦਾ ਕੇਂਦਰ ਹਨ। ਗੁਰੂ ਸਾਹਿਬਾਨ ਦੀ ਯਾਦ ਵਿਚ ਸਥਾਪਿਤ ਗੁਰਧਾਮ ਪਟਨਾ ਸਾਹਿਬ ਵਿਖੇ ਸਿੱਖਾਂ ਦੀ ਧਾਰਮਿਕ ਵਿਰਾਸਤ ਦੀ ਯਾਦ ਦਿਵਾਉਂਦੇ ਹਨ। ਇਸ ਨਗਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਦਾਂ ਵਜੋਂ ਗੁਰਦੁਆਰਾ ਗਊ (ਗਾਇ) ਘਾਟ; ਗੁਰਦੁਆਰਾ ਤਖ਼ਤ ਸ੍ਰੀ ਹਰਿਮੰਦਰ ਸਾਹਿਬ; ਗੁਰਦੁਆਰਾ ਬਾਲ ਲੀਲਾ, ਮੈਨੀ ਸੰਗਤ; ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘਾਟ (ਕੰਗਨ ਘਾਟ); ਗੁਰਦੁਆਰਾ ਗੁਰੂ ਕਾ ਬਾਗ; ਗੁਰਦਵਾਰਾ ਸੁਨਾਰ ਟੋਲੀ; ਗੁਰਦੁਆਰਾ ਹਾਂਡੀ ਸਾਹਿਬ, ਦਾਨਾਪੁਰ ਆਦਿ ਪ੍ਰਸਿੱਧ ਹਨ।

**ਗੁਰਦੁਆਰਾ ਗਊ (ਗਾਇ) ਘਾਟ** – ਇਹ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਸ ਅਸਥਾਨ ਨੂੰ ਬਿਸੰਭਰਪੁਰ ਕਿਹਾ ਜਾਂਦਾ ਸੀ। ਸਥਾਨਕ ਪਰੰਪਰਾ ਦੱਸਦੀ ਹੈ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਅਸਥਾਨ ’ਤੇ ਆਏ ਸਨ ਤਾਂ ਵਡੇਰੀ ਉਮਰ ਦਾ ਇਕ ਧਰਮਾਤਮਾ ਪੁਰਖ ਭਗਤ ਜੈਤ ਮੱਲ ਇੱਥੇ ਨਿਵਾਸ ਕਰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਕੇ ਉਨ੍ਹਾਂ ਨੂੰ ਅਨੰਦ ਪ੍ਰਾਪਤ ਹੋਇਆ ਅਤੇ ਉਹ ਗੁਰੂ ਜੀ ਦਾ ਸ਼ਰਧਾਲੂ ਹੋ ਗਿਆ ਸੀ। ਸਥਾਨਕ ਪਰੰਪਰਾ ਦੱਸਦੀ ਹੈ ਕਿ ਇਸ ਅਸਥਾਨ ਨਾਲ ਇਹ ਕੌਤਕ ਜੁੜਿਆ ਹੋਇਆ ਹੈ ਕਿ ਇਕ ਗਾਂ ਭਗਤ ਜੈਤ ਮੱਲ ਨੂੰ ਇਸ਼ਨਾਨ ਕਰਾਉਂਦੀ ਸੀ ਜਿਸ ਤੋਂ ਇਸ ਦਾ ਨਾਂ ਗਾਇ (ਗਊ) ਘਾਟ ਪ੍ਰਸਿੱਧ ਹੋਇਆ ਹੈ। ਇਸ ਅਸਥਾਨ ਦਾ ਨਾਂ ਗਊ ਘਾਟ ਹੋਣ ਦਾ ਕਾਰਨ ਦੱਸਦੇ ਹੋਏ ਪ੍ਰਸਿੱਧ ਇਤਿਹਾਸਕਾਰ ਫੌਜਾ ਸਿੰਘ ਕਹਿੰਦੇ ਹਨ ਕਿ, “ਇਸ ਥਾਂ ਭਗਤ ਜੈਤਾ ਮਲ ਗੰਗਾ ਦੇ ਪਾਣੀ ਨਾਲ ਹਰ ਰੋਜ਼ ਸਵੇਰੇ ਇਸ਼ਨਾਨ ਕਰਿਆ ਕਰਦੇ ਸਨ। ਆਮ ਤੌਰ ’ਤੇ ਜਿਸ ਥਾਂ ’ਤੇ ਗੰਗਾ ਦੇ ਕਿਨਾਰੇ ਪਸ਼ੂਆਂ ਆਦਿ ਨੂੰ ਪਾਣੀ ਪਿਆਇਆ ਜਾਂਦਾ ਹੈ ਉਸ ਨੂੰ ਗਊ ਘਾਟ ਕਿਹਾ ਜਾਂਦਾ ਹੈ।”[੧੨] ਪੂਰਬ ਦੀ ਯਾਤਰਾ ਸਮੇਂ ਗੁਰੂ ਤੇਗ਼ ਬਹਾਦਰ ਜੀ ਵੀ ਇਸ ਅਸਥਾਨ ‘ਤੇ ਆਏ ਸਨ ਅਤੇ ਸਾਲਿਸ ਰਾਇ ਜੌਹਰੀ, ਸਥਾਨਕ ਸੰਗਤ ਸਮੇਤ, ਗੁਰੂ ਜੀ ਨੂੰ ਬੇਨਤੀ ਕਰ ਕੇ ਆਪਣੇ ਘਰ ਲੈ ਗਿਆ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਛੋਹ ਪ੍ਰਾਪਤ ਲੱਕੜੀ ਦੇ ਦੋ ਥੰਮ ਇੱਥੇ ਮੌਜੂਦ ਹਨ ਜਿਨ੍ਹਾਂ ਦੇ ਸੰਗਤ ਦਰਸ਼ਨ ਕਰਦੀ ਹੈ।

ਇਸ ਗੁਰਦੁਆਰਾ ਸਾਹਿਬ ਦੇ ਇਕ ਪਾਸੇ ਇਕ ਛੋਟੀ ਜਿਹੀ ਬਾਰੀ ਹੈ। ਕਿਹਾ ਜਾਂਦਾ ਹੈ ਕਿ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਆਏ ਸਨ ਤਾਂ ਭਗਤ ਜੈਤ ਮੱਲ ਜੀ ਨੇ ਆਪਣੇ ਘਰ ਦੇ ਸਾਰੇ ਬੂਹੇ ਬੰਦ ਕੀਤੇ ਹੋਏ ਸਨ। ਬਹੁਤ ਜ਼ੋਰ ਦੇਣ ’ਤੇ ਵੀ ਜਦੋਂ ਭਗਤ ਜੀ ਨੇ ਬੂਹਾ ਨਾ ਖੋਲਿਆ ਤਾਂ ਗੁਰੂ ਜੀ ਉਸ ਬਾਰੀ ਰਾਹੀਂ ਅੰਦਰ ਪ੍ਰਵੇਸ਼ ਕੀਤੇ ਸਨ। ਇਸ ਅਸਥਾਨ ਵਿਖੇ ਇਕ

ਦਰੱਖ਼ਤ ਵੀ ਮੌਜੂਦ ਹੈ ਜਿਸ ਨੂੰ 'ਕਿੱਲਾ ਸਾਹਿਬ' ਕਿਹਾ ਜਾਂਦਾ ਹੈ। ਇਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇੱਥੇ ਲੱਕੜੀ ਦਾ ਇਕ ਕਿੱਲਾ ਹੁੰਦਾ ਸੀ ਜਿਸ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਘੋੜਾ ਬੰਨਿਆ ਸੀ। ਸਮਾਂ ਪਾ ਕੇ ਇਹ ਕਿੱਲਾ ਹਰਾ ਹੋ ਗਿਆ ਅਤੇ ਹੁਣ ਤਕ ਇਹ ਉੱਥੇ ਮੌਜੂਦ ਹੈ। ਇਸ ਦੇ ਨਾਲ ਹੀ ਇੱਥੇ ਮੌਜੂਦ ਇਕ ਚੱਕੀ ਮਾਤਾ ਗੁਜਰੀ ਜੀ ਦੀ ਦੱਸੀ ਜਾਂਦੀ ਹੈ। ਲੱਕੜ ਦੇ ਮੁੱਠੇ ਵਾਲੀ ਚੱਕੀ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾਂਦੇ ਹਨ।

**ਤਖਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ**- ਪੂਰਬ ਵਿਚ ਸਿੱਖਾਂ ਦਾ ਇਹ ਮਹਾਨ ਕੇਂਦਰ ਪੰਜ ਸਤਿਕਾਰਯੋਗ ਤਖਤ ਸਾਹਿਬਾਨ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਹੈ। ਇੱਥੇ ਹੀ ਗੁਰੂ ਜੀ ਨੇ ਪਰਮਾਤਮਾ ਦਾ ਸੰਦੇਸ਼ ਲੋਕਾਈ ਤਕ ਲਿਜਾਣ ਲਈ ਇਕ ਪ੍ਰਚਾਰ-ਕੇਂਦਰ ਸਥਾਪਿਤ ਕੀਤਾ ਸੀ। ਸਾਲਿਸ ਰਾਇ ਜੌਹਰੀ ਦੇ ਘਰ ਵਿਚ ਸਥਾਪਿਤ ਹੋਈ ਧਰਮਸਾਲ ਸਿੱਖਾਂ ਦੇ ਇਕ ਕੇਂਦਰੀ ਪ੍ਰਚਾਰਕ ਅਸਥਾਨ ਵਜੋਂ ਸਾਹਮਣੇ ਆਈ ਹੈ। ਇਸ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਕਰਨ ਦਾ ਮਾਣ ਵੀ ਪ੍ਰਾਪਤ ਹੋਇਆ ਹੈ। ਸਾਲਿਸ ਰਾਇ ਜੌਹਰੀ ਦੇ ਘਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਧਰਮਸਾਲ ਨੂੰ ਰਾਜਾ ਫ਼ਤਿਹ ਚੰਦ ਮੈਣੀ ਨੇ ਨਵਾਂ ਰੂਪ ਪ੍ਰਦਾਨ ਕੀਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਆਪਣਾ ਪਰਵਾਰ ਛੱਡ ਕੇ ਅਸਾਮ ਦੀ ਯਾਤਰਾ 'ਤੇ ਚਲੇ ਗਏ ਸਨ। ਮਾਤਾ ਗੁਜਰੀ ਜੀ ਆਪਣੇ ਭਰਾ ਕ੍ਰਿਪਾਲ ਚੰਦ ਅਤੇ ਹੋਰਨਾਂ ਮੁਖੀ ਸਿੱਖਾਂ ਨਾਲ ਇਸ ਅਸਥਾਨ 'ਤੇ ਨਿਵਾਸ ਕਰਨ ਲੱਗੇ ਸਨ। ਜਦੋਂ ਮਾਤਾ ਗੁਜਰੀ ਜੀ ਦੀ ਕੁੱਖੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਦਾ ਪ੍ਰਕਾਸ਼ ਹੋਇਆ ਤਾਂ ਇਹ ਅਸਥਾਨ ਹੋਰ ਵਧੇਰੇ ਪ੍ਰਸਿੱਧੀ ਪ੍ਰਾਪਤ ਕਰ ਗਿਆ। ਇਸ ਬੱਚੇ ਦਾ ਨਾਂ ਸ੍ਰੀ (ਗੁਰੂ) ਗੋਬਿੰਦ (ਸਿੰਘ) ਰੱਖਿਆ ਗਿਆ। ਬੱਚੇ ਦੇ ਜਨਮ ਦੀ ਖ਼ੁਸ਼ਬੋ ਆਲੇ-ਦੁਆਲੇ ਦੇ ਇਲਾਕਿਆਂ ਵਿਚ ਬਹੁਤ ਤੇਜ਼ੀ ਨਾਲ ਫ਼ੈਲੀ ਅਤੇ ਦੂਰੋਂ-ਨੇੜਿਉਂ ਸੰਗਤ ਬਾਲਕ ਦੇ ਦਰਸ਼ਨ ਕਰਨ ਆਉਣ ਲੱਗੀ। ਦੂਰ-ਦੁਰਾਡੇ ਇਲਾਕਿਆਂ ਵਿਖੇ ਮੌਜੂਦ ਅਧਿਆਤਮਕ ਪੁਰਖਾਂ ਨੇ ਸ੍ਰੀ (ਗੁਰੂ) ਗੋਬਿੰਦ (ਸਿੰਘ) ਜੀ ਦੇ ਪ੍ਰਕਾਸ਼ ਦੀ ਸੁਗੰਧੀ ਅਨੁਭਵ ਕੀਤੀ ਤਾਂ ਉਨ੍ਹਾਂ ਨੇ ਵੀ ਬੱਚੇ ਦੇ ਦਰਸ਼ਨ ਕਰਨ ਲਈ ਪਟਨਾ ਸਾਹਿਬ ਵੱਲ ਚਾਲੇ ਪਾ ਦਿੱਤੇ ਸਨ। ਇਨ੍ਹਾਂ ਮਹਾਨ ਆਤਮਾਵਾਂ ਵਿੱਚੋਂ ਇਕ ਸੱਯਦ ਭੀਖਣ ਸ਼ਾਹ ਜੀ ਸਨ ਜਿਹੜੇ ਪੰਜਾਬ ਦੇ ਪਟਿਆਲਾ ਜ਼ਿਲੇ ਵਿਚ ਘੜਾਮ ਵਿਖੇ ਨਿਵਾਸ ਕਰਦੇ ਸਨ। ਜਿਸ ਦਿਨ ਸ੍ਰੀ (ਗੁਰੂ) ਗੋਬਿੰਦ (ਸਿੰਘ) ਜੀ ਦਾ ਪ੍ਰਕਾਸ਼ ਹੋਇਆ ਤਾਂ ਉਸ ਸਮੇਂ ਉਹ ਆਪਣੇ ਮੁਰਸ਼ਿਦ ਕੋਲ ਠਸਕੇ-ਮੀਰਾਂਪੁਰ ਨਿਵਾਸ ਕਰ ਰਹੇ ਸਨ। ਉਨ੍ਹਾਂ ਨੇ ਆਪਣੇ ਵਿਸ਼ਵਾਸ ਦੇ ਉਲਟ ਉਸ ਦਿਨ ਆਪਣੀ ਨਮਾਜ਼ ਪੱਛਮ ਦੀ ਬਜਾਏ ਪੂਰਬ ਵੱਲ ਮੂੰਹ ਕਰ ਕੇ ਅਦਾ ਕੀਤੀ ਸੀ। ਸ਼ਰਧਾਲੂਆਂ ਦੇ ਪੁੱਛਣ 'ਤੇ ਉਨ੍ਹਾਂ ਦੱਸਿਆ ਸੀ ਕਿ ਅੱਲਾਹ ਦਾ ਨੂਰ ਪੂਰਬ ਵਿਚ ਪ੍ਰਗਟ ਹੋਇਆ ਹੈ। ਪੀਰ ਜੀ ਆਪਣੇ ਸ਼ਰਧਾਲੂਆਂ ਸਮੇਤ ਘੜਾਮ ਤੋਂ ਪਟਨਾ ਸਾਹਿਬ ਵੱਲ ਸ੍ਰੀ (ਗੁਰੂ) ਗੋਬਿੰਦ (ਸਿੰਘ) ਜੀ ਦੇ ਦਰਸ਼ਨ ਕਰਨ ਲਈ ਚੱਲ ਪਏ ਸਨ।

ਉੱਥੇ ਜਾ ਕੇ ਪੀਰ ਜੀ ਨੇ ਸ੍ਰੀ (ਗੁਰੂ) ਗੋਬਿੰਦ (ਸਿੰਘ) ਜੀ ਦੇ ਆਗਮਨ ਸੰਬੰਧੀ ਇਹ ਭਵਿੱਖ ਬਾਣੀ ਕੀਤੀ ਸੀ ਕਿ ਇਹ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਨਾਲ ਇਹ ਇੱਕੋ ਜਿਹਾ ਪ੍ਰੇਮ ਅਤੇ ਸਤਿਕਾਰ ਪ੍ਰਗਟ ਕਰਨਗੇ।[੧੩]

**ਗੁਰਦੁਆਰਾ ਬਾਲ ਲੀਲਾ, ਮੈਣੀ ਸੰਗਤ** – ਇਹ ਗੁਰਦੁਆਰਾ ਤਖਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਤੋਂ ਕੁਝ ਹੀ ਦੂਰੀ 'ਤੇ ਸਥਿਤ ਹੈ। ਇੱਥੇ ਰਾਜਾ ਫ਼ਤਿਹ ਚੰਦ ਮੈਣੀ ਦਾ ਨਿਵਾਸ ਸੀ। ਉਸ ਦੇ ਘਰ ਕੋਈ ਔਲਾਦ ਨਾ ਹੋਣ ਕਰ ਕੇ ਉਸ ਦੀ ਸੁਪਤਨੀ ਵਿਸੰਭਰਾ ਦੇਵੀ ਉਦਾਸ ਰਹਿੰਦੀ ਸੀ। ਇਕ ਦਿਨ ਖੇਡਦੇ ਹੋਏ ਸ੍ਰੀ (ਗੁਰੂ) ਗੋਬਿੰਦ (ਸਿੰਘ) ਜੀ ਉਸ ਦੇ ਘਰ ਚਲੇ ਗਏ ਅਤੇ ਉਸ ਦੀ ਗੋਦੀ ਵਿਚ ਬੈਠ ਗਏ ਸਨ। ਰਾਣੀ ਬਹੁਤ ਖ਼ੁਸ਼ ਹੋਈ ਅਤੇ ਉਸ ਦਾ ਮਨ ਅਧਿਆਤਮਕ ਅਨੰਦ ਨਾਲ ਤ੍ਰਿਪਤ ਹੋ ਗਿਆ। ਉਸ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਘੁੰਗਣੀਆਂ ਛਕਾਈਆਂ। ਇਸ ਤੋਂ ਬਾਅਦ ਗੁਰੂ ਜੀ ਅਕਸਰ ਰਾਣੀ ਕੋਲ ਖੇਡਣ ਲਈ ਆ ਜਾਂਦੇ ਸਨ ਅਤੇ ਰਾਣੀ ਉਨ੍ਹਾਂ ਦੀ ਸੇਵਾ ਕਰ ਕੇ ਖ਼ੁਸ਼ ਹੁੰਦੀ ਸੀ, ਰਾਣੀ ਦੀ ਹੋਰ ਕੋਈ ਇੱਛਾ ਬਾਕੀ ਨਾ ਰਹੀ। ਇਸ ਅਸਥਾਨ 'ਤੇ ਗੁਰਦੁਆਰਾ ਮੈਣੀ ਸੰਗਤ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਗੁਰੂ ਜੀ ਦੇ ਚਰਨਾਂ ਦਾ ਜੋੜਾ ਅਤੇ ਹੋਰ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਸ ਅਸਥਾਨ ਦੀ ਸੇਵਾ-ਸੰਭਾਲ ਨਿਰਮਲੇ ਸੰਤ ਕਰਦੇ ਹਨ।

**ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਘਾਟ**– ਇਹ ਗੁਰਦੁਆਰਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਕੁਝ ਹੀ ਦੂਰੀ 'ਤੇ ਗੰਗਾ ਦਰਿਆ ਦੇ ਕੰਢੇ 'ਤੇ ਸੁਸ਼ੋਭਿਤ ਹੈ। ਇਕ ਛੋਟੇ ਜਿਹੇ ਕਮਰੇ ਵਿਚ ਸਥਿਤ ਇਹ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੀਆਂ ਘਟਨਾਵਾਂ ਨਾਲ ਸੰਬੰਧਿਤ ਹੈ। ਕਿਹਾ ਜਾਂਦਾ ਹੈ ਕਿ ਇੱਥੇ ਖੇਡਦੇ ਸਮੇਂ ਇਕ ਦਿਨ ਗੁਰੂ ਜੀ ਦਾ ਸੋਨੇ ਦਾ ਕੜਾ ਇਸ ਦਰਿਆ ਵਿਚ ਡਿੱਗ ਪਿਆ ਸੀ। ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਕਿ ਕੜਾ ਕਿੱਥੇ ਡਿੱਗਿਆ ਸੀ ਤਾਂ ਗੁਰੂ ਜੀ ਨੇ ਦੂਜਾ ਕੜਾ ਵੀ ਉਸੇ ਸਥਾਨ 'ਤੇ ਹੀ ਸੁੱਟ ਦਿੱਤਾ ਸੀ। ਇਸ ਘਟਨਾ ਦੀ ਯਾਦ ਵੱਜੋਂ ਇਸ ਗੁਰਦੁਆਰੇ ਨੂੰ ਕੰਗਨ ਘਾਟ ਵੀ ਕਿਹਾ ਜਾਂਦਾ ਹੈ।

**ਗੁਰਦੁਆਰਾ ਗੁਰੂ ਕਾ ਬਾਗ਼**– ਇਹ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ (ਗੁਰੂ) ਗੋਬਿੰਦ (ਸਿੰਘ) ਜੀ ਦੇ ਮਿਲਾਪ ਦੀ ਯਾਦ ਦਿਵਾਉਂਦਾ ਹੈ। ਕਿਹਾ ਜਾਂਦਾ ਹੈ ਕਿ ਪਟਨੇ ਦੇ ਰਹੀਮ ਬਖ਼ਸ਼ ਅਤੇ ਕਰੀਮ ਬਖ਼ਸ਼ ਦਾ ਇਹ ਬਾਗ਼ ਸੀ। ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ "ਇਹ ਪਟਨੇ ਦੀ ਕਬਰਿਸਤਾਨ ਪਾਸ ਕਾਜ਼ੀਆਂ ਦਾ ਬਾਗ਼ ਸੀ, ਜਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਟਨੇ ਆਏ ਤਾਂ ਕਾਜ਼ੀ ਨੇ ਇਹ ਭੇਟ ਕੀਤਾ।"[੧੪] ਬਾਢ ਗਾਂਵ, ਮੁੰਗੇਰ, ਕੰਤ ਨਗਰ, ਭਾਗਲਪੁਰ, ਸਾਹਿਬ ਗੰਜ, ਰਾਜ ਮਹਿਲ, ਮਾਲਦਾ, ਮੁਰਸ਼ਦਾਬਾਦ, ਢਾਕਾ, ਧੂਬੜੀ ਆਦਿ ਸਥਾਨਾਂ ਦੀ ਪ੍ਰਚਾਰ ਉਪਰੰਤ ਜਦੋਂ ਲੱਗਭਗ ਚਾਰ ਸਾਲ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਵਾਪਸ ਪਟਨਾ ਪਹੁੰਚੇ ਸਨ ਤਾਂ ਉਨ੍ਹਾਂ ਨੇ ਇਸ ਬਾਗ਼ ਵਿਖੇ ਡੇਰਾ ਲਾਇਆ ਸੀ। ਜਦੋਂ ਗੁਰੂ ਜੀ ਇਸ ਬਾਗ਼ ਵਿਖੇ ਪਹੁੰਚੇ ਸਨ ਤਾਂ ਪਟਨਾ ਸਾਹਿਬ ਦੀ ਸੰਗਤ ਉਨ੍ਹਾਂ ਦੇ ਸਤਿਕਾਰ ਲਈ ਇੱਥੇ ਪਹੁੰਚੀ ਸੀ ਜਿਸ ਵਿਚ ਗੁਰੂ ਜੀ ਦੀ ਮਾਤਾ ਨਾਨਕੀ ਜੀ, ਮਹਿਲ ਮਾਤਾ ਗੁਜਰੀ ਜੀ ਅਤੇ

ਸਾਹਿਬਜ਼ਾਦਾ ਗੋਬਿੰਦ ਰਾਇ ਜੀ ਵੀ ਮੌਜੂਦ ਸਨ। ਇਸ ਬਾਗ਼ ਵਿਚ ਗੁਰੂ ਜੀ ਆਪਣੇ ਸਾਹਿਬਜ਼ਾਦੇ (ਗੁਰੂ) ਗੋਬਿੰਦ (ਸਿੰਘ) ਜੀ ਨੂੰ ਪਹਿਲੀ ਵਾਰੀ ਮਿਲੇ ਸਨ। ਗੁਰੂ ਜੀ ਦੀ ਯਾਦ ਵਿਚ ਇੱਥੇ ਇਕ ਗੁਰਦੁਆਰਾ ਸਸ਼ੋਭਿਤ ਹੈ ਅਤੇ ਕਿਸੇ ਮਨੋਕਾਮਨਾ ਦੇ ਪੂਰਨ ਹੋਣ 'ਤੇ ਇੱਥੇ ਇਕ ਬੂਟਾ ਲਾਏ ਜਾਣ ਦੀ ਪਰੰਪਰਾ ਵੀ ਪ੍ਰਚਲਿਤ ਹੈ।

**ਗੁਰਦੁਆਰਾ ਸੁਨਾਰ ਟੋਲੀ, ਪਟਨਾ ਸਾਹਿਬ–** ਇਹ ਗੁਰਦੁਆਰਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਲੱਗਭਗ ਇਕ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਭਾਵੇਂ ਕਿ ਸਥਾਨਕ ਪਰੰਪਰਾ ਇਸ ਗੁਰਦੁਆਰਾ ਸਾਹਿਬ ਨੂੰ ਇਤਿਹਾਸ ਦੀਆਂ ਘਟਨਾਵਾਂ ਨਾਲ ਜੋੜ ਕੇ ਪੇਸ਼ ਕਰਦੀ ਹੈ ਪਰ ਪੁਰਾਤਨ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਨਾ ਮਿਲਣ ਕਰ ਕੇ ਇਹ ਗੁਰਦੁਆਰਾ ਇਤਿਹਾਸਿਕ ਨਹੀਂ ਜਾਪਦਾ। ਪਟਨਾ ਸਾਹਿਬ ਦੇ ਦਰਸ਼ਨ ਕਰਨ ਵਾਲੀ ਸੰਗਤ ਇਸ ਗੁਰਦੁਆਰਾ ਸਾਹਿਬ ਵਿਖੇ ਵੀ ਹਾਜ਼ਰੀ ਭਰਦੀ ਹੈ।

**ਗੁਰਦੁਆਰਾ ਹਾਂਡੀ ਸਾਹਿਬ, ਦਾਨਾਪੁਰ**– ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਇਹ ਅਸਥਾਨ ਲੱਗਭਗ ੨੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਟਨਾ ਸਾਹਿਬ ਤੋਂ ਪੰਜਾਬ ਵੱਲ ਵਾਪਸੀ ਦੀ ਯਾਦ ਦਿਵਾਉਂਦਾ ਹੈ। ਗੁਰੂ-ਪਰਵਾਰ ਜਦੋਂ ਪਟਨਾ ਸਾਹਿਬ ਤੋਂ ਰਵਾਨਾ ਹੋਇਆ ਤਾਂ ਇਨ੍ਹਾਂ ਨੇ ਪਹਿਲਾ ਪੜਾਅ ਦਾਨਾਪੁਰ ਵਿਖੇ ਕੀਤਾ ਸੀ। ਇਕ ਬਜ਼ੁਰਗ ਮਾਈ ਪਰਧਾਨੀ ਨੇ ਮਿੱਟੀ ਦੀ ਹਾਂਡੀ ਵਿਚ ਖਿੱਚੜੀ ਬਣਾ ਕੇ ਗੁਰੂ-ਪਰਵਾਰ ਦੀ ਸੇਵਾ ਕੀਤੀ ਸੀ। ਗੁਰੂ ਜੀ ਦੇ ਇੱਥੋਂ ਅੱਗੇ ਚਲੇ ਜਾਣ ਉਪਰੰਤ ਇਸ ਅਸਥਾਨ 'ਤੇ ਸੰਗਤ ਜੁੜਨੀ ਸ਼ੁਰੂ ਹੋ ਗਈ ਸੀ ਜਿਹੜੀ ਕਿ ਹਾਂਡੀਵਾਲੀ ਸੰਗਤ ਵੱਜੋਂ ਪ੍ਰਸਿੱਧ ਜੋ ਗਈ ਸੀ। ਇਸ ਅਸਥਾਨ ਨੂੰ ਯਾਦ ਕਰਦੇ ਹੋਏ ਕਿਹਾ ਜਾਂਦਾ ਹੈ, 'ਧੰਨ ਮਾਈ ਪਰਧਾਨੀਏ ਜਿਨ ਰਿਧੀ ਹਾਂਡੀ।'

ਪਟਨਾ ਸਾਹਿਬ ਵਿਖੇ ਮੌਜੂਦ ਗੁਰੂ ਸਾਹਿਬਾਨ ਅਤੇ ਗੁਰੂ ਮਹਿਲਾਂ ਦੇ ਹੁਕਮਨਾਮੇ ਵਰਣਨਯੋਗ ਹਨ। ਤਖਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਵਿਖੇ ਪੂਰਬ ਦੀ ਸੰਗਤ ਨੂੰ ਲਿਖੇ ਗਏ ਬਹੁਤ ਸਾਰੇ ਹੁਕਮਨਾਮੇ ਸੰਭਾਲ ਕੇ ਰੱਖੇ ਹੋਏ ਹਨ ਪਰ ਇੱਥੇ ਕੇਵਲ ਡਾ. ਗੰਡਾ ਸਿੰਘ ਜੀ ਦੁਆਰਾ ਸੰਪਾਦਿਤ ਕੀਤੇ ਉਨ੍ਹਾਂ ਹੁਕਮਨਾਮਿਆਂ ਸੰਬੰਧੀ ਵਿਚਾਰ ਕੀਤੀ ਜਾ ਰਹੀ ਹੈ ਜਿਹੜੇ ਗੁਰੂ-ਘਰ ਵੱਲੋਂ ਪਟਨਾ ਸਾਹਿਬ ਦੇ ਮੁਖੀ ਸਿੱਖਾਂ ਜਾਂ ਸੰਗਤ ਨੂੰ ਲਿਖੇ ਗਏ ਸਨ। ਇਨ੍ਹਾਂ ਹੁਕਮਨਾਮਿਆਂ ਰਾਹੀਂ ਤਿੰਨ ਪ੍ਰਮੁੱਖ ਵਿਸ਼ੇਸ਼ਤਾਵਾਂ ਸਾਹਮਣੇ ਆਉਂਦੀਆਂ ਹਨ:- ਪਹਿਲੀ, ਧਰਮ ਨੂੰ ਜੀਵਨ ਵਿਚ ਪ੍ਰਮੁੱਖਤਾ ਪ੍ਰਦਾਨ ਕਰਦੇ ਹੋਏ ਹਰ ਕਾਰਜ ਧਰਮ ਦੀ ਨਿਆਈ ਕਰਨ ਦਾ ਆਦੇਸ਼ ਕੀਤਾ ਗਿਆ ਹੈ। ਦੂਜੀ, ਦਸਵੰਧ ਦੀ ਮਾਇਆ ਸੰਗਤ ਨੂੰ ਸਿੱਧੇ ਗੁਰੂ-ਘਰ ਭੇਜਣ ਦੀ ਤਾਕੀਦ ਕੀਤੀ ਗਈ ਹੈ ਅਤੇ ਕਿਤੇ-ਕਿਤੇ ਮੇਵੜੇ[੧੫] ਰਾਹੀਂ ਮਾਇਆ ਗੁਰੂ-ਘਰ ਭੇਜਣ ਲਈ ਕਿਹਾ ਗਿਆ ਹੈ।; ਤੀਜਾ, 'ਗਰੀਬ ਦਾ ਮੂੰਹ ਗੁਰੂ ਕੀ ਗੋਲਕ' ਜਾਣ ਕੇ ਗੁਰੂ-ਘਰ ਆਉਣ ਵਾਲੀ ਦਸਵੰਧ ਦੀ ਮਾਇਆ ਲੋੜਵੰਦਾਂ ਤਕ ਪਹੁੰਚਾਉਣ ਲਈ ਪ੍ਰੇਰਨਾ ਕੀਤੀ ਗਈ ਹੈ। ਇਨ੍ਹਾਂ ਹੁਕਮਨਾਮਿਆਂ ਵਿਚ ਸਿੱਖ ਸੰਗਤ ਨੂੰ 'ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ

ਵਾਸੀ ਪਟਣੇ ਕਾ' ਕਹਿ ਕੇ 'ਗੁਰੂ ਗੁਰੂ ਜਪਣਾ ਜਨਮੁ ਸਵਾਰਣਾ' ਦੀ ਸਿੱਖਿਆ ਦਿੱਤੀ ਗਈ ਹੈ। ਇਨ੍ਹਾਂ ਹੁਕਮਨਾਮਿਆਂ ਤੋਂ ਉਸ ਸਮੇਂ ਦੇ ਮੁਖੀ ਸਿੱਖਾਂ ਬਾਰੇ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਜਿਹੜੇ ਵੀ ਸਿੱਖ ਨੂੰ ਜਾਂ ਜਿਸ ਕਾਰਜ ਲਈ ਹੁਕਮਨਾਮਾ ਭੇਜਿਆ ਗਿਆ ਹੈ, ਉਸ ਦਾ ਉਦੇਸ਼ ਸਪਸ਼ਟ ਵਰਣਨ ਕੀਤਾ ਮਿਲਦਾ ਹੈ।

ਪਹਿਲਾ ਹੁਕਮਨਾਮਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮਿਲਦਾ ਹੈ ਜਿਸ ਵਿਚ ਪਟਨਾ ਸਾਹਿਬ ਦੇ ਨਾਲ-ਨਾਲ ਆਲਮਗੰਜ, ਸ਼ੇਰਪੁਰ, ਬੀਨਾ, ਮੁੰਗੇਰ ਆਦਿ ਇਲਾਕਿਆਂ ਦੀ ਸੰਗਤ ਨੂੰ ਸੰਬੋਧਿਤ ਕੀਤਾ ਗਿਆ ਹੈ। ਸੰਗਤ ਨੂੰ ਪਰਮਾਤਮਾ ਦਾ ਧਿਆਨ ਧਰਨ, ਗੁਰੂ ਗੁਰੂ ਜਪਣ, ਜਨਮ ਸਵਾਰਣ, ਸਦਾਚਾਰੀ ਰਹਿਣ, ਜੀਵਾਂ ਨਾਲ ਪਿਆਰ ਕਰਨ, ਦਸਵੰਧ ਦੀ ਮਾਇਆ ਗੁਰੂ-ਘਰ ਭੇਜਣ ਆਦਿ ਦਾ ਆਦੇਸ਼ ਕੀਤਾ ਗਿਆ ਹੈ। ਇਸ ਹੁਕਮਨਾਮੇ ਵਿਚ ਜਿਹੜੇ ਮੁਖੀ ਸਿੱਖਾਂ ਦਾ ਵਰਣਨ ਆਇਆ ਹੈ, ਉਹ ਇਹ ਹਨ - ਉਤਮ, ਉਤਮ ਹਰੁ ਦੁਆਰ, ਅਨੰਤਾ, ਸਾਮਦਾਸੁ, ਸੰਗਤੀਆ, ਸੁਕੇਰ, ਸੁੰਦਰੁ, ਸੁੰਦਰ ਗੁਰਦਾਸ ਬਾਸੁ, ਹਰਦਾਸੁ, ਹਰਿਰਾਮ, ਹਰਿਦੇ ਰਾਮ, ਕਲਿਆਣਾ, ਕਿਸਨ, ਕੇਵਲ ਰਾਮੁ, ਕਿਰਪਾਲਾ, ਗਜੁਭਾਨ, ਗੁਰਦਾਸ, ਗੋਪੀ, ਚੇਤੂ, ਜਗਜੀਵਨੁ, ਜਗ ਜੀਵਨ ਬਾਲਾ, ਜਗ ਦਾਸੁ, ਜਾਪੁ, ਜੈਤਾ (ਸੇਠ), ਜੈਰਾਮੁ, ਡੇਡੇ, ਦਰਗਹ ਕੇਸੁ, ਦਰਗਹ ਮਲ, ਦਿਆਲ ਚਢਾ, ਦਿਆਲਾ, ਦੁਆਰਕਾ ਦਾਸੁ, ਧਰਮਾ ਪਿਰਥੀ ਮਲ, ਨਥਾ, ਨਾਨਾ, ਨਿਹਾਲ, ਪਖਰੀਆ, ਫਿਰੰਦਾ, ਬਨਵਾਲੀ, ਬਨਾਰਸੀਆ, ਬਲ, ਬਿਹਾਰੀ, ਮਹੇਸਾ, ਮਥਰਾ ਅਨੰਤਾ, ਮਨੋਹਰ, ਮੋਹਣ ਦਾਸੁ, ਰਾਊ, ਰਾਮਰਾਉ, ਰਾਮੁਰਾਇ, ਲਾਲ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਪਟਨਾ ਦੀ ਸੰਗਤ ਦੇ ਮੁਖੀ ਸਿੱਖਾਂ ਦੇ ਨਾਂ ਲਿਖੇ ਹੁਕਮਨਾਮਿਆਂ ਵਿਚ ਸਿੱਖਾਂ ਨੂੰ ਵਾਹਿਗੁਰੂ ਦਾ ਨਾਮ ਜਪਣ, ਗੁਰੂ-ਘਰ ਨਾਲ ਜੁੜੇ ਰਹਿਣ ਅਤੇ ਸੰਗਤ ਦੀ ਸੇਵਾ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਤੋਂ ਲੈ ਕੇ ਪਟਨਾ ਸਾਹਿਬ ਛੱਡਣ ਤਕ ਉੱਥੋਂ ਦੇ ਸਿੱਖਾਂ ਨੇ ਗੁਰੂ ਪਰਵਾਰ ਦੀ ਸੇਵਾ-ਸੰਭਾਲ ਦੀ ਖ਼ੁਸ਼ੀ ਪ੍ਰਾਪਤ ਕੀਤੀ ਸੀ। ਉੱਥੋਂ ਦੀ ਸੰਗਤ ਨੂੰ ਸਮੇਂ-ਸਮੇਂ 'ਤੇ ਗੁਰੂ ਜੀ ਦਾ ਅਸ਼ੀਰਵਾਦ ਅਤੇ ਗੁਰੂ-ਘਰ ਦੀ ਸੇਵਾ ਸੰਬੰਧੀ ਉਤਸ਼ਾਹ ਅਤੇ ਪ੍ਰੇਰਨਾ ਪ੍ਰਾਪਤ ਹੁੰਦੀ ਰਹੀ ਹੈ। ਪਟਨੇ ਦੀ ਸੰਗਤ ਵੱਲੋਂ ਗੁਰੂ-ਪਰਵਾਰ ਦੀ ਸੇਵਾ-ਸੰਭਾਲ ਅਤੇ ਉਨ੍ਹਾਂ ਨੂੰ ਗੁਰੂ ਜੀ ਦੇ ਅਸ਼ੀਰਵਾਦ ਰੂਪੀ ਬਚਨਾਂ ਦਾ ਜ਼ਿਕਰ ਹੁਕਮਨਾਮਿਆਂ ਵਿਚ ਵੀ ਪ੍ਰਤੱਖ ਤੌਰ 'ਤੇ ਸਾਹਮਣੇ ਆਇਆ ਹੈ ਜਿਵੇਂ 'ਗੋਬਿੰਦ ਦਾਸ ਕੀ ਬਧਾਈ ਉਪਰਿ ਸੰਗਤਿ ਖਰਚ ਕੀਆ ਗੁਰੂ ਕੀ ਦਰਗਹ ਥਾਇ ਪਯਾ', 'ਸੰਗਤਿ ਸੇਵਾ ਗੋਬਿੰਦ ਦਾਸ ਕੀ ਕਰਤੀ ਹੈ ਤੁਮਰੀ ਸੇਵਾ ਸੰਗਤਿ ਕੀ ਗੁਰੂ ਕੀ ਦਰਗਹ ਥਾਇ ਪੜੇਗੀ, ਸੰਗਤ ਕਾ ਭਲਾ ਹੋਗ'। ਸਿੱਖ ਜਗਤ ਵਿਚ ਪਟਨੇ ਦੇ ਮਹੱਤਵ ਨੂੰ ਪਰਪੱਕ ਕਰਦੇ ਹੋਏ ਗੁਰੂ ਜੀ ਨੇ ਬਚਨ ਕੀਤਾ ਕਿ 'ਪਟਣਾ ਗੁਰੂ ਕਾ ਘਰ ਹੈ ਸੰਗਤਿ ਕੀ ਬਾਹੁੜੀ ਹੋਗੁ', 'ਸਰਬਤ ਸੰਗਤਿ ਪਟਣੇ ਕੀ ਗੁਰੂ ਰਖੈਗਾ'। ਗੁਰੂ ਜੀ ਦੁਆਰਾ ਪਟਨਾ ਸਾਹਿਬ ਦੀ ਸੰਗਤ ਲਈ ਲਿਖੇ ਹੁਕਮਨਾਮਿਆਂ ਵਿੱਚੋਂ ਉੱਥੋਂ ਦੇ ਜਿਹੜੇ ਮੁਖੀ ਸਿੱਖਾਂ ਸੰਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉਹ ਹਨ - ਅਨੰਤਦਾਸ, ਅਨੰਤਾ, ਅਨੀਰਾਇ, ਅਮਾਲੀਆ,

ਸਦਾਨੰਦ, ਸਾਧੂ, ਸਿੰਘਾ, ਸੰਗਤਿ ਦਾਸੁ, ਸੁਖਦੇਉ, ਸੁਫੇਰ ਚੰਦ, ਸੁਫੇਰਾ, ਸੁਭਕਰਣ, ਸੁਭਾ ਚੰਦ, ਸੂਜਾਰਾਮੁ, ਸੋਭ ਚੰਦੁ, ਸੋਭਾਚੰਦ, ਸੰਕਰਦਾਸੁ, ਹਰਕੇਸੁ, ਹਰਜੀਮਲੁ, ਹੀਰਾਨੰਦ, ਕਵਲਨੈਨ, ਕਲਿਆਨਿ ਰਾਇ, ਕੇਵਲਰਾਮ, ਕਿਰਪਾਲੁ, ਕਿਰਪਾਲਾ, ਗਜਮਲ, ਗਜੂਆ, ਗੁਰਦਾਸੁ, ਗੁਲਾਲਚੰਦ, ਘਨਿਸਿਆਮੁ, ਚੇਤਨ, ਚੈਨਸੁਖ, ਚਿੰਤਾ, ਚਿਮਨਾ, ਛਜੂਮਲੁ, ਛਬੀਲ ਦਾਸੁ, ਜਸੋਧਾ ਨੰਦਨ, ਜਗਦੇਉ, ਜਗਮੰਨੁ, ਜਾਦੋ, ਜੇਠਮਲੁ, ਜੈ ਸਿੰਘ, ਝਬਰ ਸਿੰਘ, ਡੇਡਮਲੁ, ਦਰਬਾਰੀ, ਦਲਪਤ ਦਾਸੁ, ਦਰੀਆ, ਦਲਪਤਿਰਾਇ, ਦਿਆਲ ਦਾਸੁ, ਦੀਨ ਦਿਆਲ, ਦੀਨਾ ਨਾਥ, ਨੰਦ ਕੁਆਰ, ਨੰਦ ਲਾਲ, ਨੈਨਸੁਖ, ਪਹਲਾਦ ਦਾਸੁ, ਪਰਸਰਾਮੁ, ਪਰਾਨ ਨਾਥ, ਪਰੀਤਮਦਾਸੁ, ਪਾਲਾ, ਪੇੜੀ ਬਾਈ (ਬੇਬੇ), ਫਤਹਚੰਦ, ਫੇਰੂ, ਬਸੰਤਰਾਇ, ਬਖਸ਼ੀ, ਬਲੀਰਾਮ, ਬਾਲ ਗੋਬਿੰਦ, ਬਾਲਾ, ਬਿੰਦਰਾਬਨ, ਬੈਜਨਾਥੁ, ਬੰਸੀ, ਬੰਸੀਧਰ, ਭਗਤਾ, ਭਗਵਾਨ ਦਾਸੁ ਗੁਜਰਮਲੁ, ਭਾਗੁ ਮਲ, ਭਾਰਾ, ਭੋਜਰਾਇ, ਭੋਜਰਾਜ, ਮਲੂ ਮਿਹਰਾ, ਮਲੂਕ ਦਾਸੀਆ, ਮਲੂਕਾ, ਮਾਛੀ ਸੁਚਾ ਰਾਮ, ਮਿਹਰਚੰਦ, ਮਿਹਰਚੰਦੁ, ਮਿਤਰ ਸੈਣ, ਮੋਹਨ ਦਾਸੁ, ਮੁਰਲੀ, ਮੁਰਲੀਧਰ, ਮੂਲਾ, ਮੋਹਨਦਾਸੁ, ਰਘੁਨਾਥ, ਰਾਘੋਦਾਸੁ, ਰਾਮਚੰਦੁ, ਰਾਮਰਾਇ, ਰੂਪਨ, ਲਛੂਆ, ਲਾਲਮੰਨ। ਇਹ ਸਮੂਹ ਸਿੱਖ ਗੁਰੂ ਆਸ਼ੇ ਅਤੇ ਉਦੇਸ਼ ਅਨੁਸਾਰ ਕਾਰਜ ਰਹੇ ਸਨ ਜਿਸ ਨਾਲ ਇਲਾਕੇ ਵਿਚ ਸਿੱਖੀ ਤੇਜ਼ੀ ਨਾਲ ਫੈਲਦੀ ਜਾ ਰਹੀ ਸੀ।

ਗੁਰੂ ਸਾਹਿਬਾਨ ਤੋਂ ਬਾਅਦ ਇਸ ਨਗਰ ਦੇ ਸਿੱਖਾਂ ਸੰਬੰਧੀ ਵਿਸਤ੍ਰਿਤ ਵੇਰਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲਾਂ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ, ਦੁਆਰਾ ਜਾਰੀ ਕੀਤੇ ਹੁਕਮਨਾਮਿਆਂ ਵਿਚ ਮਿਲਦਾ ਹੈ। ਭਾਵੇਂ ਕਿ ਮੂਲ ਰੂਪ ਵਿਚ ਇਹ ਹੁਕਮਨਾਮੇ ਪਟਨਾ ਸਾਹਿਬ ਵਿਖੇ ਸੰਭਾਲ ਕੇ ਰੱਖੇ ਹੋਏ ਹਨ ਪਰ ਇਨ੍ਹਾਂ ਸੰਬੰਧੀ ਵੇਰਵਾ ਵਿਦਵਾਨਾਂ ਦੀਆਂ ਲਿਖਤਾਂ ਵਿਚ ਵੀ ਦੇਖਿਆ ਜਾ ਸਕਦਾ ਹੈ। ਗੁਰੂ ਮਹਿਲਾਂ ਦੁਆਰਾ ਜਾਰੀ ਕੀਤੇ ਗਏ ਹੁਕਮਨਾਮੇ ਪਟਨਾ ਸਾਹਿਬ ਦੀ ਸੰਗਤ ਦੀਆਂ ਸਮੱਸਿਆਵਾਂ ਦਾ ਨਿਵਾਰਨ ਕਰਨ ਦੇ ਨਾਲ-ਨਾਲ ਸਿੱਖ ਸੰਗਤ ਨੂੰ ਸੰਗਠਿਤ ਕਰਨ ਵੱਲ ਕੇਂਦਰਿਤ ਹਨ। ਗੁਰੂ ਮਹਿਲਾਂ ਵੱਲੋਂ ਜਾਰੀ ਕੀਤੇ ਗਏ ਹੁਕਮਨਾਮਿਆਂ ਵਿਚ ਪਟਨੇ ਦੀ ਸੰਗਤ ਨੂੰ 'ਸਰਬਤ ਖਾਲਸਾ ਵਾਸੀ ਪਟਨਾ' ਵੱਜੋਂ ਸੰਬੋਧਿਤ ਕਰਦੇ ਹੋਏ ਗੁਰੂ ਗੁਰੂ ਜਪਣ ਅਤੇ ਜਨਮ ਸਵਾਰਣ ਦੀ ਪ੍ਰੇਰਨਾ ਕੀਤੀ ਗਈ ਹੈ। ਗੁਰੂ ਮਹਿਲਾਂ ਦੁਆਰਾ ਜਾਰੀ ਕੀਤੇ ਹੁਕਮਨਾਮਿਆਂ ਵਿਚ ਪਟਨਾ ਸਾਹਿਬ ਦੇ ਜਿਹੜੇ ਮੁਖੀ ਸਿੱਖਾਂ ਦਾ ਜ਼ਿਕਰ ਆਉਂਦਾ ਹੈ, ਉਹ ਹਨ - ਉਦੈ ਸਿੰਘ, ਅਨੰਦ ਰੂਪ ਸਿੰਘ, ਆਢਾ ਸਿੰਘ, ਸਾਹਿਬ ਸਿੰਘ, ਸਾਗਰ ਸਿੰਘ, ਸੂਰਤ ਸਿੰਘ, ਸਿਧੂ ਸਿੰਘ, ਗੁਰਦਾਸ ਸਿੰਘ, ਗੁਰਬਖ਼ਸ਼ ਟਿਕੜੀਆ, ਗੁਲਾਬ ਰਾਇ, ਜਗੁ ਸਿੰਘ, ਜਟੂ ਸਿੰਘ, ਦਾਨ ਸਿੰਘ, ਦੇਬੀ ਦਾਸ, ਦੇਵਾ ਸਿੰਘ, ਦੇਵੀ ਸਿੰਘ, ਨੰਦ ਰੂਪ ਸਿੰਘ੧੯, ਪੰਜਾਬ ਸਿੰਘ, ਪ੍ਰਾਨ ਸਿੰਘ, ਬਕਸੀ ਸਿੰਘ, ਬਖਸੀ ਸਿੰਘ, ਬਦਲੀ ਸਿੰਘ, ਬਾਲ ਸਿੰਘ, ਬੁਧੂ ਸਿੰਘ, ਬੁਲਾਕਾ ਸਿੰਘ, ਬੀਰੂ ਸਿੰਘ, ਬਵਲੀ ਸਿੰਘ, ਭਗਵੰਤ ਸਿੰਘ, ਭਾਗ ਸਿੰਘ, ਭਾਰਾ ਸਿੰਘ, ਮਨੂ ਸਿੰਘ, ਰਾਜਾ ਸਿੰਘ, ਰਾਮ ਸਿੰਘ, ਰਾਮਜੀ ਸਿੰਘ, ਲੀਲਾ ਸਿੰਘ, ਵੀਰੂ ਸਿੰਘ, ਆਦਿ।

ਸਿੱਖ ਇਤਿਹਾਸ ਵਿਚ ਪਟਨਾ ਸਾਹਿਬ ਦੀ ਵਿਸ਼ੇਸ਼ ਮਹਾਨਤਾ ਦਾ ਵਰਣਨ ਮਾਤਾ

ਸੁੰਦਰੀ ਜੀ ਦੇ ਉਸ ਆਦੇਸ਼ ਵਿੱਚੋਂ ਵੀ ਹੁੰਦਾ ਹੈ ਜਿਸ ਵਿਚ ਮਾਤਾ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਲਈ ਸ੍ਰੀ ਅੰਮ੍ਰਿਤਸਰ ਭੇਜਿਆ ਤਾਂ ਨਾਲ ਹੀ ਇਹ ਆਦੇਸ਼ ਵੀ ਕਰ ਦਿੱਤਾ ਸੀ ਕਿ ਪਟਨਾ ਸਾਹਿਬ ਵਿਖੇ ਭੇਜਿਆ ਜਾਣ ਵਾਲਾ ਚੜ੍ਹਾਵਾ ਸ੍ਰੀ ਅੰਮ੍ਰਿਤਸਰ ਵਿਖੇ ਹੀ ਰੱਖ ਲਿਆ ਜਾਵੇ। ਸ. ਰਤਨ ਸਿੰਘ (ਭੰਗੂ) ਦੱਸਦਾ ਹੈ - ਆਗੇ ਚੜ੍ਹਾਵੋ ਪਟਨੇ ਜਾਵੈ, ਮਾਤਾ ਕਹਣੇ ਤੇ ਈਹਾਂ ਆਵੈ।੧੭ ਇਸ ਪੰਕਤੀ ਤੋਂ ਸਿੱਖਾਂ ਦੇ ਮਨ ਵਿਚ ਪਟਨਾ ਸਾਹਿਬ ਪ੍ਰਤੀ ਸਤਿਕਾਰ ਅਤੇ ਸੇਵਾ-ਭਾਵ ਸਪਸ਼ਟ ਹੁੰਦਾ ਹੈ।

ਪਟਨਾ ਸਾਹਿਬ ਸਿੱਖ ਸੰਗਤ ਦੇ ਮਹੱਤਵਪੂਰਨ ਕੇਂਦਰ ਵੱਜੋਂ ਵਿਕਸਿਤ ਹੋਇਆ ਹੈ। ਇਸ ਨਗਰ ਦੇ ਸਿੱਖਾਂ ਨੇ ਆਪਣੀਆਂ ਕੌਮੀ ਜ਼ਿੰਮੇਵਾਰੀਆਂ ਨੂੰ ਪੂਰਨ ਜੋਸ਼, ਉਤਸ਼ਾਹ ਅਤੇ ਚੜ੍ਹਦੀ ਕਲਾ ਵਿਚ ਰਹਿ ਕੇ ਨਿਭਾਇਆ ਹੈ। ਇਸ ਸੰਦਰਭ ਵਿਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਪਟਨਾ ਸਾਹਿਬ ਦੇ ਸਿੱਖਾਂ ਨੂੰ ਲਿਖਿਆ ਹੁਕਮਨਾਮਾ ਮਹੱਤਵਪੂਰਨ ਹੈ। ੧੨ ਅਪ੍ਰੈਲ, ੧੭੫੯ ਈ. ਨੂੰ ਜਾਰੀ ਹੋਏ ਇਸ ਹੁਕਮਨਾਮੇ ਵਿਚ ਪਟਨਾ ਸਾਹਿਬ ਦੇ ਤਿੰਨ ਸਿੱਖਾਂ ਦਾ ਜ਼ਿਕਰ ਆਇਆ ਹੈ - ਆਇਆ, ਮਹਬੂਬ, ਮਿਹਰ ਸਿੰਘ। ਇਸ ਹੁਕਮਨਾਮੇ ਵਿਚ 'ਸਤ ਸ੍ਰੀ ਅਕਾਲ ਪੁਰਖ ਜੀ ਕੇ ਖਾਲਸੇ' ਵੱਜੋਂ ਬਚਨ ਕਰਦੇ ਹੋਏ ਇਕ ਸਿੱਖ ਭਾਈ ਦਿਆਲ ਸਿੰਘ ਨੂੰ ਸਵਾ ਸਉ ਰੁਪਏ ਮਾਇਆ ਦੇਣ ਲਈ ਕਿਹਾ ਗਿਆ ਹੈ ਅਤੇ ਨਾਲ ਹੀ ਇਹ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਭੇਜੀ ਗਈ ਮਾਇਆ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਵਿਚ ਲੱਗੇਗੀ। ਇਸ ਹੁਕਮਨਾਮੇ ਵਿੱਚੋਂ ਸਿੱਖਾਂ ਦੇ ਆਪਸੀ ਪਿਆਰ, ਵਿਹਾਰ ਅਤੇ ਭਾਈਚਾਰੇ ਦੀ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ।

ਤਖਤ ਸ੍ਰੀ ਹਰਿਮੰਦਰ ਜੀ ਪਟਣਾ ਸਾਹਿਬ ਪੂਰਬ ਦੇ ਇਲਾਕੇ ਵਿਚ ਸਿੱਖ ਪ੍ਰਚਾਰ ਅਤੇ ਵਿਰਾਸਤ ਦੇ ਕੇਂਦਰ ਵਜੋਂ ਸਾਹਮਣੇ ਆਇਆ ਹੈ। ਇਸ ਅਸਥਾਨ ਦੇ ਵੱਡਾ ਕੇਂਦਰ ਵਜੋਂ ਵਿਕਸਿਤ ਹੋਣ ਦੀਆਂ ਸੰਭਾਵਨਾਵਾਂ ਗੁਰੂ-ਕਾਲ ਵੇਲੇ ਹੀ ਅਰੰਭ ਹੋ ਗਈਆਂ ਸਨ। ਬਾਬਾ ਦੀਪ ਸਿੰਘ ਜੀ ਨੇ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕਰ ਕੇ ਅਕਾਲ ਬੁੰਗੇ, ਪਟਨਾ ਸਾਹਿਬ ਅਤੇ ਹਜੂਰ ਸਾਹਿਬ ਵਿਖੇ ਭੇਜੇ ਸਨ ਅਤੇ ਚੌਥਾ ਸਰੂਪ ਉਨ੍ਹਾਂ ਨੇ ਦਮਦਮਾ ਸਾਹਿਬ ਵਿਖੇ ਹੀ ਰੱਖ ਲਿਆ ਸੀ। ਗਿਆਨੀ ਗਿਆਨ ਸਿੰਘ ਜੀ ਦੱਸਦੇ ਹਨ:

*ਔਰ ਚਾਰ ਤਿਸ ਪਰਤੈ ਭਾਏ। ਦੀਪ ਸਿੰਘ ਸ਼ਹੀਦ ਲਿਖਾਏ।*
*ਇਕ ਅਕਾਲ ਬੁੰਗੇ ਇਕ ਪਟਨੇ। ਤ੍ਰਿਤੀ ਹਜੂਰ ਦਯੋ ਹਿਤ ਪਠਨੇ।*
*ਚਤੁਰਥ ਰਖਯੋ ਦਮਦਮੇ ਚਾਹਿ। ਬਡ ਬਾਬੇ ਇਹ ਚਾਰ ਸਦਾਹਿ।*[੧੮]

ਬਾਬਾ ਦੀਪ ਸਿੰਘ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਜਿਹੜੇ ਅਸਥਾਨਾਂ 'ਤੇ ਭੇਜੇ ਗਏ ਸਨ ਉਨ੍ਹਾਂ ਦੀ ਮਾਨਤਾ ਅਤੇ ਮਹਾਨਤਾ ਤਖਤ ਸਾਹਿਬਾਨ ਵਜੋਂ ਪ੍ਰਸਿੱਧ ਹੈ। ਤਖਤ ਸਾਹਿਬ ਵਜੋਂ ਪ੍ਰਗਟ ਹੋਣ ਕਰ ਕੇ ਸਿੱਖਾਂ ਦੇ ਮਨ ਵਿਚ ਇਸ ਅਸਥਾਨ ਪ੍ਰਤੀ ਵਿਸ਼ੇਸ਼ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ। ਇੱਥੋਂ ਜਾਰੀ ਹੋਣ ਵਾਲੇ ਹੁਕਮਨਾਮੇ ਵੀ ਸਿੱਖਾਂ ਦੇ ਜੀਵਨ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਸ ਸੰਬੰਧੀ ੪ ਫਰਵਰੀ, ੧੭੬੨ ਈ. ਨੂੰ ਪੂਰਬ ਵਿਖੇ ਦੂਰ-ਦੁਰਾਡੇ ਦੇ ਇਲਾਕਿਆਂ ਦੀ ਸੰਗਤ ਦੇ ਨਾਂ 'ਤੇ ਲਿਖਿਆ ਇਕ ਹੁਕਮਨਾਮਾ

ਦੇਖਿਆ ਜਾ ਸਕਦਾ ਹੈ ਜਿਸ ਦੇ ਅਰੰਭ ਵਿਚ ਕਿਹਾ ਗਿਆ ਹੈ, 'ਲਿਖਤਿ ਤਖਤ ਦਰਬਾਰ ਹਜੂਰ ਸ੍ਰੀ ਹਰਿਮੰਦਰ ਜੀ ਸਾਹਿਬ ਤੇ'। ਇਸ ਦਾ ਭਾਵ ਹੈ ਕਿ ਇਹ ਹੁਕਮਨਾਮਾ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਕਲਮਬੰਦ ਕਰ ਕੇ ਭੇਜਿਆ ਗਿਆ ਹੈ। ਇਸ ਹੁਕਮਨਾਮੇ ਵਿਚ 'ਤਖਤ' ਸ਼ਬਦ ਦੀ ਵਰਤੋਂ ਕਰ ਕੇ ਇਸ ਅਸਥਾਨ ਦੀ ਮਹੱਤਤਾ ਨੂੰ ਦ੍ਰਿੜ੍ਹ ਕਰਉਂਦੇ ਹੋਏ ਕਿਹਾ ਗਿਆ ਹੈ, 'ਪ੍ਰਮਾਤਮ ਪੂਰਣ ਪੁਰਖੁ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਔਤਾਰ॥ ਪ੍ਰਗਟ ਭਏ ਪਟਣੇ ਸਹਰ ਸ੍ਰੀ ਪੰਘੂੜਾ ਜੀ ਦਰਬਾਰ॥' ਜਿਹੜੇ ਮੁੱਖੀ ਸਿੱਖਾਂ ਨੇ ਇਹ ਹੁਕਮਨਾਮਾ ਲਿਖਿਆ ਹੈ ਉਹਨਾਂ ਦੇ ਨਾਂ ਹਨ - ਸੇਵਾ ਸਿੰਘ (ਗ੍ਰੰਥੀ), ਸਿਯਾਮ ਸਿੰਘ (ਪੁਜਾਰੀ), ਖਦੇਰਨ ਸਿੰਘ (ਕਾਰੁਬਾਰੀ), ਗੁਲਾਬੁ ਸਿੰਘ (ਅਰਦਾਸੀਆ), ਗੋਪਾਲ ਸਿੰਘ (ਅਰਦਾਸੀਆ), ਚੜ੍ਹਤ ਸਿੰਘ (ਗ੍ਰੰਥੀ), ਦਿਦਾਰ ਸਿੰਘ (ਪੁਜਾਰੀ ਮਹੰਤ), ਰਾਮ ਸਿੰਘ (ਦਰੋਗਾ)। ਜਿਹੜੇ ਇਲਾਕਿਆਂ ਦਾ ਜ਼ਿਕਰ ਇਸ ਹੁਕਮਨਾਮੇ ਵਿਚ ਆਇਆ ਹੈ, ਉਹਨਾਂ ਦੇ ਨਾਂ ਹਨ - ਸਾਦਲਪੁਰਿ, ਕੰਤਨਗਰ, ਚਿਤੋਰੀਆ, ਪੁਰੈਨੀਆ, ਬਹਰਖਾਲ, ਭਵਾਨੀਪੁਰ ਅਤੇ ਮਹੇਸੂਆ। ਇਨ੍ਹਾਂ ਇਲਾਕਿਆਂ ਦੀ ਸਿੱਖ ਸੰਗਤ ਨੂੰ ਜਿਹੜਾ ਆਦੇਸ਼ ਕੀਤਾ ਗਿਆ ਹੈ ਉਸ ਵਿਚ ਕਿਹਾ ਗਿਆ ਹੈ, 'ਸ੍ਰੀ ਦ੍ਰਬਾਰ ਜੀ ਸਾਹਿਬੁ ਕਾ ਹੁਕਮੁ ਹੈ।' ਉਕਤ ਇਲਾਕਿਆਂ ਦੀ ਸੰਗਤ ਨੂੰ ਪੂਰਬ ਵਿਖੇ ਸਥਿਤ ਇਸ ਕੇਂਦਰੀ ਅਸਥਾਨ ਦੇ ਮਹੱਤਵ ਸੰਬੰਧੀ ਚੇਤੰਨ ਕਰਦੇ ਹੋਏ ਇਸ ਅਸਥਾਨ ਦੀ ਸੇਵਾ-ਸੰਭਾਲ ਲਈ ਨਿਰੰਤਰ ਯਤਨਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ ਗਿਆ ਹੈ। ਦਰਬਾਰ ਸਾਹਿਬ ਦੇ ਨਿਸ਼ਾਨ ਸਾਹਿਬ ਅਤੇ ਪਰਕਰਮਾ ਦੇ ਫਰਸ਼ ਲੋੜੀਂਦੀ ਮਾਇਆ ਭੇਜਣ ਦੇ ਨਾਲ-ਨਾਲ ਇਸ ਦੇ ਨਵੀਨੀਕਰਨ ਉਪਰੰਤ ਹੋਣ ਵਾਲੇ ਸਮਾਗਮਾਂ ਵਿਚ ਹਾਜ਼ਰ ਹੋਣ ਲਈ ਸੱਦਾ ਦਿੱਤਾ ਗਿਆ ਹੈ।

ਪਟਨਾ ਸਾਹਿਬ ਵਿਖੇ ਸੁਸ਼ੋਭਿਤ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਾ ਇਤਿਹਾਸ ਲੱਗਭਗ ੩੫੦ ਸਾਲ ਪੁਰਾਣਾ ਹੈ। ਕਿਹਾ ਜਾਂਦਾ ਹੈ ਕਿ ਸਿੱਖ ਸੰਗਤ ਨੇ ੧੬੬੫ ਈ. ਵਿਚ ਇਹ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਲਈ ਤਿਆਰ ਕਰਵਾਇਆ ਸੀ। ਇਸੇ ਅਸਥਾਨ 'ਤੇ ਹੀ ੧੬੬੬ ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ। ਉਨੀਵੀਂ ਸਦੀ ਵਿਚ ਇਸ ਅਸਥਾਨ ਦੀ ਨਵੀਂ ਇਮਾਰਤ ਮਹਾਰਾਜਾ ਰਣਜੀਤ ਸਿੰਘ ਨੇ ਤਿਆਰ ਕਰਵਾਈ ਸੀ। ਵੀਹਵੀਂ ਸਦੀ ਦੇ ਚੌਥੇ ਦਹਾਕੇ ਦੌਰਾਨ ਆਏ ਭੁਚਾਲ ਕਾਰਨ ਇਸ ਇਮਾਰਤ ਦਾ ਨੁਕਸਾਨ ਹੋਣ ਕਰ ਕੇ ਇਸ ਦੀ ਪੁਨਰ-ਉਸਾਰੀ ਦੀ ਲੋੜ ਜਾਪਦੀ ਸੀ। ਸੰਗਤ ਨੇ ਸਮੂਹਿਕ ਰੂਪ ਵਿਚ ਕਾਰ-ਸੇਵਾ ਰਾਹੀਂ ਇਕ ਆਲੀਸ਼ਾਨ ਇਮਾਰਤ ਦੀ ਉਸਾਰੀ ਕੀਤੀ ਸੀ ਜਿੱਥੇ ਕਿ ਮੌਜੂਦਾ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ।

ਪਟਨਾ ਸਾਹਿਬ ਦੇਸ਼-ਵਿਦੇਸ਼ ਦੇ ਯਾਤਰੂਆਂ ਦੀ ਖਿੱਚ ਦਾ ਕੇਂਦਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਨਾਲ ਸੰਬੰਧਿਤ ੩੫੦-ਸਾਲ ਸੰਪੂਰਨ ਹੋਣ ਕਾਰਨ ਸਿੱਖ ਸੰਗਤ ਵਿਚ ਇਸ ਦੀ ਹੋਰ ਵਧੇਰੇ ਖਿੱਚ ਪੈਦਾ ਹੋਈ ਹੈ।

**ਹਵਾਲੇ ਅਤੇ ਟਿੱਪਣੀਆਂ**

੧. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਦਾ ਨਾਂ ਗੋਬਿੰਦ ਰਾਇ ਸੀ। ੧੬੭੫ ਈ. ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਇਨ੍ਹਾਂ ਨੂੰ ਗੁਰੂ ਵਜੋਂ ਸਤਿਕਾਰ ਮਿਲਿਆ ਅਤੇ ਖ਼ਾਲਸੇ ਦੀ ਸਿਰਜਨਾ ਉਪਰੰਤ ਇਹਨਾਂ ਦਾ ਨਾਂ ਗੁਰੂ

ਗੋਬਿੰਦ ਸਿੰਘ ਜੀ ਵੱਜੋਂ ਪ੍ਰਸਿੱਧ ਹੋਇਆ ਹੈ। ਇਸ ਲੇਖ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਘਟਨਾਵਾਂ ਬਿਆਨ ਕਰਦੇ ਸਮੇਂ ਉਹਨਾਂ ਦਾ ਇਹੀ ਨਾਂ ਲਿਖਿਆ ਗਿਆ ਹੈ।

੨. *ਜਨਮਸਾਖੀ ਭਾਈ ਬਾਲਾ,* ਸੰਪਾਦਕ ਸੁਰਿੰਦਰ ਸਿੰਘ (ਕੋਹਲੀ), ਪੰਨਾ ੧੬੪.

੩. *ਜਨਮਸਾਖੀ ਪਰੰਪਰਾ,* ਸੰਪਾਦਕ ਕਿਰਪਾਲ ਸਿੰਘ, ਪੰਨਾ ੩੬੨.

੪. *ਸਿੱਖਾਂ ਦੀ ਭਗਤਮਾਲਾ,* ਸੰਪਾਦਕ ਤਰਲੋਚਨ ਸਿੰਘ (ਬੇਦੀ), ਪੰਨੇ ੧੩੯-੪੦.

੫. ਡਾ. ਗੰਡਾ ਸਿੰਘ (ਸੰਪਾ.), *ਹੁਕਮਨਾਮੇ,* ਹੁਕਮਨਾਮਾ ੧੩, ਪੰਨੇ ੮੬-੮੭

੬. ਕੁਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦,* ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਅਧਿਆਇ ੨.੩੪

੭. ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* ਸਾਖੀ ੨੫

੮. ਉਹੀ

੯. *ਬਚਿਤ੍ਰ ਨਾਟਕ,* ਅਧਿਆਇ ੭.੨

੧੦ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨਾ ਤੋਂ ਪੰਜਾਬ ਵੱਲ ਵਾਪਸ ਪਰਤਣ ਲੱਗੇ ਤਾਂ ਉੱਥੋਂ ਦੀ ਸੰਗਤ ਬਹੁਤ ਭਾਵੁਕ ਹੋ ਉਠੀ। ਸੰਗਤ ਨੇ ਗੁਰੂ ਜੀ ਦੇ ਬਚਪਨ ਦੀ ਯਾਦ ਸਦੀਵੀ ਤੌਰ 'ਤੇ ਤਾਜਾ ਰੱਖਣ ਲਈ ਉਨ੍ਹਾਂ ਤੋਂ ਪੰਘੂੜਾ ਮੰਗ ਲਿਆ ਜਿਹੜਾ ਕਿ ਗੁਰੂ ਜੀ ਨੇ ਸੰਗਤ ਨੂੰ ਸੌਂਪ ਦਿੱਤਾ:

*ਤਾਂ ਪੁਰ ਕੀ ਹਮ ਸੰਗਤ ਪੁੰਗਵ ਮਾਗਤ ਹੈ ਕਰੁਨਾ ਅਬ ਕੀਜੈ।*
*ਚਿਤ੍ਰ ਪਵਿਤ੍ਰ ਬਚਿਤ੍ਰ ਸੁ ਸੁੰਦਰ ਦੈ ਪਲਨਾ ਜਸੁ ਅੰਮ੍ਰਿਤ ਪੀਜੈ।*
*ਯੌ ਸੰਗਤਿ ਬਰ ਬਚਨ ਉਚਾਰੇ। ਕਰੁਣਾ ਸਿੰਧ ਕਾਨ ਨਿਜ ਧਾਰੇ।*
*ਅਧਿਕ ਪੰਘੂੜਾ ਸੁੰਦਰ ਜੋਈ। ਤਿਨ ਕੌ ਦੀਨ ਦਯਾਨਿਧਿ ਸੋਈ।* ਸੁੱਖਾ ਸਿੰਘ, *ਗੁਰਬਿਲਾਸ* ਪਾਤਸਾਹੀ ੧੦, ਅਧਿਆਇ ੩.੧੪੭-੧੪੮

੧੧. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ ੫੫੦.

੧੨. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ,* ਪੰਨਾ ੨੪੮.

੧੩. *ਮੈਂ ਕੀਨਸਿ ਇਹ ਮਨ ਕੇ ਸਾਥ।*
*ਧਰਹਿਂ ਜਿ ਦ੍ਵੈ ਪਰ ਦੋਨਹੁਂ ਹਾਥ।*
*ਹਿੰਦੂ ਤੁਰਕ ਰਹੈਂ ਜਗ ਦੋਊ।*
*ਉਪਜਹਿ ਪੰਥ ਰਾਜ ਲੇ ਸੋਊ।*
ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਰਾਸਿ ੧੨, ਅੰਸੂ ੧੬.੪੦, ਪੰਨਾ ੪੨੮੬.

੧੪. ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ ੫੫੦.

੧੫. ਸੁਨੇਹਾ ਲੈ ਕੇ ਜਾਣ ਵਾਲੇ ਨੂੰ ਮੇਵੜਾ ਕਿਹਾ ਜਾਂਦਾ ਹੈ। 'ਆਈਨੇ ਅਕਬਰੀ ਵਿਚ ਲਿਖਿਆ ਹੈ ਕਿ ਮੇਵਾੜ ਦੇ ਵਸਨੀਕ ਲੋਕ ਸਭ ਤੋਂ ਪਹਿਲਾਂ ਬਾਦਸ਼ਾਹ ਅਕਬਰ ਨੇ ਡਾਕ ਦੇ ਇੰਤਜ਼ਾਮ ਲਈ ਰੱਖੇ, ਜੋ ਮੇਵੜੇ ਸੱਦੀਦੇ ਸਨ। ਇਹ ਚੱਲਣ ਵਿਚ ਬਹੁਤ ਤੇਜ਼ ਸਨ। ਜ਼ੁਬਾਨੀ ਸੁਨੇਹਾ ਲੈ ਜਾਣ ਅਤੇ ਲਿਆਉਣ ਵਿਚ ਇਹ ਵੱਡਾ ਕੰਮ ਦਿੰਦੇ ਸਨ। ਸਤਿਗੁਰੂ ਦੇ ਹਜ਼ੂਰ ਸੰਗਤਾਂ ਦੀ ਅਰਜ਼ ਕਰਨ ਅਤੇ ਪਰਾਹੁਣਿਆਂ ਦੀ ਖ਼ਾਤਿਰ ਤਵਾਜਾ ਕਰਨ ਵਾਲੇ ਕਰਮਚਾਰੀ ਨੂੰ ਵੀ ਮੇਵੜਾ ਕਿਹਾ ਜਾਂਦਾ ਸੀ।' ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ ੯੯੫.

੧੬. ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਖੰਡੇ ਦੀ ਪਾਹੁਲ ਲਈ ਸੀ। ੧੭੦੮ ਈਸਵੀ ਵਿਚ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਇਸਨੇ ਪਟਨਾ ਸਾਹਿਬ ਆ ਕੇ ਇੱਥੋਂ ਦੀ ਸੇਵਾ-ਸੰਭਾਲ ਅਰੰਭ ਕੀਤੀ ਸੀ। ੧੭੨੨ ਈਸਵੀ ਵਿਚ ਇਹ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਆ ਗਿਆ ਅਤੇ ਉਨ੍ਹਾਂ ਕੋਲ ਹੀ ਇਸ ਨੇ ਦੋ ਸਾਲ ਸੇਵਾ ਕੀਤੀ। ੧੭੨੪ ਈਸਵੀ ਵਿਚ ਮਾਤਾ ਜੀ ਦੀ ਆਗਿਆ ਨਾਲ ਇਹ ਫਿਰ ਦੁਬਾਰਾ ਪਟਨਾ ਸਾਹਿਬ ਜਾ ਕੇ ਸੇਵਾ ਕਰਨ ਲੱਗਾ ਅਤੇ ਇਹ ਲਗਪਗ ਛੇ ਸਾਲ ਹੋਰ ਇਸ ਸਥਾਨ ਦੀ ਸੇਵਾ ਕਰਦਾ ਰਿਹਾ।

੧੭. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸੰਪਾਦਕ ਡਾ. ਜੀਤ ਸਿੰਘ ਸੀਤਲ, ਪੰਨਾ ੨੯੫.

੧੮. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਪੰਨਾ ੩੧੯.

# ਪ੍ਰਗਟਿਓ ਖਾਲਸਾ

*-ਸ. ਦਲਬੀਰ ਸਿੰਘ ਨਠਵਾਲ**

ਖਾਲਸਾ ਦਰਅਸਲ ਅਕਾਲ ਪੁਰਖ ਦਾ ਆਪਣਾ ਹੀ ਸੰਕਲਪ ਹੈ, ਜੋਕਿ ਇਸ ਧਰਤੀ 'ਤੇ ਅਕਾਲ ਪੁਰਖ ਨਾਲ ਪੂਰਨ ਇਕਮਿਕ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰਾਹੀਂ ਸਾਕਾਰ ਹੋਇਆ। ਉਂਜ ਖਾਲਸੇ ਦਾ ਸਾਕਾਰ ਹੋਣਾ ਕੋਈ ਅਚਨਚੇਤ ਵਾਪਰ ਗਈ ਘਟਨਾ ਨਹੀਂ ਹੈ। ਖਾਲਸੇ ਰੱਬੀ ਰੂਪ ਨੂੰ ਵਿਕਸਿਤ ਕਰਨ ਵਾਸਤੇ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ ਜੀ ਤਕ ਹਰੇਕ ਗੁਰੂ ਸਾਹਿਬ ਨੇ ਆਪਣਾ-ਆਪਣਾ ਹਿੱਸਾ ਪਾਇਆ। ਹਾਂ, ਖਾਲਸੇ ਦਾ ਪ੍ਰਗਟ ਹੋਣਾ ਸਮੁੱਚੇ ਸੰਸਾਰ ਦੀਆਂ ਅੱਖਾਂ ਚੁੰਧਿਆ ਦੇਣ ਵਾਲੀ ਇਕ ਅਚਰਜ ਘਟਨਾ ਕਰਕੇ ਪ੍ਰਚਲਿਤ ਤੁਰੀ ਆ ਰਹੀ ਹੈ ਤੇ ਪ੍ਰਚਲਿਤ ਰਹੇਗੀ:

*ਕਲਿ ਮੇ ਕਰਨ ਹਾਰ ਨਿਰੰਕਾਰ ਕਲਾਧਾਰ*
*ਜਗਤ ਕੇ ਉਧਾਰਬੇ ਗੋਬਿੰਦ ਸਿੰਘ ਆਯੋ ਹੈ।*

ਸਰਬ ਕਲਾ ਸਮਰੱਥ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ ਪੁਰਖ ਵੱਲੋਂ ਮਜ਼ਲੂਮਾਂ ਦੀ ਰੱਖਿਆ, ਧਰਮ ਦੀ ਪਾਲਣਾ ਲਈ ਆਪਣਾ ਸਪੂਤ ਹੋਣ ਦਾ ਵਰਦਾਨ ਦੇ ਕੇ ਮਾਤ ਲੋਕ 'ਤੇ ਭੇਜਿਆ।

*ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥*
*ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਨਿਰਦੇਸ਼ਾਂ ਦੀ ਪੂਰਤੀ ਲਈ ਆਪਣੇ ਜੀਵਨ ਪੰਧ 'ਤੇ ਚੱਲਦਿਆਂ ਸਿੱਖ ਕੌਮ ਵਿਚ ਇਨਕਲਾਬੀ ਤਬਦੀਲੀ ਦੇ ਰੂਪ ਵਿਚ ਖਾਲਸਾ ਪ੍ਰਗਟ ਕਰਨ ਦੇ ਸਭ ਪਹਿਲੂਆਂ 'ਤੇ ਆਪਣੀ ਪਾਰਖੂ ਨਜ਼ਰ ਨਾਲ ਵਿਉਂਤਬੰਦੀ ਕਰ ਲਈ ਸੀ। ਸਿੱਖ ਕੌਮ ਦੀ ਇਸ ਪ੍ਰਚੰਡ ਤਬਦੀਲੀ ਦੇ ਮਹਾਨ ਨਿਰਮਾਣ ਕਾਰਜ ਵਿਚ ਪਹਿਲੇ ਗੁਰੂ ਸਾਹਿਬਾਨ ਦੇ ੨੩੦ ਸਾਲਾਂ ਦੀ ਘਾਲਣਾ ਅਤੇ ਵਡਮੁੱਲੇ ਯੋਗਦਾਨ 'ਤੇ ਝਾਤ ਪਾਉਣੀ ਸਮੇਂ ਦੀ ਜ਼ਰੂਰੀ ਲੋੜ ਵੀ ਹੈ।

**ਸ੍ਰੀ ਗੁਰੂ ਨਾਨਕ ਦੇਵ ਜੀ:** ਪਹਿਲੇ ਸਤਿਗੁਰ ਜੀ ਦੇ ਜੀਵਨ 'ਤੇ ਜਦ ਨਜ਼ਰ ਜਾਂਦੀ ਹੈ ਤਾਂ ਗੁਰੂ ਜੀ ਨੇ ਵੈਸਾਖੀ ਵਾਲੇ ਦਿਨ ਤੋਂ ਲੋਕਾਈ ਨੂੰ ਸੋਧਣ ਲਈ ਆਪਣੀ ਪਹਿਲੀ ਉਦਾਸੀ ਦੀ ਅਰੰਭਤਾ ਕੀਤੀ।

*ਚੜ੍ਹਿਆ ਸੋਧਣਿ ਧਰਤਿ ਲੁਕਾਈ॥* *(ਵਾਰ ੧:੨੪)*

ਗੁਰੂ ਜੀ ਨੇ ਭਾਈ ਮਰਦਾਨਾ ਜੀ ਸਾਥੀ ਰਬਾਬੀ ਨਾਲ ਕੀਰਤਨ ਦਾ ਰੱਬੀ ਬਾਣੀ

**ਪਿੰਡ ਨਠਵਾਲ, ਡਾਕ: ਬੱਲਪੁਰੀਆਂ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ-੧੪੩੫੦੫। ਮੋ: +੯੧੯੮੭੬੪-੧੯੭੩੨*

ਗਾਇਨ ਦੀ ਪ੍ਰਥਾ ਆਉਣ ਸਮੇਂ ਅੰਦਰ ਉਸਾਰੀ ਜਾ ਰਹੀ ਖਾਲਸਾ ਮਿਸ਼ਨ ਸੰਗਤ ਲਈ ਆਤਮਿਕ ਰੂਹ ਦੀ ਭੁੱਖ ਨੂੰ ਦੂਰ ਕਰਨ ਲਈ ਮੀਲ-ਪੱਥਰ ਸਥਾਪਿਤ ਕਰ ਦਿੱਤਾ। ਸਤਿਗੁਰੂ ਜੀ ਨੇ ਖਾਲਸਾ ਕੌਮ ਪ੍ਰਗਟ ਮਿਸ਼ਨ ਨੂੰ ਅਰੰਭ ਕਰਦਿਆਂ ਇਸ ਦੀ ਬੁਨਿਆਦ ਮਜ਼ਬੂਤੀ ਲਈ ਆਪਣੇ ਯੋਗ ਉੱਤਰ-ਅਧਿਕਾਰੀ ਦੀ ਕਠਿਨ ਪ੍ਰੀਖਿਆ ਲਈ, ਜਿਸ ਪ੍ਰੀਖਿਆ ਵਿਚ ਭਾਈ ਲਹਿਣਾ ਜੀ ਗੁਰਤਾਗੱਦੀ ਦੇ ਯੋਗ ਸਿੱਧ ਹੋਏ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਸਿੱਖ ਸਾਜਨਾ ਕੌਮ ਦੇ ਮਿਸ਼ਨ ਨੂੰ ਅੱਗੇ ਲੈ ਤੁਰੇ।

**ਸ੍ਰੀ ਗੁਰੂ ਅੰਗਦ ਦੇਵ ਜੀ:** ਖਾਲਸਾ ਪੰਥ ਦੀ ਉਸਾਰੀ ਗੁਰੂ ਜੀ ਨੇ ਗੁਰਮੁਖੀ ਭਾਸ਼ਾ ਨੂੰ ਅੱਖਰੀ ਤਰਤੀਬ ਦੇ ਕੇ ਮਜ਼ਬੂਤੀ ਨਾਲ ਸ਼ੁਰੂ ਕੀਤੀ। ਹਮਾਯੂੰ ਨੂੰ ਆਪਣੇ ਵੱਲ ਚੁੱਕੀ ਤਲਵਾਰ ਦਾ ਨਿਡਰਤਾ ਨਾਲ ਉੱਤਰ ਦੇ ਕੇ ਉਸ ਨੂੰ ਸ਼ਾਂਤ ਚਿੱਤ ਕਰ ਕੇ ਖਾਲਸਾ ਸਾਜਨਾ ਮਿਸ਼ਨ ਦੀ ਪ੍ਰਾਪਤੀ ਲਈ ਨਿਥਾਵਿਆਂ ਦੇ ਥਾਵ, ਨਿਤਾਣਿਆਂ ਦੇ ਤਾਣ ਤੇ ਨਿਆਸਰਿਆਂ ਦੇ ਆਸਰੇ, ਸੇਵਾ ਦੇ ਪੁੰਜ ਸ੍ਰੀ ਗੁਰੂ ਅਮਰਦਾਸ ਜੀ ਦੀ ੬੦ ਸਾਲਾਂ ਦੀ ਬਿਰਧ ਅਵਸਥਾ ਵਿਚ ਚੋਣ ਕਰ ਕੇ ਅਹਿਮ ਯੋਗਦਾਨ ਪਾਇਆ।

**ਸ੍ਰੀ ਗੁਰੂ ਅਮਰਦਾਸ ਜੀ:** ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਿੱਖੀ ਦਾ ਧੁਰਾ ਵਿਖੇ ਸਾਰੇ ਮਨੁੱਖਾਂ ਨੂੰ ਸਮਾਨਤਾ ਬਖਸ਼ਣ ਲਈ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ। ਅਕਬਰ ਬਾਦਸ਼ਾਹ ਨੂੰ ਸੰਗਤ-ਪੰਗਤ ਦੀ ਪਛਾਣ ਕਰਵਾ ਕੇ ਦਲੇਰੀ ਭਰਿਆ ਕਦਮ ਉਠਾ ਕੇ ਖਾਲਸਾ ਸਾਜਨਾ ਵਿਚ ਮਜ਼ਬੂਤ ਹਿੱਸਾ ਪਾਉਣ ਦੀ ਬਖਸ਼ਿਸ਼ ਕੀਤੀ। ਖਾਲਸਾ ਸਿੱਖ ਕੌਮ ਨੂੰ ਹੋਰ ਮਜ਼ਬੂਤੀ ਦੇਣ ਲਈ ਆਪਣੇ ਯੋਗ ਉੱਤਰ-ਅਧਿਕਾਰੀ ਦੀ ਚੋਣ ਨੂੰ ਚਾਰ ਦਿਨ ਲਗਾਤਾਰ ਥੜੇ ਤਿਆਰ ਕਰਨ ਦੀ ਪਾਈ ਪ੍ਰੀਖਿਆ ਦੁਆਰਾ ਸੰਪੰਨ ਕੀਤਾ। ਜਿਸ ਵਿਚ ਭਾਈ ਜੇਠਾ ਜੀ ਨੂੰ ਇਸ ਸਫਲਤਾ ਦਾ ਫਲ ਪ੍ਰਾਪਤ ਹੋਇਆ।

**ਸ੍ਰੀ ਗੁਰੂ ਰਾਮਦਾਸ ਜੀ:** ਸਿੱਖ ਕੌਮ ਦੀ ਸਾਜਨਾ ਦੇ ਵਡਮੁੱਲੇ ਮਹੱਤਵ ਵਜੋਂ ਅੰਮ੍ਰਿਤ ਸਰੋਵਰ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਖੁਦਾਈ ਦਾ ਟੱਕ ਲਾ ਕੇ ਕਾਰ-ਸੇਵਾ ਸ਼ੁਰੂ ਕੀਤੀ। ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ਨਿਰਮਾਣ, ਸੰਤੋਖਸਰ ਸਰੋਵਰ ਤਿਆਰ ਕਰ ਕੇ ਸਿੱਖ ਸੰਗਤਾਂ ਨੂੰ ਜਾਤ-ਪਾਤ ਤੋਂ ਦੂਰ ਰਹਿ ਕੇ ਸਾਰਿਆਂ ਨੂੰ ਇਕ ਬਰਾਬਰ ਸਮਝਣ ਦਾ ਉਪਦੇਸ਼ ਦਿੱਤਾ। ਅੰਮ੍ਰਿਤਸਰ ਸਿਫਤੀ ਦਾ ਘਰ ਖਾਲਸਾ ਕੌਮ ਦੀ ਸਾਜਨਾ ਵੱਲ ਬਹੁਤ ਵੱਡਾ ਕਦਮ ਪੁੱਟ ਕੇ ਆਪਣਾ ਵਡਮੁੱਲਾ ਯੋਗਦਾਨ ਪਾਇਆ।

**ਸ੍ਰੀ ਗੁਰੂ ਅਰਜਨ ਦੇਵ ਜੀ:** ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖਾਲਸਾ ਮਿਸ਼ਨ ਦੇ ਹੋਰ ਨਜ਼ਦੀਕ ਪੁੱਜਣ ਲਈ ਸ੍ਰੀ ਅੰਮ੍ਰਿਤ ਸਰੋਵਰ ਦੇ ਕੇਂਦਰ ਵਿਚ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨਿਰਮਾਣ ਕਰ, ਚਾਰ ਦਰਵਾਜ਼ੇ ਰੱਖ ਸਭ ਵਰਨਾਂ ਨੂੰ ਸਾਝਾਂ ਉਪਦੇਸ਼ ਦੇ ਕੇ ਜਾਤੀ ਭੇਦ ਨੂੰ ਖਤਮ ਹੀ ਕਰ ਦਿੱਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰ, ਸ੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਕਰ ਕੇ ਸਿੱਖ ਸੰਗਤਾਂ ਨੂੰ ਰੂਹਾਨੀ ਸ਼ਕਤੀ ਨਾਲ ਹੋਰ ਪੱਕੀ ਤਰ੍ਹਾਂ ਜੋੜ ਦਿੱਤਾ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ

ਖਾਲਸਾ ਪ੍ਰਗਟ ਮਿਸ਼ਨ ਦੇ ਨਜ਼ਦੀਕ ਪੁੱਜਦਾ ਕਰਨ ਲਈ ਹੱਕ ਤੇ ਧਰਮ ਖਾਤਰ ਪਹਿਲੀ ਵਿਲੱਖਣ ਸ਼ਹੀਦੀ ਦੇ ਕੇ ਖਾਲਸਾ ਪ੍ਰਗਟ ਮਿਸ਼ਨ ਲਈ ਜਾਗ੍ਰਿਤੀ ਭਰ ਦਿੱਤੀ ਸੀ।

**ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ:** ਪੰਜਵੇਂ ਸਤਿਗੁਰੂ ਜੀ ਦੀ ਸ਼ਹੀਦੀ ਉਪਰੰਤ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀ ਸ਼ਕਤੀ ਨੂੰ ਪ੍ਰਚੰਡ ਕੀਤਾ। ਗਵਾਲੀਅਰ ਦੇ ਕਿਲ੍ਹੇ ਵਿੱਚੋਂ ੫੨ ਰਾਜਿਆਂ ਦੀ ਰਿਹਾਈ ਬੰਦੀ-ਛੋੜ ਸ਼ਕਤੀ ਬਣ ਸਿੱਖ ਕੌਮ ਦੇ ਖਾਲਸਾ ਪ੍ਰਗਟ ਮਹਿਲ ਵਿਚ ਹੋਰ ਮਜ਼ਬੂਤੀ ਭਰ ਗਈ। ਸਤਿਗੁਰੂ ਜੀ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਸ਼ਾਂਤੀ ਦੇ ਪੁੰਜ ਦੇ ਸਾਹਮਣੇ ਸ਼ਕਤੀ ਦੇ ਪੁੰਜ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਸਿੱਖ ਕੌਮ ਨੂੰ ਅਣਖ ਸ਼ਕਤੀ ਪ੍ਰਾਪਤੀ ਦਾ ਪ੍ਰਚੰਡ ਵਿਲੱਖਣ ਸ਼ਕਤੀ ਸਰੋਤ ਕਾਇਮ ਕਰ ਦਿੱਤਾ। ਗੁਰੂ ਜੀ ਨੇ ਸ਼ਕਤੀਸ਼ਾਲੀ ਫੌਜ ਨਾਲ ਸਿੱਖ ਮਿਸ਼ਨ ਲਈ ਹੋਰ ਸ਼ਕਤੀ ਦੇਣ ਲਈ ਚਾਰ ਜੰਗਾਂ ਲੜੀਆਂ ਤੇ ਜਿੱਤ ਪ੍ਰਾਪਤ ਕਰ ਸਿੱਖ ਕੌਮ ਦੇ ਯੋਧਿਆਂ ਵਿਚ ਅਣਖ, ਗੈਰਤ ਦੀ ਅਥਾਹ ਸ਼ਕਤੀ ਪੈਦਾ ਕੀਤੀ।

**ਸ੍ਰੀ ਗੁਰੂ ਹਰਿਰਾਇ ਸਾਹਿਬ ਜੀ:** ਸਤਵੇਂ ਸਤਿਗੁਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਦੇਸੀ ਦਵਾਖਾਨੇ ਹੋਂਦ ਵਿਚ ਲਿਆਉਣ, ਦੁਖੀਆਂ ਦੀ ਸੇਵਾ ਅਤੇ ਲੋਕਾਈ ਦੇ ਦੁਖ ਹਰਨ ਦਾ ਮਿਸ਼ਨ ਰੂਪਮਾਨ ਕੀਤਾ। ਬਾਈ ਸੌ ਘੋੜ-ਸਵਾਰਾਂ ਦੀ ਫੌਜ ਹਰ ਸਮੇਂ ਤਿਆਰ-ਬਰ-ਤਿਆਰ ਰਿਹਾ ਕਰਦੀ ਸੀ।

**ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ:** ਬਾਲਾ-ਪ੍ਰੀਤਮ ਸਤਿਗੁਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਛੋਟੀ ਆਯੂ ਵਿਚ ਹੀ ਖਾਲਸਾ ਸਾਜਨਾ ਮਿਸ਼ਨ ਦੀ ਪੂਰਤੀ ਲਈ ਵੱਡੀ ਪੁਲਾਂਘ ਪੁੱਟਦਿਆਂ ਛੱਜੂ ਝੀਵਰ ਤੋਂ ਗੀਤਾ ਦੇ ਸਲੋਕ ਦੇ ਅਰਥ ਉਸ ਦੇ ਸਿਰ 'ਤੇ ਸੋਟੀ ਰੱਖ ਕੇ ਕਰਵਾ ਦਿੱਤੇ। ਗੁਰੂ ਜੀ ਸਿੱਖ ਸੰਗਤਾਂ ਦੀ ਸ਼ਰਧਾ ਨਾਲ ਦਿੱਲੀ ਗਏ। ਦਿੱਲੀ ਅੰਦਰ ਫੈਲੀ ਚੇਚਕ ਦੀ ਬਿਮਾਰੀ ਦਾ ਸੰਗਤਾਂ ਵਿੱਚੋਂ ਦੁਖ ਨਿਵਾਰਨ ਕਰਦਿਆਂ ਅਜਿਹੇ ਭਿਆਨਕ ਰੋਗ ਨੂੰ ਆਪਣੇ ਸਰੀਰ 'ਤੇ ਝੱਲ ਕੇ, ਸੰਗਤ ਨੂੰ ਅਰੋਗ ਕਰਦਿਆਂ ਖਾਲਸਾ ਸਾਜਨਾ ਮਿਸ਼ਨ ਨੂੰ ਗੁਰੂ-ਘਰ ਵੱਲੋਂ ਲੋਕਾਈ ਦਾ ਦੁੱਖ ਹਰਨ ਦਾ ਮਾਣ ਪ੍ਰਗਟਾਅ ਗਏ।

**ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ:** ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗੁਰਤਾਗੱਦੀ ਦੀ ਸੇਵਾ ਸੰਭਾਲਦਿਆਂ ਹੀ ਸਿੱਖੀ ਦੇ ਪ੍ਰਚਾਰ ਲਈ ਗੁਰੂ-ਘਰ ਦੇ ਗਿਆਨ ਰੋਸ਼ਨੀ ਦੀ ਪ੍ਰਕਾਸ਼ ਦੂਰ-ਦੂਰ ਤਕ ਫੈਲਾਉਣ ਲਈ ਚੱਲ ਪਏ। ਗੁਰੂ ਜੀ ਸਿੱਖੀ ਪ੍ਰਚਾਰ ਮਿਸ਼ਨ 'ਤੇ ਸਨ ਜਦ ਆਪ ਜੀ ਦੇ ਗ੍ਰਿਹ ਵਿਖੇ ਮਰਦ ਅਗੰਮੜਾ ਜੀ ਦਾ ਜਨਮ ਹੋਇਆ। ਸਤਿਗੁਰੂ ਜੀ ਨੇ ਬਾਲਕ ਦਾ ਨਾਂ ਗੋਬਿੰਦ ਰਾਇ ਰੱਖਿਆ। ਚੱਕ ਨਾਨਕੀ ਨਗਰ ਦੀ ਨੀਂਹ ਰੱਖ ਦਿੱਤੀ। ਗੁਰੂ ਜੀ ਨੇ ਖਾਲਸਾ ਪ੍ਰਗਟ ਜਨਮ ਭੂਮੀ ਦੀ ਮੋਹੜੀ ਗੱਡ ਦਿੱਤੀ ਸੀ। ਗੁਰੂ ਜੀ ਨੇ ਕੁਝ ਹੀ ਸਮੇਂ ਅੰਦਰ ਪਰਵਾਰ ਨੂੰ ਪਟਨਾ ਸਾਹਿਬ ਤੋਂ ਪੰਜਾਬ ਸੱਦ ਲਿਆ।

ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਨੌਂ ਸਾਲ ਦੀ ਸੀ ਜਦ ਕਸ਼ਮੀਰੀ

ਪੰਡਤਾਂ ਦੀ ਦੁੱਖ ਭਰੀ ਪੁਕਾਰ ਸੁਣ ਕੇ ਹਿੰਦੂ ਧਰਮ ਦੀ ਰੱਖਿਆ ਲਈ ਪਿਤਾ ਜੀ ਨੂੰ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਰਾਖੀ ਲਈ ਔਰੰਗਜ਼ੇਬ ਦੇ ਤਪ ਰਹੇ ਜ਼ੁਲਮ ਦੇ ਸੂਰਜ ਨੂੰ ਠੰਢਾ ਕਰਨ ਲਈ ਸ਼ਹੀਦੀ ਦੇਣ ਲਈ ਭੇਜਿਆ। ਨੌਵੇਂ ਗੁਰੂ ਸਾਹਿਬ ਜੀ ਨੇ ਹਿੰਦੂ ਧਰਮ ਦੀ ਸੁਰੱਖਿਆ ਲਈ ਆਪਣਾ ਸੀਸ ਕਟਵਾ ਕੇ ਸ਼ਹੀਦੀ ਪ੍ਰਾਪਤ ਕੀਤੀ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ:** ਦਸਮੇਸ਼ ਪਿਤਾ ਜੀ ਨੇ ੩੩ ਸਾਲ ਤਕ ਆਯੂ ਜੀਵਨ ਪੰਧ 'ਤੇ ਚੱਲਦਿਆਂ ਸਿੱਖ ਕੌਮ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਲਈ ਬੜੀ ਸੂਝ-ਬੂਝ ਤੇ ਦੂਰ-ਅੰਦੇਸ਼ੀ ਨਜ਼ਰ ਨਾਲ ਸਮੀਖਿਆ ਕਰ ਲਈ ਸੀ। ਗੁਰੂ ਜੀ ਨੇ ਅਕਾਲ ਪੁਰਖ ਦੇ ਹੁਕਮ ਪ੍ਰਵਾਨ ਕਰਦਿਆਂ ਖਾਲਸਾ ਪ੍ਰਗਟ ਕਰ ਕੇ ਸਿੱਖ ਕੌਮ ਨੂੰ ਨਵੀਆਂ ਲੀਹਾਂ 'ਤੇ ਤੋਰਨ ਲਈ ਮਾਰਗ-ਦਰਸ਼ਨ ਕਰਨਾ ਸੀ। ਖਾਲਸਾ ਪ੍ਰਗਟ ਮਿਸ਼ਨ ਦੀ ਪੂਰਤੀ ੨੩੦ ਸਾਲ ਨਾਨਕ ਨਾਮ-ਲੇਵਾ ਗੁਰਤਾ ਗੱਦੀ ਦੀ ਘਾਲਣਾ ਨੂੰ ਸਿਖਰ 'ਤੇ ਪੁੱਜਾ ਤੱਕ ਕੇ ਦਸਮੇਸ਼ ਜੀ ਖਾਲਸਾ ਸਾਜਨਾ ਮਿਸ਼ਨ ਦੀ ਸਿਰਜਣਾ ਕਰਨ ਲੱਗੇ:

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥* *(ਬਚਿਤ੍ਰ ਨਾਟਕ)*

ਗੁਰੂ ਜੀ ਨੇ ਕੁਝ ਛਿਪਾਇਆ ਨਹੀਂ ਇਤਿਹਾਸ ਨੂੰ ਖਾਲਸਾ ਪੰਥ ਦੀ ਸਾਜਨਾ ਦੇ ਮੂਲ ਉਦੇਸ਼ ਨੂੰ ਪੂਰੀ ਤਰ੍ਹਾਂ ਸਪਸ਼ਟ ਕੀਤਾ:

*ਅਸੁਰ ਸੰਘਾਰਬੇ ਕੋ, ਦੁਰਜਨ ਕੇ ਮਾਰਬੇ ਕੋ।*
*ਸੰਕਟ ਨਿਵਾਰਬੇ ਕੋ, ਖਾਲਸਾ ਬਨਾਯੋ ਹੈ।*

ਪਹਿਲੇ ਸਤਿਗੁਰ ਜੀ ਵੱਲੋਂ ਆਪਣੇ ਪ੍ਰਕਾਸ਼ ੧੪੬੯ ਈ. ਤੋਂ ਅਰੰਭ ਕੀਤਾ ਖਾਲਸਾ ਮਿਸ਼ਨ ੩੦ ਮਾਰਚ, ੧੬੯੯ ਈ. ਦੀ ਵੈਸਾਖੀ ਪੁਰਬ 'ਤੇ ਸ੍ਰੀ ਦਸਮੇਸ਼ ਪਿਤਾ ਨੇ ਅੰਤਮ ਚਰਮ ਤਕ ਪੁੱਜਦਾ ਕਰ ਕੇ ਇਨਕਲਾਬੀ ਸਿੱਖ ਕੌਮ ਦੇ ਇਤਿਹਾਸ ਵਿਚ ਨਵੀਂ ਪਛਾਣ ਦੀ ਰੂਹ ਫੂਕ ਦਿੱਤੀ। ਗੁਰੂ ਜੀ ਨੇ ਦੂਰ-ਦੂਰ ਤਕ ਚਾਰੇ ਦਿਸ਼ਾਵਾਂ ਨੂੰ ਸਿੱਖ ਸੰਗਤਾਂ ਦੇ ਨਾਂ ਹੁਕਮਨਾਮੇ ਭੇਜ ਕੇ ਵੈਸਾਖੀ ਦੇ ਪਵਿੱਤਰ ਤਿਉਹਾਰ 'ਤੇ ਸ੍ਰੀ ਅਨੰਦਪੁਰ ਸਾਹਿਬ ਸਭ ਗੁਰੂ ਦੀਆਂ ਸ਼ਰਧਾਵਾਨ ਸੰਗਤਾਂ ਨੂੰ ਪੁੱਜ ਕੇ ਗੁਰੂ ਦੀਆਂ ਖੁਸ਼ੀਆ ਪ੍ਰਾਪਤ ਕਰਨ ਲਈ ਸੱਦਿਆ।

ਸ੍ਰੀ ਕਲਗੀਧਰ ਜੀ ਦੇ ਹੁਕਮ ਪਾ ਸ਼ਰਧਾਵਾਨ ਸਿੱਖ ਸੰਗਤ ੧੬੯੯ ਈ. ਦੀ ਵੈਸਾਖੀ ਨੂੰ ਬੜੀ ਭਾਰੀ ਗਿਣਤੀ ਵਿਚ ਵਹੀਰਾਂ ਘੱਤ ਕੇ ਪੁੱਜ ਗਈਆਂ। ਇਤਿਹਾਸਕਾਰ ਲਿਖਦੇ ਹਨ ਕਿ ਇਸ ਦਿਨ 'ਤੇ ਲੱਗਭਗ ਅੱਸੀ ਹਜ਼ਾਰ ਤੋਂ ਉੱਪਰ ਸੰਗਤ ਗੁਰੂ ਜੀ ਦੇ ਸੱਦੇ 'ਤੇ ਪੁੱਜੀਆਂ। ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਪਾਵਨ ਤਖਤ ਦੇ ਅਸਥਾਨ 'ਤੇ ਬੜੇ ਵਿਸ਼ਾਲ ਪੰਡਾਲ ਵਿਚ ਰਸ-ਭਿੰਨਾ ਸ਼ਬਦ ਕੀਰਤਨ ਹੋਇਆ, ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਬੀਰ ਰਸ ਨਾਲ ਨਿਹਾਲ ਕਰ ਰਹੇ ਸਨ। ਬੜੇ ਪ੍ਰਭਾਵਸ਼ਾਲੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਸ੍ਰੀ ਦਸਮੇਸ਼ ਪਿਤਾ ਜੀ ਆਪਣੇ ਹੱਥ ਵਿਚ ਲਿਸ਼ਕਦੀ ਕਿਰਪਾਨ

ਲੈ ਕੇ ਸਟੇਜ ’ਤੇ ਖੜੇ ਹੋ ਗਏ। ਬੜੇ ਜਲੌ ਅੰਦਰ ਗਰਜਵੀਂ ਅਵਾਜ਼ ਵਿਚ ਕਿਰਪਾਨ ਉੱਪਰ ਉਠਾ ਕੇ ਸਿੱਖ ਸੰਗਤਾਂ ਨੂੰ ਹੁਕਮ ਸੁਣਾਇਆ ਕਿ “ਮੇਰੀ ਪਿਆਰੀ ਸਿੱਖ ਸੰਗਤ ਜੀ, ਕੋਈ ਹੈ ਗੁਰੂ ਦਾ ਲਾਡਲਾ ਜੋ ਗੁਰੂ ਦੇ ਆਸ਼ਿਆਂ, ਨਿਸ਼ਾਨਿਆਂ ਦੀ ਪੂਰਤੀ ਲਈ ਆਪਣਾ ਸੀਸ ਗੁਰੂ ਨੂੰ ਭੇਟ ਕਰੇ। ਗੁਰੂ ਜੀ ਦਾ ਹੁਕਮ ਸੁਣਦਿਆਂ ਹੀ ਸੰਗਤਾਂ ਦੇ ਇਕੱਠ ਵਿਚ ਚੁੱਪ ਛਾ ਗਈ, ਸੰਗਤਾਂ ਪੰਡਾਲ ਵਿਚ ਨੀਵੀਂ ਪਾਈ ਸੁਣ ਰਹੀਆਂ ਸਨ। ਗੁਰੂ ਜੀ ਦੀ ਤੀਸਰੀ ਵਾਰ ਕੜਕਵੀਂ ਅਵਾਜ਼ ਵਿਚ ਸੀਸ ਭੇਟ ਦੀ ਮੰਗ ’ਤੇ ਭਾਈ ਦਇਆ ਰਾਮ ਜੀ ਨੇ ਆਪਣਾ ਸੀਸ ਖੜੇ ਹੋ ਕੇ ਹੱਥ ਜੋੜਦਿਆਂ ਗੁਰੂ ਜੀ ਅੱਗੇ ਭੇਟ ਕੀਤਾ। ਗੁਰੂ ਜੀ ਉਸ ਨੂੰ ਬਾਂਹ ਪਕੜ ਕੇ ਤੰਬੂ ਵਿਚ ਲੈ ਗਏ। ਗੁਰੂ ਜੀ ਨੇ ਮੁੜ ਸਟੇਜ ’ਤੇ ਆ ਕੇ ਇਕ ਹੋਰ ਸੀਸ ਭੇਟਾ ਦੀ ਮੰਗ ਕੀਤੀ। ਦਿੱਲੀ ਦੇ ਭਾਈ ਧਰਮ ਦਾਸ ਜੀ ਨੇ ਆਪਣਾ ਸੀਸ ਗੁਰੂ ਜੀ ਨੂੰ ਭੇਟ ਕੀਤਾ। ਤੀਸਰੀ ਵਾਰ ਜਗਨਨਾਥ ਪੁਰੀ ਉੜੀਸਾ ਤੋਂ ਭਾਈ ਹਿੰਮਤ ਰਾਇ ਜੀ ਨੇ ਆਪਣਾ ਸੀਸ ਗੁਰੂ ਜੀ ਨੂੰ ਭੇਟ ਕੀਤਾ। ਚੌਥੀ ਵਾਰ ਦਵਾਰਕਾ ਦੇ ਛੀਂਬੇ ਭਾਈ ਮੋਹਕਮ ਚੰਦ ਜੀ ਅਤੇ ਗੁਰੂ ਜੀ ਦੀ ਪੰਜਵੀਂ ਵਾਰ ਮੰਗ ’ਤੇ ਭਾਈ ਸਾਹਿਬ ਚੰਦ ਜੀ ਬਿਦਰ ਆਂਧਰਾ ਪ੍ਰਦੇਸ਼ ਦੇ ਝੀਵਰ ਜਾਤੀ ਦੇ ਸਿੱਖ ਨੇ ਆਪਣਾ ਸੀਸ ਗੁਰੂ ਜੀ ਨੂੰ ਭੇਟ ਵਜੋਂ ਅਰਪਨ ਕਰ ਦਿੱਤਾ।

ਸੰਗਤਾਂ ਦੇ ਇਕੱਠ ਵਿਚ ਬਹੁਤ ਸਾਰਿਆਂ ਦੇ ਰੰਗ ਫੱਕ ਸਨ, ਕੋਈ ਉੱਚੀ ਸਾਹ ਨਹੀਂ ਸੀ ਕੱਢ ਰਿਹਾ, ਲੋਕ ਅੱਖਾਂ ਟੱਡ ਕੇ ਵੇਖ ਰਹੇ ਸਨ, ਕਈ ਲੋਕ ਤਾਂ ਖਿਸਕਣੇ ਸ਼ੁਰੂ ਹੋ ਗਏ। ਗੁਰੂ ਜੀ ਉਨ੍ਹਾਂ ਪੰਜਾਂ ਸਿੱਖਾਂ ਨੂੰ ਸੁੰਦਰ ਪੁਸ਼ਾਕੇ ਪੁਆ ਕੇ ਅਤੇ ਪੰਜ ਕਕਾਰ ਸਜਾ ਕੇ ਸਟੇਜ ’ਤੇ ਲੈ ਆਏ। ਲੋਹੇ ਦਾ ਬਾਟਾ ਤੇ ਖੰਡਾ ਮੰਗਵਾਇਆ ਗਿਆ, ਦਸਮੇਸ਼ ਜੀ ਨੇ ਬਾਟੇ ਵਿਚ ਜਲ ਪਾ ਕੇ ਖੰਡਾ ਫੇਰਦਿਆਂ ਪੰਜ ਬਾਣੀਆਂ ਦਾ ਪਾਠ ਕਰ ਕੇ ਆਪ ਅੰਮ੍ਰਿਤ ਤਿਆਰ ਕੀਤਾ:

*ਭਲੋ ਭਯੋ ਨੂੰ ਚਲ ਕਰ ਆਈ।*
*ਨੀਰ ਬਿਖੇ ਆਈ ਮਧਰਾਈ।*
*ਨ ਤਰ ਪੰਥ ਹੋਤ ਬਡ ਕਰੂਰਾ।*
*ਤੇਗ ਕ੍ਰੋਧ ਕਲਹ ਕਰ ਪੂਰਾ।* *(ਸੂਰਜ ਪ੍ਰਕਾਸ਼)*

**ਅਤੇ**

*ਪ੍ਰੇਮ ਪਤਾਸੇ ਡਾਰੇ ਅਬ ਮਾਤ ਨੇ,*
*ਯੋ ਅਤਿ ਸੰਗਤ ਮੋਦ ਧਰਾਈ।* *(ਗੁਰ ਬਿਲਾਸ ਪਾਤ: ੧੦)*

ਦਸਮੇਸ਼ ਜੀ ਨੇ ਆਪ ਅੰਮ੍ਰਿਤ ਬਾਟੇ ਵਿੱਚੋਂ ਪੰਜ-ਪੰਜ ਚੁਲੇ ਅੱਖਾਂ, ਸਿਰ ਅਤੇ ਮੂੰਹ ’ਚ ਪਾਏ। ਹਰ ਚੁਲੇ ਨਾਲ *ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ* ਅਖਵਾਈ। ਕਲਗੀਧਰ ਜੀ ਨੇ ਸਿੱਖ ਕੌਮ ਵਿਚ ਪੰਜਾਂ ਪਿਆਰਿਆਂ ਦਾ ਲਕਸ਼ ਪੂਰਾ ਕਰਦਿਆਂ ਉਨ੍ਹਾਂ ਸਿੱਖਾਂ ਨੂੰ ਪੰਜਾਂ ਪਿਆਰਿਆਂ ਦੀ ਪਦਵੀ ਪ੍ਰਦਾਨ ਕੀਤੀ। ਸ੍ਰੀ ਕਲਗੀਧਰ

ਜੀ ਨੇ ਸ਼ਬਦ ਕਹੇ ਕਿ ਅੱਜ ਤੋਂ ਅੰਮ੍ਰਿਤ ਦੀ ਪਾਹੁਲ ਲੈਣਾ ਮੇਰਾ ਸਿੱਖ ਹੋਣਾ ਹੈ। ਅੰਮ੍ਰਿਤਧਾਰੀ ਸਿੱਖ ਲਈ ਪੰਜ ਕਕਾਰ- ਕੜਾ, ਕਿਰਪਾਨ, ਕੰਘਾ, ਕੇਸ ਤੇ ਕਛਹਿਰਾ ਜ਼ਰੂਰੀ ਹਨ। ਪੰਜਾਂ ਬਾਣੀਆਂ ਦਾ ਨਿੱਤਨੇਮ ਕਰਨਾ ਅਤੇ ਰਹਿਤ ਮਰਯਾਦਾ ਮੁਕੱਰਰ ਕਰ ਦਿੱਤੀ, ਦਸਮੇਸ਼ ਪਿਤਾ ਜੀ ਨੇ ਸੰਸਾਰ ਵਿਚ ਇਕ ਵੱਖਰੀ ਪਛਾਣ ਰੱਖਣ ਵਾਲਾ ਖਾਲਸਾ ਪ੍ਰਗਟ ਕਰ ਦਿੱਤਾ। ਅਕਾਲ ਪੁਰਖ ਵੱਲੋਂ ਦਿੱਤੇ ਹੁਕਮ ਦੀ ਪੂਰਤੀ ਕਰ ਵਿਖਾਈ:

*ਪ੍ਰਗਟਿਓ ਖਾਲਸਾ, ਪਰਮਾਤਮ ਕੀ ਮੌਜ।*

ਕਲਗੀਧਰ ਜੀ ਨੇ ਅੰਮ੍ਰਿਤਧਾਰੀ ਸਿੱਖ ਦੇ ਨਾਮ ਅੱਗੇ 'ਸਿੰਘ' ਸਿੱਖਣੀ ਦੇ ਨਾਂ ਅੱਗੇ 'ਕੌਰ' ਸ਼ਬਦ ਲਾਉਣਾ ਜ਼ਰੂਰੀ ਕਰ ਦਿੱਤਾ।

ਕਲਗੀਧਰ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਖਾਲਸਾ ਪ੍ਰਗਟ ਕਰ ਕੇ ਜਾਤ-ਪਾਤ ਦਾ ਬੰਧਨ ਤੋੜਦਿਆਂ ਸਭ *ਏਕੁ ਪਿਤਾ ਏਕਸ ਕੇ ਹਮ ਬਾਰਿਕ* ਸਿੱਧ ਕਰ ਕੇ ਫਤਿਹ ਦਾ ਗੂੰਜਵਾਂ ਨਾਅਰਾ ਦਿੱਤਾ। ਜਾਤੀ-ਭਿੰਨਤਾ ਖਤਮ ਕਰ, ਏਕਤਾ ਦਾ ਅਹਿਸਾਸ ਕਰਾਇਆ

ਪੰਜਾਂ ਪਿਆਰਿਆਂ ਨੂੰ ਖਾਲਸਾ ਰੂਪ ਪ੍ਰਗਟ ਕਰ ਕੇ ਗੁਰੂ ਜੀ ਨੇ ਪੰਜ ਪਿਆਰਿਆਂ ਅੱਗੇ ਨੀਵੇਂ ਹੋ ਹੱਥ ਜੋੜ ਨਿਮਰਤਾ ਨਾਲ ਕਿਹਾ ਖਾਲਸਾ ਜੀ! ਅੰਮ੍ਰਿਤ ਦੀ ਦਾਤ ਮੈਨੂੰ ਵੀ ਬਖਸ਼ੋ। ਖਾਲਸਾ ਜੀ ਮੈਨੂੰ ਅੰਮ੍ਰਿਤ ਦੀ ਦਾਤ ਉਂਵ ਹੀ ਬਖਸ਼ੋਂ ਜਿਵੇਂ ਗੁਰੂ ਨੇ ਆਪ ਜੀ ਨੂੰ ਖਾਲਸਾ ਸਜਾਇਆ ਹੈ। ਮੈਨੂੰ ਆਪਣੇ ਖਾਲਸਾ ਰੂਪ ਵਿਚ ਸ਼ਾਮਲ ਕਰੋ ਜੀ।

*ਉਤਰ ਸਿੰਘਾਸਨ, ਜੁਗ ਕਰ ਜੋਰੀ।*
*ਅੰਮ੍ਰਿਤ ਲੇਤ ਆਪ ਸੁਖ ਗੋਰੀ।* *(ਮਹਿਮਾ ਪ੍ਰਕਾਸ਼)*

ਪੰਜ ਪਿਆਰਿਆਂ ਨੇ ਗੁਰੂ ਜੀ ਨੂੰ ਉਸੇ ਵਿਧੀ ਅਨੁਸਾਰ ਹੀ ਅੰਮ੍ਰਿਤ ਦਾ ਬਾਟਾ ਪੰਜ ਬਾਣੀਆਂ ਦਾ ਪਾਠ ਕਰਦਿਆਂ ਤਿਆਰ ਕੀਤਾ। ਗੁਰੂ ਜੀ ਨੇ ਆਪ ਪੰਜ ਕਕਾਰ ਪਹਿਨ ਲਏ। ਗੁਰੂ ਜੀ ਨੇ ਉਸ ਦਿਨ ਤੋਂ ਆਪਣਾ ਨਾਮ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਰੱਖਿਆ।

ਇਸ ਪ੍ਰਕਾਰ *ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥* ਦੀ ਪਦਵੀ ਧਾਰਨ ਕਰ ਕੇ ਸੰਸਾਰ ਵਿਚ ਇਨਕਲਾਬੀ ਕੌਮ "ਖਾਲਸਾ ਪੰਥ" ਮਿਸ਼ਨ ਦੀ ਪੂਰਤੀ ਪਰਮਾਤਮਾ ਦੀ ਹਦਾਇਤ ਅਨੁਸਾਰ ਪੂਰੀ ਕੀਤੀ, ਜੋ ਅੱਜ ਤਕ ਸੰਸਾਰ ਦਾ ਕੋਈ ਵੀ ਪੈਗ਼ੰਬਰ, ਔਲੀਆ, ਰਹਿਬਰ ਨਹੀਂ ਕਰ ਸਕਿਆ। ਅਜਿਹੀ ਮਿਸਾਲ ਜਗਾ ਕੇ ਦੁਨੀਆ ਨੂੰ ਨਵੇਂ ਪ੍ਰਕਾਸ਼ ਦੀ ਰੋਸ਼ਨੀ ਪ੍ਰਦਾਨ ਕਰਦਿਆਂ ਆਪਣਾ ਰੂਪ ਪੰਥ ਖਾਲਸੇ ਵਿਚ ਅਭੇਦ ਕਰ ਲਿਆ। ਖਾਲਸਾ ਮਿਸ਼ਨ ਦੀ ਪੂਰਤੀ ਲਈ ਦਸ ਗੁਰੂ ਸਾਹਿਬ ਦੇ ਜੀਵਨ ਦੇ ੨੩੦ ਸਾਲ ਦੀ ਸਖਤ ਘਾਲਣਾ ਸਦਕਾ "ਪ੍ਰਗਟਿਓ ਖਾਲਸਾ" ੧੬੯੯ ਈ. ਦੀ ਵੈਸਾਖੀ ਸ੍ਰੀ ਕੇਸਗੜ੍ਹ ਤਖਤ ਸ੍ਰੀ ਅਨੰਦਪੁਰ ਸਾਹਿਬ ਸਿੱਖ ਕੌਮ ਦੀ ਦੁਨੀਆ ਵਿਚ ਵੱਖਰੀ ਅਲੌਕਿਕ ਪਛਾਣ ਹੋਂਦ ਵਿਚ ਆਈ ਹੈ। ■

# ਖਾਲਸੇ ਦੇ ਬੋਲੇ

-ਡਾ. ਅਮਰਜੀਤ ਕੌਰ*

ਅਠਾਰ੍ਹਵੀਂ ਸਦੀਂ ਵਿਚ ਸਿੱਖ ਕੌਮ ਅੰਤਾਂ ਦੇ ਕਸ਼ਟਾਂ ਵਿਚ ਸੀ। ਇਹ ਉਹ ਸਮਾਂ ਸੀ ਕਿ ਜਦੋਂ ਵੀ ਕੋਈ ਮੁਗ਼ਲ ਹਾਕਮ ਲਾਹੌਰ ਦੇ ਤਖਤ 'ਤੇ ਬੈਠਦਾ ਸੀ ਤਾਂ ਉਹ ਇਹੋ ਅਹਿਦ ਕਰਦਾ ਸੀ ਕਿ ਉਹ ਸਿੱਖਾਂ ਦਾ ਇਸ ਧਰਤੀ ਉੱਤੋਂ ਨਾਮ-ਓ-ਨਿਸ਼ਾਨ ਮਿਟਾ ਦੇਵੇਗਾ। ਸੋ ਨਿੱਤ ਨਵੇਂ ਸੂਰਜ ਨਵਾਂ ਸਰਕਾਰੀ ਫੁਰਮਾਨ ਸਿੱਖਾਂ ਵਿਰੁੱਧ ਜਾਰੀ ਹੁੰਦਾ ਸੀ ਕਿ ਜਿੱਥੇ ਵੀ ਕੋਈ ਸਿੱਖ ਮਿਲੇ, ਫੜ ਕੇ ਲਾਹੌਰ ਪਹੁੰਚਾਇਆ ਜਾਏ। ਮੁਗ਼ਲ ਫੌਜਾਂ ਦੀਆਂ ਟੁੱਕੜੀਆਂ ਆਦਮ-ਬੋ ਆਦਮ-ਬੋ ਕਰਦੀਆਂ ਹਰਲ ਹਰਲ ਕਰਦੀਆਂ ਫਿਰਦੀਆਂ ਸਨ। ਲਾਹੌਰ ਦੇ ਨਖਾਸ ਚੌਂਕ ਵਿਚ ਸਿੰਘਾਂ ਦੇ ਸਿਰਾਂ ਦੇ ਮੀਨਾਰ ਉੱਸਰਦੇ ਰਹੇ। ਉਸ ਵੇਲੇ ਰਾਠ ਸਿੰਘ ਜੋ ਮੁਗ਼ਲਾਂ ਦੇ ਜ਼ੁਲਮ ਸਹਿਣ ਤੋਂ ਆਕੀ ਸਨ, ਉਹ ਜੰਗਲੀਂ ਨਿਕਲ ਗਏ। ਉਨ੍ਹਾਂ ਦੇ ਘਰ ਘੋੜਿਆਂ ਦੀ ਪਿੱਠਾਂ ਉੱਤੇ, ਜੰਗਲਾਂ ਵਿਚ ਕੁਦਰਤੀ ਢਾਬਾਂ ਉੱਤੇ ਅਤੇ ਜਾਨਵਰਾਂ ਦੀਆਂ ਗੁਫ਼ਾਵਾਂ ਬਣ ਗਏ ਸਨ। ਉਨ੍ਹਾਂ ਕੋਲ ਕੋਈ ਸੁੱਖ-ਸਹੂਲਤ ਨਹੀਂ ਸੀ। ਖਾਣ ਲਈ ਜੰਗਲੀ ਬੇਰ, ਡੇਲੇ, ਪੀਲੂ ਇਤਿਆਦਿ ਫ਼ਲ ਫੁੱਲ ਸਨ।

ਅਤਿਅੰਤ ਕਸ਼ਟਾਂ ਵਿਚ ਵੀ ਹਰ ਵੇਲੇ ਵਾਹਿਗੁਰੂ ਦਾ ਸਿਮਰਨ ਕਰਨਾ, ਚੜ੍ਹਦੀ ਕਲਾ ਵਿਚ ਰਹਿਣਾ, ਉੱਚੇ ਤੇ ਸੁੱਚੇ ਅਚਾਰੀ ਤੇ ਵਿਹਾਰੀ ਰਹਿਣਾ, ਜਦੋਂ ਵੀ ਕੁਝ ਖਾਣ ਨੂੰ ਮਿਲੇ ਵੰਡ ਕੇ ਛਕਣਾ, ਨਿੱਤ ਦੁਸ਼ਮਣਾਂ ਨਾਲ ਜੂਝਣਾ, ਜਾਤ-ਪਾਤ ਤੋਂ ਨਿਰਲੇਪ ਇੱਕ-ਮੁੱਠ ਹੋ ਕੇ ਦੁੱਖ-ਸੁਖ ਵਿਚ ਖ਼ਿਆਲ ਰਹਿਣਾ, ਉਨ੍ਹਾਂ ਰਾਠ ਸਿੰਘਾਂ ਦਾ ਵਰਤਾਰਾ ਬਣ ਗਿਆ ਸੀ। ਥੋੜੇ ਨੂੰ ਬਹੁਤਾ ਕਰਕੇ ਜਾਣਨਾ, ਨਿਗੂਣੀ ਚੀਜ਼ ਨੂੰ ਗੁਣਵਾਨ ਦੱਸਣਾ, ਆਮ ਨੂੰ ਖਾਸ, ਕਮਜ਼ੋਰ ਨੂੰ ਤਕੜਾ ਕਰਕੇ ਜਾਣਨ ਲਈ, ਉਸ ਸਮੇਂ ਸਿੰਘਾਂ ਨੇ ਆਪਣੀ ਸ਼ਬਦਾਵਲੀ ਬਣਾ ਲਈ ਸੀ। ਇਹ ਸ਼ਬਦਾਵਲੀ ਜੋ ਅਠਾਰ੍ਹਵੀਂ ਸਦੀਂ ਦੇ ਸਿੰਘਾਂ ਦੀ ਚੜ੍ਹਦੀ ਕਲਾ ਦੀ ਪ੍ਰਤੱਖ ਮਿਸਾਲ ਹੈ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਸੀਂ ਭੁੱਲ ਗਏ ਹਾਂ। ਜੋ ਸਾਨੂੰ ਸ਼ੋਭਦਾ ਨਹੀਂ ਹੈ। ਜੇਕਰ ਸਾਡੇ ਵਡੇਰੇ ਕਸ਼ਟਾਂ ਵਿਚ ਵੀ ਚੜ੍ਹਦੀ ਕਲਾ ਵਿਚ ਨਾ ਰਹਿੰਦੇ, ਕਮਜ਼ੋਰ ਪੈ ਜਾਂਦੇ, ਸੂਰਮਗਤੀ ਵਾਲੀ ਸ਼ਬਦਾਵਲੀ ਨਾ ਘੜਦੇ ਤਾਂ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਅੱਜ ਅਸੀਂ ਨਾ ਹੁੰਦੇ। ਸਾਡੀ ਹੋਂਦ ਬਰਕਰਾਰ ਰੱਖਣ ਵਾਲਿਆਂ ਖਾਲਸਿਆਂ ਦੇ ਬੋਲਿਆਂ ਨੂੰ ਯਾਦ ਰੱਖਣਾ ਸਾਡਾ ਕਰਤਵ ਹੈ। ਖਾਲਸਿਆਂ ਦੇ ਬੋਲਿਆਂ ਦੇ ਕੁਝ ਅੰਸ਼ ਇਸ ਤਰ੍ਹਾਂ ਹਨ:

| | | | |
|---|---|---|---|
| ਉਜਾਗਰ | :- ਦੀਵਾ, ਚਰਾਗ | ਅਕਲਦਾਨ | :- ਡੰਡਾ |
| ਉਜਾਗਰੀ | :- ਲਾਲਟੈਨ ਜਾਂ ਲੈਂਪ | ਅਕਾਸ਼ਪਰੀ | :- ਬੱਕਰੀ |

*ਪਿੰਡ ਤੇ ਡਾਕ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ। ਮੋ: +੯੧੯੭੮੦੬-੩੫੧੯੭

ਅਕਾਸ਼ ਦੀਵਾ :- ਸੂਰਜ ਅਤੇ ਚੰਦਰਮਾ
ਅਕਾਸ਼ੀ ਫੌਜ :- ਸ਼ਹੀਦੀ ਫੌਜ,
ਅਕਾਲ ਦੀ ਗੁਪਤ ਫੌਜ
ਅਕਾਲ ਬਾਂਗਾਂ :- ਸਤਿ ਸ੍ਰੀ ਅਕਾਲ ਦਾ ਜੈਕਾਰਾ
ਅਥੱਕ :- ਕਮਜ਼ੋਰ ਘੋੜਾ ਮਰੀਅਲ ਜਿਹਾ
ਅਥੱਕ ਸਵਾਰੀ :- ਜੁੱਤੀ
ਅਫਲਾਤੂਨ :- ਰਜਾਈ
ਅਰਦਾਸੀਆ :- ਅਰਦਾਸ ਕਰਨ ਵਾਲਾ
ਅਰਾਕੀ :- ਘੋੜਾ
ਅੜੰਗ ਬੜੰਗ ਹੋਣਾ :- ਲੇਟਣਾ, ਸੌਂ ਜਾਣਾ
ਆਹੂ ਲਾਹੁਣੇ :- ਕਤਲ-ਏ-ਆਮ ਕਰਨਾ
ਆਕੜ ਭੰਨ :- ਰੋਗ, ਬਿਮਾਰੀ
ਅਨੰਦ ਹੋਣ :- ਤ੍ਰਿਪਤ ਹੋਣਾ
ਅਨੰਦ ਕਾਰਜ :- ਵਿਆਹ
ਅੰਗੀਠਾ :- ਚਿਤਾ
ਅੰਮ੍ਰਿਤੀ :- ਕੜੀ
ਇਕ ਟੰਗੀ ਬਟੇਰਾ :- ਬਤਾਊਂ
ਇੰਦਰ ਜਲ :- ਮੀਂਹ ਦਾ ਪਾਣੀ
ਇੰਦ੍ਰਾਣੀ :- ਹਵਾ
ਇਲਾਚੀ :- ਫੁਲਾਹੀ
ਸ਼ਹੀਦ ਗੰਜ :- ਸ਼ਹੀਦ ਸਿੰਘਾਂ ਦੇ ਸਸਕਾਰ
ਵਾਲੀ ਜਗ੍ਹਾ
ਗਿੱਦੜ :- ਕਾਇਰ, ਭਗੌੜਾ
ਗੁੱਦੜ :- ਦੁੱਧ ਦੀ ਮਲਾਈ
ਗੁਪਤਾ :- ਗੂੰਗਾ
ਗੁਬਿੰਦੀਆਂ :- ਗਾਜਰਾਂ
ਗੁਬਿੰਦੇ :- ਖਰਬੂਜੇ
ਘੱਲੂਘਾਰਾ :- ਭਿਅੰਕਰ ਯੁੱਧ-ਘਾਣ
ਘਾਲਾਮਾਲਾ ਕਰਨਾ :- ਬੇਈਮਾਨੀ ਕਰਨੀ
ਘੁਸਮੁਸਾ :- ਸ਼ਾਮ ਦਾ ਵੇਲਾ
ਚਟਣ ਪੁਲਾਓ :- ਚਟਣੀ

ਚਰਨ ਦਾਸੀ :- ਜੁੱਤੀ
ਚਲਾਕਣ :- ਰੰਬੀ
ਚੜ੍ਹਦੀ ਕਲਾ :- ਉਤਸ਼ਾਹ, ਉਮੰਗ
ਚੀਤਾ ਮਾਰਨਾ :- ਪੇਸ਼ਾਬ ਕਰਨਾ
ਚੋਬਚੀਨੀ :- ਮਿਰਚਾਂ
ਛਾਂਦਾ :- ਹਿੱਸਾ
ਛਿੱਲੜ :- ਰੁਪਇਆ
ਜਹਾਜ਼ :- ਗੱਡਾ
ਜਹਾਜ਼ ਚੜ੍ਹਨਾ :- ਅੰਮ੍ਰਿਤ ਛਕ ਕੇ
ਗੁਰੂ ਵਾਲੇ ਬਣਨਾ
ਜਲਖਿੱਚ ਸਿੰਘ :- ਕੁਹਾਰ, ਝਿਊਰ
ਜਾਨਭਾਈ :- ਸਵਾਰੀ ਵਾਲਾ ਘੋੜਾ
ਜਵਾਲਾਮਣੀ :- ਬੰਦੂਕ
ਟਾਂਗੂ :- ਬਿਰਛ ਉੱਪਰ ਬੈਠਾ ਵਿਅਕਤੀ
ਜੋ ਦੁਸ਼ਮਣ ਨੂੰ ਦੂਰੋਂ ਵੇਖ
ਕੇ ਖ਼ਬਰ ਦੇਵੇ।
ਸਦਾ ਗੁਲਾਬ :- ਕਿਕੱਰ, ਬਬੂਲ
ਸਦਾ ਗੁਲਾਬ ਦਾ
ਮੁੱਖ ਮਾਂਜਣਾ :- ਕਿੱਕਰ ਦੀ ਦਾਤਣ
ਸਫਾ ਜੰਗ :- ਟਕੂਆ
ਸਬਜ ਪੁਲਾਉ :- ਸਾਗ
ਸਬਜ ਮੰਦਰ :- ਰੁੱਖ ਹੇਠ ਨਿਵਾਸ
ਸਮੁੰਦਰ :- ਦੁੱਧ
ਸਮੁੰਦਰਧਾਰੀ :- ਦੁਧਾਧਾਰੀ
ਸਰਦੌਨਾ :- ਠੰਡ
ਸਰਵਰਸ :- ਲੂਣ
ਸਲੋਤਰ :- ਕੁਤਕਾ,
ਛੋਟਾ ਅਤੇ ਮੋਟਾ ਡੰਡਾ
ਸਵਾਇਆ :- ਥੋੜਾ
ਸਵਾਲੱਖ :- ਇਕ
ਸੌਗੀ :- ਹਰਾ ਛੋਲੀਆ

ਸ਼ਿਕਾਰੀ :- ਵਿਭਚਾਰੀ, ਪਰ-ਇਸਤਰੀਗਾਮੀ

ਸਿਰਖਿੰਡੀ :- ਸ਼ੱਕਰ

ਸਿਰ ਘਸਾ :- ਮੋਨਾ

ਸਿਰ ਗੁੰਮ :- ਜਿਸ ਨੇ ਅੰਮ੍ਰਿਤ ਛਕ ਕੇ ਕੇਸ ਕਟਾਏ ਹੋਣ

ਸਿਰਜੋੜ :- ਗੁੜ

ਸੀਸ ਮਹੱਲ :- ਟੁੱਟੀ ਹੋਈ ਛੰਨ

ਸੁਖਦੇਈ :- ਤਲਾਈ, ਵਿਛਾਉਣ ਵਾਲੀ

ਸੁਚਾਲਾ :- ਲੰਙਾ

ਜੰਗਲ ਜਾਣਾ :- ਬਾਹਰ ਸ਼ੌਚ ਲਈ ਜਾਣਾ

ਸੁਰਗਬਾਸ :- ਗੂੜੀ ਨੀਂਦ ਸੌਣਾ

ਸੂਬੇਦਾਰ :- ਝਾੜੂ ਦੇਣ ਵਾਲਾ ਸਿੰਘ

ਸੂਰਮਾ :- ਨੇਤਰਹੀਣ

ਸੋਧਾ ਲਾਉਣਾ :- ਅਪਰਾਧੀ ਨੂੰ ਦੰਡ ਦੇਣਾ

ਸ੍ਰੀ ਸਾਹਿਬ :- ਕਿਰਪਾਨ

ਹਜੂਰੀਆ :- ਹੱਥ ਮੂੰਹ ਸਾਫ ਕਰਨ ਵਾਲਾ ਤੌਲੀਆ

ਹਰਨ ਹੋਣਾ :- ਦੌੜ ਜਾਣਾ

ਹਰਨੀ :- ਮੱਖੀ

ਹੋਲਾਂ :- ਇਲਾਚੀਆਂ

ਕੱਚਾ ਪਿੱਲਾ :- ਰਹਿਤ ਮਰਯਾਦਾ ਵਿਚ ਕੱਚਾ

ਕੱਟਾ :- ਹਾਥੀ

ਕਮਰ ਕੱਸਾ ਕਰਨਾ:- ਕਮਰ ਬੰਨ੍ਹ ਕੇ ਤਿਆਰ ਹੋਣਾ

ਕਰਾੜੀ :- ਮੂਲੀ

ਕਲਗਾ :- ਗੰਜਾ

ਕੜਾਕਾ :- ਭੁੱਖ

ਕਾਠਗੜ੍ਹ :- ਚਿਖਾ

ਕਾਣਾ :- ਤੁਰਕ

ਕਾਬੁਲੀ ਕੁੱਤਾ :- ਅਹਿਮਦ ਸ਼ਾਹ ਦੁਰਾਨੀ

ਕੁਣਕਾ :- ਕਣ-ਮਾਤਰ ਕੜਾਹ ਪ੍ਰਸ਼ਾਦ

ਕੁਤਬਦੀਨ :- ਡੰਡਾ, ਕੁੱਤਾ

ਕੁੜੀਮਾਰ :- ਕੰਨਿਆ ਮਾਰਨ ਵਾਲਾ

ਨੜੀਮਾਰ :- ਹੁੱਕਾ ਪੀਣ ਵਾਲਾ

ਗੱਧੀ ਚੁੰਘਣੀ :- ਹੁੱਕਾ ਪੀਣਾ

ਖੁਰਮਾ :- ਬੇਰ

ਖੋਤੀ :- ਚਿਲਮ

ਗੱਜਣਾ :- ਉੱਚੇ ਸੁਰ ਵਿਚ ਬੋਲਣਾ

ਗੱਫਾ ਲਾਉਣਾ :- ਪ੍ਰਸ਼ਾਦਾ ਛਕਣਾ

ਗਰੜੇ :- ਚੌਲ

ਗੜ੍ਹ ਤੋੜਨਾ :- ਕਾਰਜ ਸਿੱਧ ਕਰਨਾ

ਠੀਕਰੀ :- ਰੁਪਇਆ

ਡਾਇਣ :- ਮਾਇਆ

ਢਾਈ ਲੱਖ :- ਦੋ ਸਿੰਘ

ਢਾਲਾ :- ਢਾਲ

ਤਨਖਾਹ :- ਧਰਮ ਦੰਡ

ਤਨਖਾਹੀਆ :- ਕੁਰਹਿਤੀਆ

ਮਿੱਠੇ ਪ੍ਰਸ਼ਾਦੇ :- ਬੇਹੀ ਰੋਟੀ

ਤੁਰਕ :- ਮੁਸਲਮਾਨ

ਤੋੜਾ ਝਾੜਨਾ :- ਬੰਦੂਕ ਚਲਾਉਣੀ

ਤੋੜਾ :- ਸਰਬਲੋਹ ਦੀ ਜ਼ੰਜੀਰ ਜੋ ਨਿਹੰਗ ਸਿੰਘ ਦੁਮਾਲੇ ਉੱਤੇ ਸਜਾਉਂਦੇ ਹਨ

ਥਾਣੇਦਾਰ :- ਗਧਾ

ਦਸਤਾਰਾ :- ਪੱਗ

ਦਬੜੂ-ਘੁਸੜੂ :- ਰਹਿਤ ਵਿਚ ਢਿੱਲਾ

ਦੁਸ਼ਾਲਾ :- ਕੰਬਲ ਜਾਂ ਭੂਰਾ

ਦੁਮਾਲਾ :- ਨਿਹੰਗ ਸਿੰਘਾਂ ਦਾ ਉੱਚਾ ਦਸਤਾਰਾ

ਦੇਗ ਮਸਤ :- ਲੰਗਰ ਦਾ ਨਾ ਪੱਕਣਾ
ਧਨੰਤਰ :- ਨਿੰਮ
ਧਰਮ ਰਾਜ ਦਾ ਪੁੱਤਰ :- ਬੁਖਾਰ
ਨਾਖਾਂ :- ਗੋਲਾਂ
ਪਤਾਲ ਮੋਚਨੀ:- ਕਹੀ
ਪਰਸ ਰਾਮ :- ਕੁਹਾੜਾ
ਪਰੀ :- ਭੇਡ
ਪੌਣ ਪ੍ਰਕਾਸ਼ੋ :- ਪੱਖੀ
ਪੰਜ ਇਸ਼ਨਾਨਾ:- ਹੱਥ, ਪੈਰ, ਮੂੰਹ ਧੋਣਾ
ਪੰਜੱਖਾ :- ਕਾਣਾ
ਪੰਜ ਰਤਨ :- ਗਾਜਰ, ਮੂਲੀ, ਸ਼ਲਗਮ, ਬੈਂਗਨ, ਕੱਦੂਦੀ ਮਿਕਸ ਸਬਜ਼ੀ
ਫਤਿਹ ਗਜਾ ਗਿਆ:- ਮਰ ਗਿਆ
ਫਿਰਨੀ :- ਚੱਕੀ
ਬਸਾਵਾ :- ਤੱਵਾ
ਬਸੰਤ ਕੌਰ :- ਮੱਕੀ
ਬਾਜ :- ਖੁਰਪਾ
ਬਦਾਮ :- ਭੁੱਜੇ ਛੋਲੇ
ਬ੍ਰਾਹਮਣ :- ਪਿੱਪਲ
ਬ੍ਰਾਹਮਣੀ :- ਖੀਰ
ਬਿਰਦ ਬਾਣਾ :- ਖਾਲਸਈ ਬਾਣਾ
ਭਗੌਤੀ :- ਕਿਰਪਾਨ, ਖੜਗ, ਤਲਵਾਰ
ਭਾਜਾ :- ਸਬਜ਼ੀ
ਭੋਇੰਸੂਰ :- ਸ਼ਲਗਮ
ਮਸਤਾਨਾ :- ਫਟਿਆ ਹੋਇਆ ਪੁਰਾਣਾ ਕੱਪੜਾ
ਮਲਿਕਾ :- ਬਿੱਲੀ
ਮਿਠਿਆਈ :- ਸ਼ਕਰਕੰਦੀ
ਮੀਣਾ :- ਬਾਬਾ ਪ੍ਰਿਥੀਚੰਦ ਦੀ ਸੋਢੀ ਵੰਸ਼, ਜਿਨ੍ਹਾਂ ਅੰਮ੍ਰਿਤ ਨਹੀਂ ਛਕਿਆ ਸੀ
ਮੇਵੜਾ :- ਅਰਦਾਸੀਆ, ਕਾਰ ਭੇਟ ਲੈਣ ਵਾਲਾ
ਰੱਜੀ :- ਕੜਛੀ
ਰਾਮ ਜੰਗਾ :- ਬੰਦੂਕ
ਰੂਪਾ :- ਗੰਢਾ
ਰੂਪ ਕੌਰ :- ਦੁੱਧ ਵਾਲੀ ਕਾੜਨੀ
ਰੰਘੜੀ :- ਮੱਕੀ ਦੀ ਛੱਲੀ
ਲਾਚੀਦਾਣਾ :- ਬਾਜਰਾ
ਲੰਡੀ ਬੁੱਚੀ :- ਸ਼ਰਾਰਤੀ ਲੋਕ
ਵਹੀਰ :- ਖਾਲਸੇ ਦਾ ਵਿਚਰਨ ਵਾਲਾ ਜਥਾ

■

## ਜ਼ਿਲ੍ਹਾ ਕਪੂਰਥਲਾ ਵਿਖੇ ਗੁਰਮਤਿ ਸਮਾਗਮ

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਕਲਗੀਧਰ ਸਿੰਘ ਸਭਾ, ਪਿੰਡ ਪ੍ਰਵੇਜ ਨਗਰ, ਜ਼ਿਲ੍ਹਾ ਕਪੂਰਥਲਾ ਵਿਖੇ ੨੯ ਨਵੰਬਰ, ੨੦੧੬ ਨੂੰ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕਰਕੇ ੧੯ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਵਾ ਕੇ ਗੁਰੂ ਵਾਲੇ ਬਣਾਇਆ। ਇਸ ਮੌਕੇ ਪ੍ਰਚਾਰਕ ਭਾਈ ਹਰਜੀਤ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕਥਾ ਦੁਆਰਾ ਨਿਹਾਲ ਕੀਤਾ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਸੰਗਤਾਂ ਨੂੰ ਧਾਰਮਿਕ ਸਾਹਿਤ ਵੀ ਦਿੱਤਾ ਗਿਆ।

# ਇਤਿਹਾਸਿਕ ਗੌਰਵਮਈ ਗਾਥਾ: ਵੈਸਾਖੀ

*-ਡਾ. ਸਾਹਿਬ ਸਿੰਘ ਅਰਸ਼ੀ**

ਸ੍ਰੀ ਅਨੰਦਪੁਰ ਸਾਹਿਬ ਦੀ ਵੈਸਾਖੀ ਦੀ ਗੌਰਵਮਈ ਗਾਥਾ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਅੰਕਿਤ ਹੈ। ਵੈਸਾਖੀ ਦਾ ਮਹੀਨਾ ਜਿੱਥੇ ਬਦਲਵੀਂ ਰੁੱਤ ਦੀ ਆਮਦ ਨਾਲ ਬਹਾਰ ਦਾ ਝਲਕਾਰਾ ਦਿੰਦਾ ਹੈ, ਉੱਥੇ ਫਸਲਾਂ ਦੇ ਮਾਲਕਾਂ ਨੂੰ ਅੰਨ ਦੇ ਬੋਹਲ ਭਰ ਲੈਣ ਲਈ ਵੀ ਸੱਦਾ ਦਿੰਦਾ ਹੈ। ਸਭ ਪਾਸੇ ਮੌਸਮ ਪਰਵਿਰਤੀ ਅਤੇ ਖੁਸ਼ੀਆਂ ਦਾ ਮਾਹੌਲ ਵੇਖਣ ਵਿਚ ਆਉਂਦਾ ਹੈ। ਅਜਿਹੇ ਹੀ ਮੌਸਮ ਵਿਚ ਵਾਪਰੀ ਯਾਦਗਾਰੀ ਇਤਿਹਾਸਿਕ ਘਟਨਾ ਸਭ ਦੇ ਦਿਲਾਂ ਵਿਚ ਰੂਹਾਨੀ ਪਰਿਵਰਤਨ ਲਿਆ ਕੇ ਮੋਹਰਛਾਪ ਲਾਉਂਦੀ ਪ੍ਰਤੀਤ ਹੁੰਦੀ ਹੈ। ਇਹ ਸਤਾਰ੍ਹਵੀਂ ਸਦੀ ਦਾ ਸਮਾਂ ਸੀ ਜਦੋਂ ਬਾਲਕ ਗੋਬਿੰਦ ਰਾਏ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਪੁੱਜ ਕੇ ਮਨੁੱਖਤਾ ਦੇ ਕਲਿਆਣ ਲਈ ਅਦਭੁੱਤ ਕੌਤਕ ਵਰਤਾਇਆ।

ਸਮਾਜਿਕ ਹਾਲਾਤ ਨੂੰ ਭਾਂਪਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਨੂੰ ਵੈਸਾਖੀ ਦਾ ਦਿਨ ਚੁਣਿਆ। ਇਸ ਕ੍ਰਾਂਤੀਕਾਰੀ ਚੋਜ ਨੂੰ ਵੇਖਣ ਵਾਲੇ ਠਠੰਬਰ ਕੇ ਰਹਿ ਗਏ ਸਨ ਭਾਵੇਂ ਇਸ ਤੋਂ ਪਹਿਲਾਂ ਵੀ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਰੱਖਿਆ ਲਈ ਸੀਸ ਵਾਰਨ ਲਈ ਭੇਜਣ ਦੀ ਅਨੋਖੀ ਲੀਹ ਪਾਈ ਜਾ ਚੁੱਕੀ ਸੀ। ਗੁਰੂ ਜੀ ਨੇ ਸੰਗਤਾਂ ਦੇ ਭਾਰੀ ਇਕੱਠ ਵਿਚ ਨੰਗੀ ਕਿਰਪਾਨ ਲੈ ਕੇ ਸੀਸ ਦੀ ਮੰਗ ਕੀਤੀ। ਇਹ ਜਨਤਾ ਦੀ ਪਰਖ ਦਾ ਸਮਾਂ ਸੀ। ਇਸ ਪ੍ਰਕਾਰ ਪੰਜ ਵਾਰ ਲਲਕਾਰ ਕੇ ਸੀਸ ਦੀ ਮੰਗ ਕੀਤੀ ਅਤੇ ਪੰਜ ਜੁਝਾਰੂ ਹੀ ਸੰਗਤਾਂ ਵਿੱਚੋਂ ਆਪਣਾ ਸੀਸ ਦੇਣ ਲਈ ਅੱਗੇ ਆਏ, ਜਿਨ੍ਹਾਂ ਨੂੰ ਗੁਰੂ ਜੀ ਨੇ ਪੰਜ ਪਿਆਰੇ ਦਾ ਖਿਤਾਬ ਦਿੱਤਾ। ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਪੰਜਾਂ ਪਿਆਰਿਆਂ ਨੂੰ ਛਕਾ ਕੇ ਸਿੰਘ ਸਜਾਇਆ ਅਤੇ ਆਪ ਉਨ੍ਹਾਂ ਤੋਂ ਅੰਮ੍ਰਿਤ ਛਕ ਕੇ ਨਿਵੇਕਲੀ ਤੇ ਹੈਰਾਨਕੁੰਨ 'ਆਪੇ ਗੁਰੂ-ਚੇਲਾ' ਦੀ ਪਿਰਤ ਪਾ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਅੰਮ੍ਰਿਤ ਛਕਣ ਵਾਲੇ ਹਰ ਸਿੱਖ ਦੇ ਨਾਮ ਨਾਲ 'ਸਿੰਘ' ਅਤੇ ਸਿੰਘਣੀਆਂ ਦੇ ਨਾਮ ਨਾਲ 'ਕੌਰ' ਲੱਗ ਗਿਆ। ਖਾਲਸੇ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਅਤੇ ਵਾਸੀ ਸ੍ਰੀ ਅਨੰਦਪੁਰ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਕੀਤਾ ਗਿਆ ਇਹ ਕਾਰਜ ਨਿਵੇਕਲੇ ਢੰਗ ਦਾ ਸੀ। ੧੫ਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਬੇਦੋਸ਼ਿਆਂ 'ਤੇ ਕੀਤੇ ਜ਼ੁਲਮਾਂ ਨੂੰ ਬਾਣੀ ਰਾਹੀਂ ਪ੍ਰਗਟ ਕੀਤਾ ਅਤੇ ਉਸ ਸਮੇਂ ਦੇ ਪ੍ਰਚਲਿਤ ਫੋਕੇ ਰਸਮਾਂ-ਰਿਵਾਜਾਂ ਵਿਰੁੱਧ ਅਵਾਜ਼ ਉਠਾਈ। ਸਭ ਪਾਸੇ 'ਸੱਚ ਦਾ ਸੂਰਜ' ਉਦੈ ਕਰਨ ਲਈ ਉਦਾਸੀਆਂ ਕੀਤੀਆਂ। ਲੋਕਾਈ ਉਸ ਸਮੇਂ ਦੇ ਸ਼ਾਸਕਾਂ ਦੇ ਜ਼ੁਲਮਾਂ ਨੂੰ ਚੁੱਪ-ਚਾਪ ਸਹਿੰਦੀ ਆ ਰਹੀ ਸੀ। ਪੰਜਵੇਂ

**5707 Modern Duplex, Manimajra (U.T.) Chandigarh. M: +9194633-27557*

ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਹਾਂਗੀਰ ਬਾਦਸ਼ਾਹ ਦੇ ਜ਼ੁਲਮ ਦਾ ਟਾਕਰਾ ਸ਼ਾਂਤਮਈ ਢੰਗ ਨਾਲ *ਤੇਰਾ ਭਾਣਾ ਮੀਠਾ ਲਾਗੈ* ਕਹਿ ਕੇ ਕੀਤਾ ਅਤੇ ਆਪਣੀ ਸ਼ਹੀਦੀ ਦਿੱਤੀ। ਜਹਾਂਗੀਰ ਦਾ ਗੁਰੂ ਜੀ ਵਿਰੋਧੀ 'ਤੁਜ਼ਕ-ਏ-ਜਹਾਂਗੀਰੀ' ਵਿਚ ਹਵਾਲਾ ਇਸ ਦਾ ਸਪਸ਼ਟ ਪ੍ਰਮਾਣ ਹੈ। ਇਸ ਨਾਲ ਵੀ ਜ਼ੁਲਮ ਨੂੰ ਠੱਲ ਨਾ ਪਈ, ਸਗੋਂ ਜ਼ਾਲਮਾਂ ਦੇ ਹੌਂਸਲੇ ਹੋਰ ਵਧਦੇ ਗਏ। ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤਕ ਪੁੱਜਦਿਆਂ ਔਰੰਗਜ਼ੇਬ ਦਿੱਲੀ ਦੇ ਤਖਤ 'ਤੇ ਬੈਠਾ ਸੀ ਜੋ ਮੁਸਲਮਾਨੀ ਧਰਮ ਦਾ ਪੱਕਾ ਸੀ ਅਤੇ ਕਿਸੇ ਹੋਰ ਧਰਮ ਨੂੰ ਪਨਪਦਾ ਨਹੀਂ ਸੀ ਵੇਖ ਸਕਦਾ। ਔਰੰਗਜ਼ੇਬ ਨੂੰ ਕੇਵਲ ਆਪਣਾ ਰਾਜ ਪਿਆਰਾ ਸੀ ਅਤੇ ਇਸ ਨੂੰ ਕਾਇਮ ਰੱਖਣ ਲਈ ਉਹ ਕਿਸੇ ਹੱਦ ਤਕ ਵੀ ਜਾ ਸਕਦਾ ਸੀ। ਉਸ ਨੇ ਗੱਦੀ ਪ੍ਰਾਪਤੀ ਲਈ ਆਪਣੇ ਭਰਾਵਾਂ ਨੂੰ ਮਾਰ ਮੁਕਾਇਆ ਅਤੇ ਪਿਤਾ ਸ਼ਾਹਜਹਾਨ ਨੂੰ ਵੀ ਕੈਦ ਵਿਚ ਪਾਈ ਰੱਖਿਆ। ਉਸ ਨੇ ਰਾਜ-ਗੱਦੀ ਅਵੱਸ਼ ਪ੍ਰਾਪਤ ਕਰ ਲਈ ਸੀ ਪਰੰਤੂ ਇਕ ਚੰਗਾ ਪ੍ਰਸ਼ਾਸਕ ਸਿੱਧ ਨਾ ਹੋ ਸਕਿਆ। ਉਹ ਕੰਨਾਂ ਦਾ ਕੱਚਾ ਸੀ ਅਤੇ ਜਲਦਬਾਜ਼ੀ ਵਿਚ ਫੈਸਲੇ ਲੈ ਲਿਆ ਕਰਦਾ ਸੀ ਭਾਵੇਂ ਪਿੱਛੋਂ ਪਸ਼ਚਾਤਾਪ ਵੀ ਕਰਦਾ ਸੀ। ਅਜਿਹੇ ਹਾਕਮਾਂ ਦੇ ਸਮਾਜਿਕ ਅਨਿਆਇ ਅਤੇ ਜ਼ੁਲਮਾਂ ਦੀਆਂ ਹਨੇਰੀਆਂ ਨੂੰ ਠੱਲ ਪਾਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੋਖੇ ਭਾਂਤ ਦਾ ਸਭ ਨੂੰ ਚਕ੍ਰਿਤ ਕਰ ਦੇਣ ਵਾਲਾ ਕਦਮ ਚੁੱਕਿਆ ਸੀ। ਇਸ ਲਈ ਵੈਸਾਖੀ ਦਾ ਦਿਨ ਨਿਯਤ ਕੀਤਾ। ਹੁਣ ਗੁਰੂ ਜੀ ਦੇ ਖਾਲਸੇ ਦੀ ਪਹਿਚਾਣ ਵੀ ਅੱਡਰੀ ਹੋ ਗਈ। ਖਾਲਸਾ ਪੰਜ ਕਕਾਰਾਂ ਦਾ ਧਾਰਨੀ ਹੋ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਖਲੋਤਾ ਖਾਲਸਾ ਦੂਰੋਂ ਹੀ ਆਪਣੀ ਦਿੱਖ ਕਾਰਨ ਪਹਿਚਾਣਿਆ ਜਾਣ ਲੱਗਾ। ਗੁਰੂ ਜੀ ਦਾ ਖਾਲਸਾ 'ਖੰਡੇ ਦੀ ਪਾਹੁਲ' ਛਕ ਕੇ ਬੇਖ਼ੌਫ਼ ਹੋ ਕੇ ਜੀਵਨ ਨਿਰਬਾਹ ਕਰਨ ਲੱਗਾ। ਗੁਰੂ ਜੀ ਦੇ ਇਸ ਕੌਤਕ ਨਾਲ ਮਨੁੱਖੀ ਭਾਈਚਾਰੇ ਵਿਚ ਏਕਤਾ ਦਾ ਰਾਹ ਖੁੱਲਿਆ। ਪੰਜ ਪਿਆਰੇ ਵੀ ਵੱਖ-ਵੱਖ ਸਥਾਨਾਂ ਅਤੇ ਵੱਖ-ਵੱਖ ਜਾਤਾਂ ਨਾਲ ਸੰਬੰਧਿਤ ਸਨ। ਗੁਰੂ ਜੀ ਨੇ ਸਭ ਨੂੰ ਇਕ ਮੰਚ ਤੋਂ ਹੀ ਅੰਮ੍ਰਿਤ-ਪਾਨ ਕਰਵਾ ਕੇ ਜਾਤ-ਪਾਤ ਦਾ ਭੇਦ-ਭਾਵ ਮਿਟਾ ਦਿੱਤਾ। ਇਸ ਪ੍ਰਕਾਰ ਸਭ ਜਾਤਾਂ ਵਾਲੇ ਗੁਰਭਾਈ ਬਣ ਗਏ ਅਤੇ ਸਭ ਦੀ ਖਾਲਸਾ ਰੂਪ ਵਿਚ ਹੀ ਪਹਿਚਾਣ ਹੋਣ ਲਗੀ।

ਵੈਸਾਖੀ ਦੀ ਇਸ ਮਹਾਨ ਘਟਨਾ ਉਪਰੰਤ ਸਭ ਨਿਡਰਤਾ ਅਤੇ ਸਵੈਮਾਣ ਨਾਲ ਰਹਿਣ ਲੱਗੇ। ਦੁਸ਼ਮਣ ਨੂੰ ਭਲਾ ਇਹ ਕਿਵੇਂ ਰਾਸ ਆਉਂਦਾ। ਖਾਲਸੇ ਦੀ ਵਧਦੀ ਪ੍ਰਸਿੱਧੀ ਵੀ ਉਨ੍ਹਾਂ ਲਈ ਚਿੰਤਾ ਦਾ ਕਾਰਨ ਬਣਨ ਲੱਗੀ। ਉੱਚੀ ਜਾਤੀ ਵਾਲਿਆਂ ਨੂੰ *ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥* ਵਾਲਾ ਸੰਦੇਸ਼ ਕਿਵੇਂ ਰਾਸ ਆ ਸਕਦਾ ਸੀ। ਨੀਵੀਂ ਜਾਤੀ ਵਾਲਿਆਂ ਦੀ ਉੱਚੀ ਜਾਤੀ ਨਾਲ ਬਰਾਬਰੀ ਖਟਕਣ ਲੱਗੀ। ਇੱਥੇ ਹੀ ਬਸ ਨਹੀਂ, ਪਹਾੜੀ ਰਾਜਿਆਂ ਨੂੰ ਗੁਰੂ ਜੀ ਦੀ ਵੱਧ ਰਹੀ ਪ੍ਰਸਿੱਧੀ ਤੋਂ ਆਪਣੇ ਰਾਜ-ਭਾਗ ਦਾ ਖ਼ਤਰਾ ਜਾਪਣ ਲੱਗਾ। ਇਸ ਲਈ ਉਹ ਗੁਰੂ ਜੀ ਦੇ ਵਿਰੋਧ ਵਿਚ ਵਿਉਂਤਾਂ ਬਣਾਉਣ ਲੱਗ ਪਏ। ਔਰੰਗਜ਼ੇਬ ਬਾਦਸ਼ਾਹ ਪਾਸ ਵੀ ਝੂਠੀਆਂ ਸ਼ਿਕਾਇਤਾਂ ਪਹੁੰਚਾਈਆਂ। ਸ਼ਾਹੀ ਸੈਨਾ ਅਤੇ ਪਹਾੜੀ ਰਾਜਿਆਂ ਦਾ ਗੁਰੂ ਜੀ ਵਿਰੁੱਧ ਲੜਨਾ ਵੀ ਇਸੇ ਦਾ ਹੀ ਸਿੱਟਾ ਸੀ। ਨਿਰਸੰਦੇਹ

ਗੁਰੂ ਜੀ ਦੇ ਖਾਲਸੇ ਨੇ ਇਨ੍ਹਾਂ ਲੜਾਈਆਂ ਵਿਚ ਆਪਣੇ ਹੌਂਸਲੇ ਤੇ ਹਿੰਮਤ ਨਾਲ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ। ਇਤਿਹਾਸਿਕ ਸਰਵੇਖਣ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਨੋਰਥ ਕਿਸੇ ਨਾਲ ਯੁੱਧ ਕਰਨਾ ਜਾਂ ਕਿਸੇ ਨੂੰ ਹਾਨੀ ਪਹੁੰਚਾਣਾ ਨਹੀਂ ਸੀ, ਸਗੋਂ ਉਹ ਤਾਂ ਸਮਾਜਿਕ ਬਰਾਬਰੀ ਅਤੇ ਚੇਤੰਨਤਾ ਦੇ ਹਾਮੀ ਸਨ। ਆਪ ਨੇ ਲੜਾਈ ਲਈ ਕਦੇ ਵੀ ਪਹਿਲ ਨਹੀਂ ਸੀ ਕੀਤੀ। ਆਪ ਦਾ ਉਦੇਸ਼ ਵੀ ਇਸ ਪ੍ਰਕਾਰ ਸੀ:

*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕੋ ਮੂਲ ਉਪਾਰਨ॥* *(ਬਚਿਤ੍ਰ ਨਾਟਕ)*

ਪਰੰਤੂ ਦੁਸ਼ਮਣਾਂ ਨੂੰ ਇਹ ਵੀ ਗਵਾਰਾ ਨਹੀਂ ਸੀ ਇਸ ਲਈ ਉਨ੍ਹਾਂ ਨੇ ਖਾਲਸੇ ਵਿਰੁੱਧ ਮੁਹਿੰਮ ਛੇੜੀ ਰੱਖੀ। ਗੁਰੂ ਜੀ ਨੇ ਆਪਣੇ ਖਾਲਸੇ ਨੂੰ ਜਾਬਰ ਦੇ ਜ਼ੁਲਮ ਨੂੰ ਚੁੱਪ-ਚਾਪ ਸਹਿਣ ਤੋਂ ਵੀ ਸੁਚੇਤ ਕੀਤਾ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਕਿਰਪਾਨ ਚੁੱਕਣ ਦੀ ਲੋੜ ਨੂੰ ਵੀ ਜਾਇਜ਼ ਦੱਸਦਿਆਂ ਕਿਹਾ:

*ਚੁ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ॥*
*ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ॥* *(ਜ਼ਫਰਨਾਮਾ)*

ਸ੍ਰੀ ਅਨੰਦਪੁਰ ਸਾਹਿਬ ਦੀ ਵੈਸਾਖੀ ਦੀ ਯਾਦ ਸਭ ਦੇ ਮਨਾਂ ਵਿਚ ਸਦੀਵੀ ਰਹਿਣ ਵਾਲੀ ਤੇ ਪ੍ਰੇਰਣਾ ਭਰਪੂਰ ਹੈ। ਗੁਰੂ ਜੀ ਨੇ ਆਪਣੇ ਖਾਲਸੇ ਨੂੰ ਇਹ ਕਹਿ ਕੇ ਉੱਚਤਮ ਰੂਪ ਦਿੱਤਾ:

*ਖਾਲਸਾ ਮੇਰੋ ਰੂਪ ਹੈ ਖ਼ਾਸ।*
*ਖਾਲਸੇ ਮਹਿ ਹੌ ਕਰੌ ਨਿਵਾਸ।* *(ਸਰਬਲੋਹ ਗ੍ਰੰਥ)*

ਗੁਰੂ ਜੀ ਵੱਲੋਂ ਖਾਲਸੇ ਨੂੰ ਮਾਣ-ਸਨਮਾਨ ਮਿਲਣ ਨਾਲ ਉਨ੍ਹਾਂ ਦੇ ਹੌਂਸਲੇ ਬੁਲੰਦ ਹੋਏ। ਗੁਰੂ-ਚੇਲੇ ਨੂੰ ਸਮਾਨਤਾ ਭਾਵ ਵਿਚ ਰੱਖਣਾ ਵੀ ਉੱਚ ਖਿਆਲੀ ਸਿੱਟਾ ਸੀ ਅਤੇ ਆਪ ਵੀ ਉਨ੍ਹਾਂ ਦੇ ਫੈਸਲੇ ਨੂੰ ਕਬੂਲਦਿਆਂ ਉਦਾਹਰਨ ਕਾਇਮ ਕੀਤੀ। ਖਾਲਸੇ ਨੂੰ ਸਵਾਰਥ-ਰਹਿਤ ਲੋੜ ਪੈਣ 'ਤੇ ਔਖੇ ਸਮੇਂ ਵਿਚ ਹਰ ਇਕ ਦੀ ਸਹਾਇਤਾ ਕਰਨ ਲਈ ਉਪਦੇਸ਼ ਦਿੱਤਾ।

ਇਹ ਇੱਕ ਅਗੰਮੀ ਲਹਿਰ ਸੀ, ਜਿਸ ਦੀਆਂ ਤਰੰਗਾਂ ਨਾਲ ਸਮਾਜ ਵਿੱਚੋਂ ਜਾਤ-ਪਾਤ ਦੇ ਫੈਲ ਚੁੱਕੇ ਕੋਹੜ ਨੂੰ ਖਤਮ ਕਰਨ ਦਾ ਬਲ ਮਿਲਿਆ। ਸਭਨਾਂ ਨੂੰ ਸਵੈਮਾਣ ਨਾਲ ਜਿਊਣ ਲਈ ਆਪਣੇ ਹੱਕ ਲੈਣ 'ਤੇ ਜ਼ੋਰ ਦਿੱਤਾ ਗਿਆ। ਗੁਰੂ ਜੀ ਨੇ ਆਪ ਆਪਣਾ ਸਰਬੰਸ ਵਾਰ ਕੇ ਖਾਲਸੇ ਦੀ ਆਨ-ਸ਼ਾਨ ਨੂੰ ਚੜ੍ਹਦੀ ਕਲਾ ਵਿਚ ਰੱਖਿਆ।

ਆਪ ਦੁਆਰਾ ਪਾਏ ਕੁਰਬਾਨੀਆਂ ਦੇ ਯੋਗਦਾਨ ਅਤੇ ਸਮੁੱਚੀ ਜ਼ਿੰਦਗੀ ਵਿਚ ਕੀਤਾ ਗਿਆ ਸੰਘਰਸ਼ ਹੀ ਸਾਡਾ ਪ੍ਰੇਰਣਾ-ਸਰੋਤ ਹਨ। ਕਿਤਨਾ ਚੰਗਾ ਹੋਵੇ ਜੇ ਇਸ ਵੈਸਾਖੀ ਦੇ ਦਿਨ ਨੂੰ ਮੌਜ-ਮੇਲੇ ਦਾ ਤਿਉਹਾਰ ਨਾ ਸਮਝ ਕੇ ਗੁਰੂ ਜੀ ਦੁਆਰਾ ਦੱਸੇ ਮਾਰਗ ਨੂੰ ਅਮਲ ਵਿਚ ਲਿਆ ਕੇ ਖਾਲਸੇ ਦੇ ਜੀਵਨ ਵਿਚ ਆ ਰਹੇ ਨਿਘਾਰ ਅਤੇ ਕਮਜ਼ੋਰੀਆਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ। ਇਹੋ ਹੀ ਗੁਰੂ ਜੀ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ। ■

# ੧੯੧੯ ਦੀ ਵੈਸਾਖੀ

*-ਸ. ਸਿਮਰਜੀਤ ਸਿੰਘ**

ਪੰਜਾਬ ਦੀ ਧਰਤੀ ਮੁੱਢ-ਕਦੀਮ ਤੋਂ ਰੂਹਾਨੀ ਅਨੁਭਵੀਆਂ, ਯੋਧਿਆਂ ਤੇ ਸੂਰਬੀਰਾਂ ਦੀ ਧਰਤੀ ਰਹੀ ਹੈ। ਪੱਛਮ ਵੱਲੋਂ ਹਿੰਦੋਸਤਾਨ ਉੱਪਰ ਚੜ੍ਹ ਕੇ ਆਉਣ ਵਾਲੇ ਹਮਲਾਵਰਾਂ ਦਾ ਟਾਕਰਾਂ ਪੰਜਾਬ ਦੇ ਸੂਰਬੀਰ ਯੋਧੇ ਹੀ ਸਭ ਤੋਂ ਪਹਿਲਾਂ ਕਰਦੇ ਆਏ ਹਨ। ਜਦੋਂ ਸਮੁੱਚੇ ਭਾਰਤ ਨੇ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਲੱਗਭਗ ਪ੍ਰਵਾਨ ਹੀ ਕਰ ਲਿਆ ਸੀ ਅਤੇ ਸਦੀਆਂ ਤਕ ਸਮੁੱਚੇ ਦੇਸ਼ਵਾਸੀ ਪਰਾਧੀਨਤਾ ਨੂੰ ਆਪਣੀ ਹੋਣੀ ਅਤੇ ਤਕਦੀਰ ਸਮਝ ਕੇ ਸਿਰ ਸੁੱਟ ਕੇ ਦਿਨ-ਕਟੀ ਕਰ ਰਹੇ ਸਨ, ਉਸ ਸਮੇਂ ਵਿਚ ਅਣਖ ਅਤੇ ਸਵੈਮਾਣ ਦੀ ਪੁਕਾਰ ਇਸੇ ਧਰਤੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੂਹ ਦੇਸ਼-ਵਾਸੀਆਂ ਨੂੰ ਗ਼ੁਲਾਮੀ ਦੀ ਨੀਂਦਰ 'ਚੋਂ ਹਲੂਣ ਕੇ ਜਗਾਇਆ ਸੀ। ਸ਼ਾਇਰ ਇਕਬਾਲ ਨੇ ਇਸ ਸਬੰਧ ਵਿਚ ਲਿਖਿਆ ਹੈ:

*ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਯਾ ਖਵਾਬ ਸੇ।*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼-ਵਾਸੀਆਂ ਦੀ ਗ਼ੁਲਾਮ ਮਾਨਸਿਕਤਾ ਨੂੰ ਬਦਲਣ ਵਾਸਤੇ ਮੱਧ ਯੁੱਗ 'ਚ ਪਹਿਲੀ ਵਾਰ ਮਹਾਨ ਉੱਦਮ-ਉਪਰਾਲੇ ਕੀਤੇ। ਜੇਕਰ ਗੁਰੂ ਜੀ ਨੇ ਲੋਧੀ ਸ਼ਾਸਕਾਂ ਦੀਆਂ ਜਾਬਰ ਤੇ ਅਨਿਆਂ ਆਧਾਰਿਤ ਨੀਤੀਆਂ ਦਾ ਖੰਡਨ ਕੀਤਾ, ਹਮਲਾਵਰ ਬਾਬਰ ਤੇ ਉਹਦੀ ਬੇਮੁਹਾਰੀ ਫੌਜ ਦੁਆਰਾ ਆਮ ਲੋਕਾਈ 'ਤੇ ਜ਼ੁਲਮ ਢਾਹੁਣ ਕਰਕੇ ਉਸ ਨੂੰ ਬੇਬਾਕੀ ਨਾਲ ਉਸ ਦੇ ਮੂੰਹ 'ਤੇ ਸੱਚ ਸੁਣਾਇਆ। ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਸਿੱਖ ਲਹਿਰ ਨੂੰ ਸੰਸਥਾਗਤ ਅਤੇ ਸੰਗਠਨਾਤਮਿਕ ਆਧਾਰ ਪ੍ਰਦਾਨ ਕੀਤਾ, ਜਿਸ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਸੰਮਤ ਨਾਨਕਸ਼ਾਹੀ ੨੩੧ ਦੀ ਵੈਸਾਖੀ ਨੂੰ ਖੰਡੇ-ਬਾਟੇ ਦਾ ਅੰਮ੍ਰਿਤ-ਪਾਨ ਕਰਵਾ ਕੇ ਖਾਲਸਾ ਸਿਰਜਣਾ ਦਾ ਕਾਰਨਾਮਾ ਕਰ ਦਿਖਲਾਇਆ। ਇਸ ਗੁਰੂ ਸਾਜੇ ਖਾਲਸੇ ਨੇ ਦੇਸ਼ ਕੌਮ ਦੀ ਗ਼ੁਲਾਮੀ ਦੇ ਬੰਧਨ ਤਾਰ-ਤਾਰ ਕਰ ਸੁੱਟੇ। ਗੁਰੂ ਜੀ ਦਾ ਥਾਪੜਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਾਲਮ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਕੇ ਖਾਲਸਈ ਝੰਡੇ ਝੁਲਾ ਦਿੱਤੇ ਅਤੇ ਸਿੱਖ ਰਾਜ ਦੀ ਨੀਂਹ ਰੱਖੀ। ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਖਾਲਸਾ ਰਾਜ ਨੇ ਇਕ ਨਿਆਂ ਆਧਾਰਿਤ ਰਾਜ ਕਾਇਮ ਕਰ ਕੇ ਦੁਨੀਆ ਵਿਚ ਮਿਸਾਲ ਪੈਦਾ ਕੀਤੀ। ਜਦੋਂ ਬਾਕੀ ਸਾਰੇ ਭਾਰਤ ਉੱਪਰ ਅੰਗਰੇਜ਼ੀ ਸਾਮਰਾਜ ਕਾਬਜ਼ ਹੋ ਚੁੱਕਾ ਸੀ, ਤਦ ਵੀ ਪੰਜਾਬ ਦੇ ਵਾਸੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਅਜ਼ਾਦੀ ਦਾ ਨਿੱਘ ਮਾਣ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਜੀਉਂਦੇ-ਜੀਅ ਅੰਗਰੇਜ਼ ਦੀ ਪੰਜਾਬ ਵੱਲ ਅੱਖ ਕਰਨ ਦੀ ਹਿੰਮਤ ਨਹੀਂ ਪਈ। ਪਰੰਤੂ ਮਹਾਰਾਜੇ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਉਹ ਪੰਜਾਬ ਰੂਪੀ ਗੁਲਾਬ ਦੇ ਆਲੇ-ਦੁਆਲੇ ਮੰਡਰਾਉਣ ਲੱਗੇ

*ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਅਤੇ ਆਪਣੀਆਂ ਕਰੂਰ ਚਾਲਾਂ ਚੱਲ ਕੇ ਕੁਝ ਸਾਲਾਂ ਵਿਚ ਹੀ ਪੰਜਾਬ ਉੱਪਰ ਕਬਜ਼ਾ ਕਰ ਲਿਆ। ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਨੂੰ ਬੜੇ ਦੁਖੀ ਦਿਲ ਨਾਲ ਸਵਿਕਾਰਿਆ। ਗੁਰੂ ਸਾਹਿਬਾਨ ਦੁਆਰਾ ਸੰਚਾਰਿਤ ਰਾਜਨੀਤਕ, ਧਾਰਮਿਕ, ਸਮਾਜਿਕ, ਸੱਭਿਆਚਾਰਕ, ਮਾਨਸਿਕ ਅਤੇ ਆਤਮਿਕ ਅਜ਼ਾਦੀ ਦਾ ਸੁਆਦ ਚੱਖ ਚੁੱਕੇ ਸਿੱਖ ਚੁੱਪ ਕਿੱਦਾਂ ਬੈਠ ਸਕਦੇ ਸਨ, ਜਿਸ ਲਈ ਗ਼ਦਰ ਲਹਿਰ ਵਰਗੀਆਂ ਅਜ਼ਾਦੀ ਦੀਆਂ ਲਹਿਰਾਂ ਵਿਚ ਪੰਜਾਬੀਆਂ ਨੇ ਵਧ-ਚੜ੍ਹ ਕੇ ਕੁਰਬਾਨੀਆਂ ਦਿੱਤੀਆਂ। ਇਸ ਤੋਂ ਪਹਿਲਾਂ ਨਾਮਧਾਰੀ ਸਿੱਖ ਲਹਿਰ ਨੇ ਅੰਗਰੇਜ਼ੀ ਸਾਮਰਾਜ ਵਿਰੁੱਧ ਇਕ ਧਾਰਮਿਕ ਤੇ ਸੱਭਿਆਚਾਰਕ ਸਿਸਟਮ ਵਿਕਸਿਤ ਕਰਕੇ ਅਜ਼ਾਦੀ ਪ੍ਰਤੀ ਸਮੂਹ ਪੰਜਾਬੀਆਂ ਅਤੇ ਸਿੱਖ ਕੌਮ ਦੇ ਭਾਵਾਂ ਦੀ ਤਰਜਮਾਨੀ ਕੀਤੀ। ੧੯੧੯ ਈ. ਸੰਮਤ ਨਾਨਕਸ਼ਾਹੀ ੪੫੧ ਦੀ ਵੈਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਖ਼ੂਨੀ ਸਾਕੇ ਦਾ ਸਹੀ-ਸਹੀ ਅਧਿਐਨ ਤੇ ਵਿਸ਼ਲੇਸ਼ਣ ਕਰਨ ਵਾਸਤੇ ਗੁਰੂ ਸਾਹਿਬਾਨ ਦੀ ਅਗਵਾਈ 'ਚ ਪੰਜਾਬ ਦੀ ਧਰਤੀ 'ਤੇ ਸੋਲ੍ਹਵੀਂ ਸਦੀ ਦੇ ਅਰੰਭ ਵਿਚ ਚੱਲੀ ਮਨੁੱਖੀ ਅਜ਼ਾਦੀ ਲਈ ਲਹਿਰ ਦਾ ਇਹ ਸੰਖੇਪ ਪਿਛੋਕੜ ਕਾਫੀ ਹੱਦ ਤਕ ਸਹਾਈ ਸਿੱਧ ਹੁੰਦਾ ਹੈ।

੧੭ਵੀਂ ਸਦੀ ਦੇ ਅਰੰਭ ਵਿਚ ਅੰਗਰੇਜ਼, ਫਰਾਂਸੀਸੀ ਤੇ ਪੁਰਤਗਾਲੀ ਹਿੰਦੋਸਤਾਨ ਵਿਚ ਵਿਉਪਾਰ ਕਰਨ ਦੇ ਲਹਿਜ਼ੇ ਨਾਲ ਆਏ ਪਰ ਥੋੜ੍ਹੇ ਸਮੇਂ ਬਾਅਦ ਭਾਰਤ 'ਤੇ ਕਬਜ਼ਾ ਹੀ ਕਰ ਲਿਆ। ਅੰਗਰੇਜ਼ਾਂ ਨੇ ਪੁਰਤਗਾਲੀਆਂ ਨੂੰ ਭਾਰਤ ਵਿੱਚੋਂ ਕੱਢ ਦਿੱਤਾ ਅਤੇ ਭਾਰਤ 'ਤੇ ਆਪਣਾ ਕਬਜ਼ਾ ਕਰ ਲਿਆ ਅਤੇ ਭੋਲੇ-ਭਾਲੇ ਭਾਰਤੀਆਂ ਦੀ ਲੁੱਟ-ਖਸੁੱਟ ਕਰਨ ਲੱਗੇ। ਸੰਸਾਰ ਦੀ ਪਹਿਲੀ ਲੜਾਈ ਸਮੇਂ ਭਾਰਤੀਆਂ ਨੇ ਅੰਗਰੇਜ਼ਾਂ ਦੀ ਸਹਾਇਤਾ ਇਹ ਸੋਚ ਕੇ ਕੀਤੀ ਕਿ ਸ਼ਾਇਦ ਇਸ ਤੋਂ ਬਾਅਦ ਉਹ ਭਾਰਤ ਨੂੰ ਅਜ਼ਾਦ ਕਰ ਦੇਣਗੇ। ਦੂਜਾ ਕਾਰਨ ਆਰਥਿਕ ਸਥਿਤੀ ਵਿਚ ਖੁਸ਼ਗਵਾਰ ਤਬਦੀਲੀ ਦੀ ਕਾਮਨਾ ਵੀ ਸੀ। ਜੰਗ ਤੋਂ ਪਹਿਲਾਂ ਪੰਜਾਬ ਬਹੁਤ ਵੱਡੇ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਸੀ। ਪੰਜਾਬ ਦੇ ੮੩% ਕਿਸਾਨ ਕਰਜ਼ੇ ਹੇਠ ਬੁਰੀ ਤਰ੍ਹਾਂ ਦੱਬੇ ਹੋਏ ਸਨ ਅਤੇ ੪੫% ਜ਼ਮੀਨ ਗਹਿਣੇ ਸੀ। ਆਉਣ ਵਾਲੇ ਖੁਸ਼ਗਵਾਰ ਜੀਵਨ ਦੀ ਆਸ ਵਿਚ ਪੰਜਾਬੀਆਂ ਨੂੰ ਬਹੁਤ ਵੱਡੀ ਕੀਮਤ ਅਦਾ ਕਰਨੀ ਪਈ, ਇਕੱਲੇ ਪੰਜਾਬ ਵਿੱਚੋਂ ਇਸ ਜੰਗ ਵਿਚ ੧੨,੭੯੪ ਫੌਜੀ ਸ਼ਹੀਦ ਹੋਏ ੨੪,੭੩੨ ਤੋਂ ਵੱਧ ਗੁਆਚੇ, ਜ਼ਖਮੀ, ਕੈਦੀ ਜਾਂ ਲਾਪਤਾ ਹੋਏ ਕਰਾਰ ਦਿੱਤੇ ਗਏ। ਪਰ ਜਦੋਂ ਜੰਗ ਖਤਮ ਹੋਈ ਤਾਂ ਭਾਰਤ ਨੂੰ ਅਜ਼ਾਦ ਕਰਨ ਦੀ ਥਾਂ ਉਸ ਨੂੰ ਗ਼ੁਲਾਮ ਰੱਖਣ ਦੇ ਨਵੇਂ ਢੰਗ ਲੱਭਣ ਲੱਗੇ। ਪੰਜਾਬ ਦੀ ਜ਼ਿਆਦਾ ਵਸੋਂ ਸਿੱਖਾਂ ਦੀ ਹੈ, ਜਿਨ੍ਹਾਂ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਦੀ ਵੈਸਾਖੀ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਸਦਾ-ਸਦਾ ਲਈ ਉਸ ਅਕਾਲ ਪੁਰਖ ਦੇ ਅਧੀਨ ਕਰ ਦਿੱਤਾ ਸੀ, ਇਸ ਲਈ ਉਨ੍ਹਾਂ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੇ ਗ਼ੁਲਾਮ ਰਹਿਣਾ ਮਨਜ਼ੂਰ ਨਹੀਂ ਸੀ। ਦੇਸ਼ ਦੀ ਅਜ਼ਾਦੀ ਵਿਚ ੮੦% ਤੋਂ ਵੱਧ ਸ਼ਹੀਦੀਆਂ ਦੇਣ ਵਾਲੇ ਸਿੱਖਾਂ ਨੇ ਅਜ਼ਾਦੀ ਦੇ ਨਾਹਰੇ ਲਾਏ ਅਤੇ ਅਜ਼ਾਦੀ ਦੇ ਘੋਲ ਦਾ ਮੁੱਢ ਬੰਨ੍ਹਿਆ। ਅੰਗਰੇਜ਼ਾਂ ਵੱਲੋਂ ਉਨ੍ਹਾਂ ਨੂੰ ਦਬਾਉਣ ਲਈ ਨਵੇਂ-ਨਵੇਂ ਕਾਨੂੰਨ ਅਤੇ ਰੋਲਟ ਐਕਟ ਨਾਂ ਦਾ ਕਾਲਾ ਕਾਨੂੰਨ ਬਣਾਇਆ ਗਿਆ।

ਭਾਰਤੀਆਂ ਨੇ ਇਸ ਕਾਲੇ ਕਾਨੂੰਨ ਦਾ ਵੱਧ-ਚੜ੍ਹ ਕੇ ਵਿਰੋਧ ਕੀਤਾ, ਇਸ ਸਬੰਧ ਵਿਚ ੬ ਅਪ੍ਰੈਲ ਨੂੰ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਪਰ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਦੇ ਲੀਡਰ ਡਾ. ਸਤਿਆ ਪਾਲ ਨੂੰ ੨੯ ਮਾਰਚ ਵਾਲੇ ਦਿਨ ਘਰ ਵਿਚ ਕੈਦ ਕਰ ਦਿੱਤਾ। ੩੦ ਮਾਰਚ ਨੂੰ ਇਕ ਪਬਲਿਕ ਜਲਸਾ ਹੋਇਆ ਡਾ. ਸੈਫੋਦੀਨ ਕਿਚਲੂ ਨੇ ਰੋਲਟ ਐਕਟ ਬਾਰੇ ਲੋਕਾਂ ਨੂੰ ਜਾਣੂ ਕਰਵਾ ਕੇ ਇਸ ਦਾ ਵਿਰੋਧ ਕਰਨ ਦੀ ਪ੍ਰੇਰਨਾ ਕੀਤੀ। ਉਸੇ ਰਾਤ ਸ੍ਰੀ ਅੰਮ੍ਰਿਤਸਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਡਾ. ਕਿਚਲੂ ਨੂੰ ਹੁਕਮ ਸੁਣਾ ਦਿੱਤਾ ਕਿ ਅਗਲੇ ਹੁਕਮ ਤਕ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਹੱਦ ਤੋਂ ਬਾਹਰ ਨਹੀਂ ਜਾ ਸਕਦੇ ਅਤੇ ਨਾ ਹੀ ਕੋਈ ਸਿਆਸੀ ਲਿਖਾ-ਪੜ੍ਹੀ ਕਰ ਸਕਦੇ ਹਨ। ਪ੍ਰੈੱਸ ਨੂੰ ਬਿਆਨ ਦੇਣ ਅਤੇ ਜਲਸੇ ਜਲੂਸ ਵਿਚ ਸ਼ਾਮਲ ਹੋਣ ਦੀ ਉਨ੍ਹਾਂ 'ਤੇ ਪਾਬੰਦੀ ਲਾ ਦਿੱਤੀ ਗਈ। ਇਹੋ ਜਿਹੇ ਨੋਟਿਸ ਹੋਰ ਵੀ ਕਈ ਆਗੂਆਂ ਨੂੰ ਭੇਜੇ ਗਏ। ੬ ਅਪ੍ਰੈਲ ਨੂੰ ਸ੍ਰੀ ਅੰਮ੍ਰਿਤਸਰ ਵਿਚ ਅਜਿਹੀ ਹੜਤਾਲ ਹੋਈ ਕਿ ਸਰਕਾਰੀ ਬੰਦਿਆਂ ਤੋਂ ਬਿਨਾ ਕਿਸੇ ਨੇ ਚੁਲ੍ਹੇ ਵਿਚ ਅੱਗ ਤਕ ਨਹੀਂ ਬਾਲੀ। ੧੦ ਅਪ੍ਰੈਲ ਨੂੰ ਸਰਕਾਰ ਨੇ ਡਾ. ਕਿਚਲੂ ਅਤੇ ਡਾ. ਸਤਿਆ ਪਾਲ ਨੂੰ ਕਾਰ ਵਿਚ ਬਿਠਾ ਕੇ ਸ੍ਰੀ ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਭੇਜ ਦਿੱਤਾ। ਲੋਕਾਂ ਨੇ ਵਿਰੋਧ ਕੀਤਾ ਅਤੇ ਉਹ ਡਿਪਟੀ ਕਮਿਸ਼ਨਰ ਦੀ ਕੋਠੀ ਅੱਗੇ ਆਪਣਾ ਰੋਸ ਜ਼ਾਹਰ ਕਰਨ ਲਈ ਇਕੱਠੇ ਹੋ ਕੇ ਜਾਣ ਲੱਗੇ ਤਾਂ ਰਸਤੇ ਵਿਚ ਉਨ੍ਹਾਂ ਨੂੰ ਫੌਜ ਨੇ ਘੇਰ ਲਿਆ ਅਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਵਿਚ ੨੦ ਬੰਦੇ ਮੌਕੇ 'ਤੇ ਹੀ ਦਮ ਤੋੜ ਗਏ। ਜ਼ਖਮੀਆਂ ਦਾ ਇਲਾਜ ਕਰਨ ਵਾਲੇ ਡਾਕਟਰਾਂ ਨੂੰ ਡਿਪਟੀ ਕਮਿਸ਼ਨਰ ਵੱਲੋਂ ਉਨ੍ਹਾਂ ਨੂੰ ਮਰਨ ਦੇਣ ਲਈ ਕਿਹਾ ਗਿਆ ਜਾਂ ਫੇਰ ਆਪਣਾ ਇਲਾਜ ਆਪੇ ਕਰਨ ਲਈ ਕਿਹਾ ਗਿਆ। ਜਨਾਨਾ ਹਸਪਤਾਲ ਦੇ ਕੋਲ ਇਕ ਡਾਕਟਰ ਕਿਦਾਰ ਨਾਥ ਰਹਿੰਦਾ ਸੀ, ਉਹ ਕੁਝ ਕੌਮ-ਪ੍ਰਸਤੀ ਦੇ ਵਿਚਾਰ ਰੱਖਦਾ ਸੀ। ਕੁਝ ਬੰਦਿਆਂ ਦੇ ਕਹਿਣ 'ਤੇ ਲੋਕ ਜ਼ਖਮੀਆਂ ਨੂੰ ਚੁੱਕ ਕੇ ਉਸ ਦੇ ਘਰ ਵੱਲ ਨੂੰ ਤੁਰ ਪਏ। ਲੋਕਾਂ ਨੇ ਇਸ ਦੇ ਵਿਰੋਧ ਵਿਚ ਵੈਸਾਖੀ ਵਾਲੇ ਦਿਨ ਲਾਲਾ ਕਨ੍ਹਈਆ ਲਾਲ ਦੀ ਪ੍ਰਧਾਨਗੀ ਹੇਠ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਕਰਨ ਦਾ ਫੈਸਲਾ ਕੀਤਾ। ਲਾਲਾ ਕਨ੍ਹਈਆ ਲਾਲ ਸ਼ਹਿਰ ਦਾ ਪਤਵੰਤਾ ਵਕੀਲ ਸੀ, ਉਸ ਦੀ ਉਮਰ ੭੨ ਸਾਲ ਦੇ ਲੱਗਭਗ ਸੀ ਅਤੇ ਉਸ ਦਾ ਸ਼ਹਿਰ ਵਿਚ ਬੜਾ ਸਤਿਕਾਰ ਸੀ। ਨੇੜੇ-ਤੇੜੇ ਦੇ ਸਾਰੇ ਇਲਾਕੇ ਵਿਚ ਪੀਪਾ ਖੜਕਾ ਕੇ ਐਲਾਨ ਕੀਤਾ ਗਿਆ ਕਿ ਵੈਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਹੋਵੇਗਾ। ਜਲ੍ਹਿਆਂ ਵਾਲਾ ਬਾਗ ਕਿਸੇ ਵੇਲੇ ਭਾਈ ਹਮੀਤ ਸਿੰਘ ਜੱਲ੍ਹਾ ਵਾਲੀਆ ਦੀ ਮਲਕੀਅਤ ਸੀ। ਉਹ ਰਾਜਾ ਜਸਵੰਤ ਸਿੰਘ ਨਾਭਾ ਦਾ ਦਰਬਾਰੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਵਕੀਲ ਵੀ ਰਹਿ ਚੁੱਕਿਆ ਸੀ। ਜੱਲ੍ਹਾ ਉਸ ਦਾ ਗੋਤ ਸੀ ਅਤੇ ਇਸ ਥਾਂ ਉਸ ਦਾ ਬਾਗ ਸੀ। ਸਾਕੇ ਵਾਲੇ ਦਿਨਾਂ ਵਿਚ ਇਸ ਬਾਗ ਵਾਲੀ ਥਾਂ ਨੂੰ ਲੋਕ ਕੂੜਾ-ਕਰਕਟ ਸੁੱਟਣ ਲਈ ਵਰਤਦੇ ਸਨ ਅਤੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਬੁੱਢੇ ਤੋਂ ਬੁੱਢੇ ਵਸਨੀਕ ਨੂੰ ਵੀ ਯਾਦ ਨਹੀਂ ਸੀ ਕਿ ਇਥੇ ਕੋਈ ਬਾਗ ਹੁੰਦਾ ਸੀ। ਇਹ ਥਾਂ ਸ਼ਹਿਰ ਦੀ ਪੱਧਰ ਨਾਲੋਂ ਨੀਵੇਂ ਥਾਂ ਸ਼ਹਿਰ ਦੇ ਬਿਲਕੁਲ ਵਿਚਕਾਰ ਭੀੜੀਆਂ ਅਤੇ ਵਿੰਗੀਆਂ-ਟੇਡੀਆਂ ਗਲੀਆਂ ਨਾਲ ਘਿਰਿਆ ਹੋਇਆ ਸੀ। ਇਹ ਖੁੱਲ੍ਹੀ ਉੱਚੀ-ਨੀਵੀਂ ਤੇ ਚੌਰਸ ਥਾਂ ਸੀ। ਇਸ ਦਾ ਖੇਤਰਫਲ ਕੋਈ ੧੨

ਵਿੱਘੇ ਹੋਵੇਗਾ। ਮਕਾਨਾਂ ਦੀਆਂ ਪਿੱਠਾਂ ਅਤੇ ਭੱਦੀ ਜਿਹੀ ਕੰਧ ਦੇ ਅੱਧ ਢੱਠੇ ਟੁੱਕੜਿਆਂ ਵਿਚ ਘਿਰੀ ਇਹ ਵਲਗਣ ਅਨਘੜ ਜਿਹੀ ਚੌਖੰਡੀ ਲੱਗਦੀ ਸੀ। ਕਈਆਂ ਥਾਂਵਾਂ 'ਤੇ ਆਲੇ-ਦੁਆਲੇ ਦੇ ਮਕਾਨਾਂ ਦੀਆਂ ਕੰਧਾਂ ਇਸ ਦੇ ਅੰਦਰ ਖੁੱਭ ਆਈਆਂ ਸਨ। ਇਸ ਵਲਗਣ ਤੋਂ ਬਾਹਰ ਨੂੰ ਤਿੰਨ ਜਾਂ ਚਾਰ ਲਾਂਘੇ ਸਨ, ਜਿੱਥੋਂ ਦੀ ਲੋਕ ਅਸਾਨੀ ਨਾਲ ਆ ਜਾ ਸਕਦੇ ਸਨ। ਘਰਾਂ ਦੇ ਵਿਚਕਾਰ ਕਈਆਂ ਥਾਵਾਂ 'ਤੇ ਇਸ ਦੀ ਫਸੀਲ ਏਨੀ ਨੀਵੀਂ ਸੀ ਕਿ ਆਦਮੀ ਖਲੋ ਕੇ ਉਸ ਦੇ ਉੱਪਰ ਦੀ ਝਾਤੀ ਮਾਰ ਸਕਦਾ ਸੀ। ਇਸ ਦਾ ਆਮ ਲਾਂਘਾ ਇਤਨਾ ਭੀੜਾ ਸੀ ਕਿ ਦੋ ਬੰਦੇ ਮਸਾਂ ਇਕ ਦੂਜੇ ਨਾਲ ਫਸ ਕੇ ਲੰਘ ਸਕਦੇ ਸਨ। ਇਸ ਦੇ ਐਨ ਸਾਹਮਣੇ ਸੌ ਫੁੱਟ ਦੀ ਵਿੱਥ 'ਤੇ ਮਕਾਨ ਦੀ ਥਾਂ ਕੇਵਲ ਪੰਜ ਫੁੱਟ ਉੱਚੀ ਇੱਟਾਂ ਤੇ ਗਾਰੇ ਦੀ ਇਕ ਕੰਧ ਖੜ੍ਹੀ ਸੀ ਅਤੇ ਸੱਜੇ ਪਾਸੇ ਵੱਲ ਇਕ ਹੋਰ ਨੀਵੀਂ ਜਿਹੀ ਕੱਚੀ ਕੰਧ ਸੀ। ਇਨ੍ਹਾਂ ਦੇ ਵਿਚਕਾਰਲੀ ਥਾਂ ਇਕ ਗੁੰਬਦ ਵਾਲੀ ਖਸਤਾ ਹਾਲਤ ਵਿਚ ਭਾਈ ਜੱਲ੍ਹੇ ਦੀ ਯਾਦਗਾਰ ਬਣੀ ਹੋਈ ਸੀ। ਖੂਹ ਦੇ ਨੇੜੇ ਰੁੱਖਾਂ ਦੇ ਹੇਠਾਂ ਭੱਜੇ ਹੋਏ ਮਿੱਟੀ ਦੇ ਭਾਂਡਿਆਂ ਦੀਆਂ ਠੀਕਰੀਆਂ ਦੇ ਢੇਰ ਲੱਗੇ ਹੋਏ ਸਨ।

ਸੰਨ ੧੯੧੯ ਈ. ਦੀ ੧੩ ਅਪ੍ਰੈਲ ਨੂੰ ਸ੍ਰੀ ਅੰਮ੍ਰਿਤਸਰ ਵਿਚ ਵੈਸਾਖੀ ਦਾ ਤਿਉਹਾਰ ਸੀ। ਲੋਕ ਦੂਰੋਂ-ਦੂਰੋਂ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਲਈ ਪਹੁੰਚ ਰਹੇ ਸਨ। ਲੋਹਗੜ੍ਹ ਅਤੇ ਹਾਥੀ ਦਰਵਾਜਿਆਂ ਦੇ ਬਾਹਰ ਮਾਲ ਮੰਡੀ ਲੱਗੀ ਹੋਈ ਸੀ। ਕਾਬਲ ਤਕ ਦੇ ਵਿਉਪਾਰੀ ਪਹੁੰਚੇ ਹੋਏ ਸਨ। ਉਸ ਸਮੇਂ ਪੰਜਾਬ ਦਾ ਗਵਰਨਰ ਸਰ ਮਾਇਕਲ ਓਡਵਾਇਰ ਸੀ ਅਤੇ ਸਾਰਾ ਸ਼ਹਿਰ ਜਰਨਲ ਡਾਇਰ ਦੇ ਹਵਾਲੇ ਕੀਤਾ ਹੋਇਆ ਸੀ। ਜਨਰਲ ਡਾਇਰ ਨੇ ਐਲਾਨ ਕਰ ਦਿੱਤਾ ਕਿ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਹੱਦ ਅੰਦਰ ਕੋਈ ਜਲਸਾ ਜਲੂਸ ਨਹੀਂ ਕੀਤਾ ਜਾ ਸਕਦਾ। ਜਦੋਂ ਬਾਗ ਬੰਦਿਆਂ ਨਾਲ ਭਰ ਗਿਆ ਤਾਂ ਸ਼ਾਮ ਦੇ ੪:੦੦ ਵਜੇ ਸ੍ਰੀ ਹੰਸ ਰਾਜ ਨੇ ਪ੍ਰਧਾਨਗੀ ਲਈ ਡਾ. ਕਿਚਲੂ ਦੀ ਤਸਵੀਰ ਕੁਰਸੀ 'ਤੇ ਰੱਖੀ ਅਤੇ ਆਪਣੀ ਤਕਰੀਰ ਵਿਚ ਦੱਸਿਆ ਕਿ ਕਿਵੇਂ ਦਸ ਤਾਰੀਖ ਨੂੰ ਆਪਣੇ ਲੀਡਰਾਂ ਦੀ ਰਿਹਾਈ ਦੀ ਮੰਗ ਕਰਨ ਗਏ ਲੋਕਾਂ 'ਤੇ ਗੋਲੀ ਚਲਾਈ ਗਈ। ਇਹ ਮਤਾ ਪਾਸ ਕਰਨ ਲਈ ਵੀ ਕਿਹਾ ਗਿਆ ਜਿਸ ਵਿਚ ਰੋਲਟ ਐਕਟ ਨੂੰ ਰੱਦ ਕਰ ਦੇਣ ਦੀ ਮੰਗ ਕੀਤੀ ਗਈ ਸੀ। ਗੋਪੀ ਨਾਥ ਨੇ ਇਕ ਕਵਿਤਾ ਪੜ੍ਹੀ ਅਤੇ ਮੁੱਖ ਵਕਤਾ ਲਾਲਾ ਕਨ੍ਹਈਆ ਲਾਲ ਵਕੀਲ ਨੇ ਵੀ ਭਾਵਪੂਰਤ ਢੰਗ ਨਾਲ ਲੋਕਾਂ ਨੂੰ ਸੰਬੋਧਨ ਕੀਤਾ। ਜਨਰਲ ਡਾਇਰ ਆਪਣੇ ਫੌਜੀ ਜਵਾਨਾਂ ਨੂੰ ਲੈ ਕੇ ਸ਼ਹਿਰ ਵਿਚ ਦਾਖਲ ਹੋ ਗਿਆ, ਉਸ ਦੀ ਕਾਰ ਅੱਗੇ ਘੋੜ ਸਵਾਰ ਪੁਲਿਸ, ਕਾਰ ਵਿਚ ਉਹ ਆਪ ਅਤੇ ਮੇਜਰ ਬ੍ਰਿਗਜ਼, ਦੂਸਰੀ ਕਾਰ ਵਿਚ ਐੱਸ. ਪੀ. ਰੀਹਲ ਤੇ ਡੀ. ਐੱਸ. ਪੀ. ਪਲੋਮਰ ਸਨ। ਅੱਗੇ-ਪਿੱਛੇ ੯੦ ਹਥਿਆਰਬੰਦ ਫੌਜੀ ਸਿਪਾਹੀ ਅਤੇ ਮਸ਼ੀਨਗੰਨਾਂ ਵਾਲੀਆਂ ਦੋ ਹਥਿਆਰਬੰਦ ਗੱਡੀਆਂ ਉਸ ਦੇ ਨਾਲ ਸਨ ਅਤੇ ਉਹ ਜਲ੍ਹਿਆਂ ਵਾਲੇ ਬਾਗ ਦੇ ਪੱਛਮੀ ਦਰਵਾਜ਼ੇ ਅੱਗੇ ਆ ਗਿਆ। ਫੌਜੀ ਜਵਾਨਾਂ ਕੋਲ ਤੋਪ ਵੀ ਸੀ ਪਰ ਜਲ੍ਹਿਆਂ ਵਾਲੇ ਬਾਗ ਦਾ ਦਰਵਾਜ਼ਾ ਸਿਰਫ ਸਾਢੇ ਸੱਤ ਫੁੱਟ ਚੌੜਾ ਸੀ, ਤੋਪ ਅੰਦਰ ਨਹੀਂ ਸੀ ਜਾ ਸਕਦੀ। ਉਨ੍ਹਾਂ ਨੂੰ ਆਪਣੀਆਂ ਆਰਮਡ ਕਾਰਾਂ ਵੀ ਬਾਹਰ ਹੀ ਖੜ੍ਹਾਉਣੀਆਂ ਪਈਆਂ। ਜਨਰਲ ਡਾਇਰ ਨੇ ਆਪਣੇ ਜਵਾਨਾਂ ਨੂੰ ਹੁਕਮ ਕੀਤਾ ਅਤੇ ੫੦ ਰਾਈਫਲਾਂ ਨਾਲ ਲੈਸ ਜਵਾਨ ਅੰਦਰ ਚਲੇ ਗਏ।

ਬਾਗ ਦੇ ਦਰਵਾਜ਼ੇ ਅੱਗੇ ਇਕ ਉੱਚੀ ਥਾਂ ਸੀ ਜਿਸ ਉੱਪਰ ਡਾਇਰ ਜਾ ਖਲੋਤਾ। ਜਲਸਾ ਨੀਵੀਂ ਥਾਂ 'ਤੇ ਹੋ ਰਿਹਾ ਸੀ ਇਸ ਲਈ ਇਸ ਜਗ੍ਹਾ ਤੋਂ ਸਭ ਨਜ਼ਾਰਾ ਪੂਰੀ ਤਰ੍ਹਾਂ ਨਜ਼ਰ ਆ ਰਿਹਾ ਸੀ। ਇਕ ਆਦਮੀ ਭਾਸ਼ਣ ਕਰ ਰਿਹਾ ਸੀ, ਬਾਕੀ ਸਭ ਚੁੱਪ-ਚਾਪ ਬੈਠੇ ਸੁਣ ਰਹੇ ਸਨ। ਸਟੇਜ 'ਤੇ ਦੁਰਗਾ ਦਾਸ, ਰਾਏ ਰਾਮ ਸਿੰਘ, ਦਾਰਾ ਸਿੰਘ, ਅਬਦੁਲ ਮਜੀਦ, ਹੰਸ ਰਾਜ, ਗੋਪੀ ਨਾਥ, ਅਤੇ ਗੁਰਬਖਸ਼ ਰਾਏ ਆਦਿ ਬੈਠੇ ਸਨ। ਭਾਸ਼ਣ ਸੁਣਨ ਵਾਲਿਆਂ ਵਿਚ ਬੱਚੇ-ਬੁੱਢੇ ਅਤੇ ਇਸਤਰੀਆਂ ਸ਼ਾਮਲ ਸਨ। ਕਈ ਇਸਤਰੀਆਂ ਦੀ ਕੁੱਛੜ ਵਿਚ ਬੱਚੇ ਵੀ ਚੁੱਕੇ ਹੋਏ ਸਨ। ਜਨਰਲ ਡਾਇਰ ਨੇ ਬਿਨਾ ਕਿਸੇ ਚਿਤਾਵਨੀ ਦੇ ਆਪਣੇ ਜਵਾਨਾਂ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ। ਲੋਕ ਇਕਦਮ ਘਬਰਾ ਕੇ ਇਧਰ-ਉਧਰ ਭੱਜਣ ਲੱਗੇ ਅਤੇ ਦੇਖਦੇ ਹੀ ਦੇਖਦੇ ਸਾਰਾ ਬਾਗ ਲਾਸ਼ਾਂ ਨਾਲ ਭਰ ਗਿਆ। ਬੇਕਿਰਕ ਅੰਗਰੇਜ਼ ਫੌਜੀ ਭਾਰੀ ਬੂਟਾਂ ਨਾਲ ਲਾਸ਼ਾਂ ਨੂੰ ਲਿਤਾੜਦੇ ਹੋਏ ਗੋਲੀ ਚਲਾਈ ਜਾ ਰਹੇ ਸਨ। ਲੋਕ ਇਧਰ-ਉਧਰ ਭੱਜਦੇ ਅਤੇ ਇਕ ਬਿਨਾਂ ਮੌਣ ਵਾਲੇ ਚੌੜੇ ਖੂਹ ਵਿਚ ਜਾ ਡਿਗਦੇ। ਖੂਹ ਲਾਸ਼ਾਂ ਨਾਲ ਭਰ ਗਿਆ। ਬਾਗ ਦੀਆਂ ਕੰਧਾਂ 'ਤੇ ਗੋਲੀਆਂ ਦੇ ਨਿਸ਼ਾਨ ਹੀ ਨਿਸ਼ਾਨ ਨਜ਼ਰ ਆ ਰਹੇ ਸਨ। ਬਾਗ ਵਿਚ ਫੌਜੀਆਂ ਤੋਂ ਬਿਨਾ ਕੋਈ ਵੀ ਵਿਅਕਤੀ ਚਲਦਾ-ਫਿਰਦਾ ਨਜ਼ਰ ਨਹੀਂ ਸੀ ਆ ਰਿਹਾ ਜੇਕਰ ਕੋਈ ਵਿਅਕਤੀ ਮਾੜੀ-ਮੋਟੀ ਗਰਦਨ ਉੱਪਰ ਚੁੱਕ ਕੇ ਪਾਣੀ ਮੰਗਦਾ ਤਾਂ ਫੌਜੀ ਉਸ ਨੂੰ ਬੰਦੂਕ ਦੇ ਬੱਟ ਨਾਲ ਮਾਰਦੇ। ਕੋਈ ਸਵਾ ਘੰਟਾ ਇਹ ਮੌਤ ਦਾ ਖੇਡ ਚੱਲਦਾ ਰਿਹਾ। ਵੈਸਾਖੀ ਦੇ ਦਿਹਾੜੇ 'ਤੇ ਪੰਜਾਬ ਦੇ ਸ਼ਹਿਰ ਸ੍ਰੀ ਅੰਮ੍ਰਿਤਸਰ ਵਿਖੇ ਜਨਰਲ ਡਾਇਰ ਦੇ ਹੁਕਮ ਨਾਲ ੧੩੦੦ ਤੋਂ ਵੱਧ ਪੰਜਾਬੀ ਬੱਚੇ, ਬੁੱਢੇ ਅਤੇ ਜਵਾਨ ਗੋਲੀਆਂ ਨਾਲ ਭੁੰਨ ਸੁੱਟੇ ਜਿਨ੍ਹਾਂ ਵਿਚ ੭੯੯ ਸਿੱਖ ਸਨ। ਇਨ੍ਹਾਂ ਵਿਚ ਇਕ ਸੱਤ ਹਫਤੇ ਦਾ ਬੱਚਾ ਵੀ ਸੀ। ਇਕ ਅੰਦਾਜ਼ੇ ਅਨੁਸਾਰ ਫੌਜ ਨੇ ੧੬੫੦ ਕਾਰਤੂਸ ਚਲਾਏ। ਸ਼ਹਿਰ ਵਿਚ ਮਾਰਸ਼ਲ ਲਾਅ ਲਾ ਦਿੱਤਾ ਗਿਆ।

੧੪ ਅਪ੍ਰੈਲ ਦੇ ਦਿਨ ਉੱਚੀ ਅਵਾਜ਼ ਨਾਲ ਸ਼ਹਿਰ ਵਿਚ ਢੰਡੋਰਾ ਫੇਰਿਆ ਗਿਆ ਕਿ ਜਨਰਲ ਡਾਇਰ ਸਾਹਿਬ ਦਾ ਹੁਕਮ ਹੈ ਕਿ ਜਿਨ੍ਹਾਂ ਲੋਕਾਂ ਦੇ ਸਾਕ-ਸੰਬੰਧੀ ਜਲ੍ਹਿਆਂ ਵਾਲੇ ਬਾਗ ਵਿਚ ਮਾਰੇ ਗਏ ਹਨ, ਉਨ੍ਹਾਂ ਦਾ ਅੰਤਿਮ ਸਸਕਾਰ ਕਰਨ ਲਈ ਜਾ ਸਕਦੇ ਹਨ ਪਰ ਉਹ ਕਿਸੇ ਪ੍ਰਕਾਰ ਦਾ ਰੋਣਾ-ਪਿੱਟਣਾ ਨਹੀਂ ਕਰ ਸਕਦੇ ਤੇ ਨਾ ਹੀ ਰੌਲਾ ਪਾ ਸਕਦੇ ਹਨ ਤੇ ਨਾ ਹੀ ਕੋਈ ਸਰਕਾਰ ਵਿਰੁੱਧ ਅਵਾਜ਼ ਉਠਾਉਣ ਦੀ ਕੋਸ਼ਿਸ਼ ਕਰੇ ਜੇਕਰ ਕੋਈ ਅਜਿਹਾ ਕਰੇਗਾ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਜਿਹੜੇ ਜ਼ਖਮੀ ਹਨ, ਉਹ ਇਲਾਜ ਕਰਵਾ ਸਕਦੇ ਹਨ ਪਰ ਕੋਈ ਵੀ ਡਾਕਟਰ ਮੁਕੱਦਮੇ ਲਈ ਕਿਸੇ ਜ਼ਖਮੀ ਨੂੰ ਸਰਟੀਫਿਕੇਟ ਨਹੀਂ ਦੇ ਸਕਦਾ। ਜੋ ਡਾਕਟਰ ਇਸ ਤਰ੍ਹਾਂ ਕਰੇਗਾ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਸਰਕਾਰ ਦਾ ਇਹ ਐਲਾਨ ਹੈ ਕਿ ਮਰਨ ਵਾਲੇ ਆਪ ਮਰੇ ਹਨ, ਉਨ੍ਹਾਂ ਨੂੰ ਜਲਸਾ ਸੁਣਨ ਲਈ ਨਹੀਂ ਸੀ ਜਾਣਾ ਚਾਹੀਦਾ।

ਕੂਚਾ ਕੌੜਿਆਂ ਵਾਲਾ, ਸ੍ਰੀ ਅੰਮ੍ਰਿਤਸਰ ਵਿਚ ਇਕ ਤੰਗ ਅਤੇ ੧੫੦ ਗਜ਼ ਲੰਬੀ ਗਲੀ ਹੈ। ਇਸ ਦੇ ਦੋਹੀਂ ਪਾਸੀਂ ਕਈ ਮੰਜ਼ਲੇ ਮਕਾਨ ਹਨ ਅਤੇ ਭੀੜੀਆਂ ਹਨ੍ਹੇਰੀਆਂ ਗਲੀਆਂ ਹਨ। ਜੇਕਰ ਇਸ ਗਲੀ ਦੇ ਵਸਨੀਕਾਂ ਨੇ ਕੁਝ ਖਰੀਦਣਾ ਹੋਵੇ ਜਾਂ ਸ਼ਹਿਰ ਜਾਣਾ ਹੋਵੇ ਤਾਂ ਇਸ ਗਲੀ ਵਿੱਚੋਂ ਦੀ ਹੀ ਲੰਘ ਕੇ ਜਾਣਾ ਪੈਂਦਾ ਹੈ। ਇਸ ਤੋਂ ਸਿਵਾ ਹੋਰ ਕੋਈ ਰਸਤਾ ਨਹੀਂ।

ਘਟਨਾ ਤੋਂ ਦਸ ਦਿਨ ਬਾਅਦ ਡਾਇਰ ਨੇ ਹੁਕਮ ਜਾਰੀ ਕੀਤਾ ਕਿ ਇਸ ਗਲੀ 'ਚੋਂ ਲੰਘਣ ਵਾਲਾ ਹਰ ਹਿੰਦੋਸਤਾਨੀ ਗੋਡਿਆਂ ਅਤੇ ਕੂਹਣੀਆਂ ਭਾਰ ਰਿੜ੍ਹ ਕੇ ਲੰਘੇਗਾ। ਗਲੀ ਵਿਚ ਥਾਂ-ਥਾਂ ਫੌਜੀ ਪਿਕਟਾਂ ਲਾ ਦਿੱਤੀਆਂ ਗਈਆਂ। ਇਹ ਹੁਕਮ ਡਾਕਟਰ ਅਤੇ ਸਫਾਈ ਕਰਨ ਵਾਲਿਆਂ 'ਤੇ ਵੀ ਲਾਗੂ ਸੀ। ੧੫ ਦਿਨਾਂ ਤਕ ਸ੍ਰੀ ਅੰਮ੍ਰਿਤਸਰ ਸ਼ਹਿਰ ਨਰਕ ਬਣਿਆ ਰਿਹਾ। ਲੋਕਾਂ ਨੂੰ ਢਿੱਡ ਭਾਰ ਤੋਰਿਆ ਗਿਆ। ਲੋਕਾਂ ਨੂੰ ਪ੍ਰੇਸ਼ਾਨ ਕਰਨ ਲਈ ਪਾਣੀ ਦੇ ਨਲਕੇ ਬੰਦ ਕਰ ਦਿੱਤੇ ਗਏ। ਖੂਹਾਂ ਵਿਚ ਗੰਦ ਭਰ ਦਿੱਤਾ ਗਿਆ ਤਾਂ ਕਿ ਇਸ ਅੱਤਿਆਚਾਰ ਵਿਰੁੱਧ ਕੋਈ ਅਵਾਜ਼ ਨਾ ਉਠਾਏ। ਇਸ ਲਈ ਲੱਗਭਗ ਦੋ ਮਹੀਨੇ ਸ੍ਰੀ ਅੰਮ੍ਰਿਤਸਰ, ਲਾਇਲਪੁਰ, ਗੁਜਰਾਂਵਾਲਾ, ਕਸੂਰ ਤੇ ਲਾਹੌਰ ਆਦਿ ਸਿੱਖਾਂ ਦੇ ਗੜ੍ਹ ਮੰਨੇ ਜਾਂਦੇ ਸ਼ਹਿਰਾਂ ਵਿਚ ਲੋਕਾਂ ਦੀ ਅਵਾਜ਼ ਨੂੰ ਦਬਾਉਣ ਲਈ ਲੱਗਭਗ ੧੨੦੦ ਬੰਦੇ ਸ਼ਹੀਦ ਕੀਤੇ ਗਏ ਅਤੇ ੩੬੦੦ ਦੇ ਲੱਗਭਗ ਜ਼ਖਮੀ, ਇਨ੍ਹਾਂ ਵਿਚੋਂ ਕਈ ਤਾਂ ਸਦਾ ਲਈ ਲੰਗੜੇ-ਲੂਲ੍ਹੇ ਹੋ ਗਏ।

ਸ੍ਰੀ ਅੰਮ੍ਰਿਤਸਰ ਦੀ ਇਕ ਮਾਈ ਰਤਨਾ ਦੇਵੀ ਜੋ ਜਲ੍ਹਿਆਂ ਵਾਲੇ ਬਾਗ ਦੇ ਨੇੜੇ ਹੀ ਰਹਿੰਦੀ ਸੀ। ਉਸ ਦਾ ਪਤੀ ਵੀ ਉਸ ਦਿਨ ਜਲਸਾ ਦੇਖਣ ਲਈ ਬਾਗ ਵਿਚ ਗਿਆ ਸੀ। ਜਦੋਂ ਸ਼ਾਮ ਤਕ ਉਸ ਦਾ ਪਤੀ ਘਰ ਨਹੀਂ ਆਇਆ ਤਾਂ ਉਹ ਦੋ ਇਸਤਰੀਆਂ ਨੂੰ ਨਾਲ ਲੈ ਕੇ ਬਾਗ ਵਿਚ ਗਈ ਅਤੇ ਉਥੇ ਦਾ ਦ੍ਰਿਸ਼ ਦੇਖ ਦੰਗ ਰਹਿ ਗਈ। ਲਾਸ਼ਾਂ ਦੇ ਢੇਰ ਵਿੱਚੋਂ ਉਸ ਨੇ ਆਪਣੇ ਪਤੀ ਦੀ ਲਾਸ਼ ਤਲਾਸ਼ ਕੀਤੀ, ਜਿਸ ਲਈ ਉਸ ਨੂੰ ਲਹੂ ਭਰਿਆ ਰਸਤਾ ਤੈਅ ਕਰਨਾ ਪਿਆ। ਕੁਝ ਦੇਰ ਬਾਅਦ ਲਾਲਾ ਸੁੰਦਰ ਦਾਸ ਦੇ ਦੋ ਪੁੱਤਰ ਵੀ ਉੱਥੇ ਆ ਗਏ। ਮਾਈ ਰਤਨਾ ਦੇਵੀ ਨੇ ਉਨ੍ਹਾਂ ਇਸਤਰੀਆਂ ਅਤੇ ਸੁੰਦਰ ਦਾਸ ਦੇ ਪੁੱਤਰਾਂ ਨੂੰ ਆਪਣੇ ਪਤੀ ਦੀ ਲਾਸ਼ ਲੈ ਕੇ ਜਾਣ ਲਈ ਇਕ ਮੰਜੀ ਲੈ ਕੇ ਆਉਣ ਲਈ ਕਿਹਾ। ਉਸ ਵੇਲੇ ਤਕ ਅੱਠ ਵੱਜ ਚੁੱਕੇ ਸਨ ਅਤੇ ਅੱਠ ਵਜੇ ਤੋਂ ਬਾਅਦ ਕਰਫਿਊ ਲੱਗ ਗਿਆ ਸੀ। ਸਾਢੇ ਅੱਠ ਵੱਜੇ ਦੇ ਲੱਗਭਗ ਇਕ ਸਿੱਖ ਲੜਕਾ ਉਥੇ ਆਇਆ ਜੋ ਸ਼ਾਇਦ ਸ. ਊਧਮ ਸਿੰਘ ਸੀ। ਉਹ ਵੀ ਲਾਸ਼ਾਂ ਵਿੱਚੋਂ ਕੁਝ ਬੰਦਿਆਂ ਦੀ ਪਛਾਣ ਕਰ ਰਿਹਾ ਸੀ। ਉਸ ਨੇ ਮਾਈ ਦੇ ਪਤੀ ਨੂੰ ਮਾਈ ਨਾਲ ਲੱਗ ਕੇ ਸੁੱਕੀ ਥਾਂ 'ਤੇ ਪਹੁੰਚਾਇਆ। ਮਾਈ ਨੇ ਦਸ ਵਜੇ ਤਕ ਮੰਜੀ ਆਉਣ ਦੀ ਉਡੀਕ ਕੀਤੀ ਪਰ ਕੋਈ ਨਹੀਂ ਆਇਆ। ਉਹ ਮਾਈ ਕੋਸ਼ਿਸ਼ ਕਰਦੀ ਰਹੀ ਕਿ ਕਿਸੇ ਤਰ੍ਹਾਂ ਉਸ ਦੇ ਪਤੀ ਦੀ ਲਾਸ਼ ਘਰ ਪਹੁੰਚ ਜਾਵੇ ਪਰ ਕੁਝ ਨਾ ਬਣਿਆ ਅਤੇ ਉਸ ਨੇ ਸਾਰੀ ਰਾਤ ਲਾਸ਼ਾਂ ਦੇ ਢੇਰ ਵਿਚ ਆਪਣੇ ਪਤੀ ਦੀ ਲਾਸ਼ ਕੋਲ ਬੈਠ ਕੇ ਕੱਟੀ ਅਤੇ ਇਕ ਸੋਟੀ ਨਾਲ ਕੁੱਤਿਆਂ ਨੂੰ ਲਾਸ਼ਾਂ ਨੂੰ ਮੂੰਹ ਮਾਰਨ ਤੋਂ ਹਟਾਉਂਦੀ ਰਹੀ। ਉਸ ਨੇ ਦੇਖਿਆ ਕਿ ਤਿੰਨ ਆਦਮੀ ਦਰਦ ਨਾਲ ਕਰਹਾ ਰਹੇ ਸਨ। ਇਕ ਮੱਝ ਦਰਦ ਨਾਲ ਤਰਲੋਮੱਛੀ ਹੋ ਰਹੀ ਸੀ। ਇਕ ੧੨ ਕੁ ਸਾਲ ਦੀ ਉਮਰ ਦਾ ਲੜਕਾ ਦਰਦ ਨਾ ਵਿਆਕੁਲ ਹੋ ਰਿਹਾ ਸੀ ਅਤੇ ਮਾਈ ਨੂੰ ਕਹਿ ਰਿਹਾ ਸੀ ਕਿ ਉਸ ਨੂੰ ਇਕੱਲੇ ਨੂੰ ਛੱਡ ਕੇ ਨਾ ਜਾਵੇ ਅਤੇ ਉਹ ਬਾਰ-ਬਾਰ ਪਾਣੀ ਮੰਗ ਰਿਹਾ ਸੀ ਪਰ ਪਾਣੀ ਦਾ ਇਕ ਘੁੱਟ ਵੀ ਨੇੜੇ-ਤੇੜੇ ਨਹੀਂ ਸੀ। ਰਾਤ ਦੇ ਦੋ ਕੁ ਵਜੇ ਸੁਲਤਾਨਵਿੰਡ ਪਿੰਡ ਦਾ ਇਕ ਕਿਸਾਨ ਜੋ ਕੰਧ ਤੇ ਨੇੜੇ ਜ਼ਖਮੀ ਪਿਆ ਸੀ, ਉਸ ਨੇ ਮਾਈ ਨੂੰ ਆਪਣੀ ਫਸੀ ਲੱਤ ਕੱਢਣ ਲਈ ਕਿਹਾ। ਮਾਈ ਨੇ ਉਸ ਦੀ ਲੱਤ ਕੱਢ ਦਿੱਤੀ ਅਤੇ ਉਸ ਨੂੰ ਅਰਾਮ ਨਾਲ ਲਿਟਾ ਦਿੱਤਾ। ਸਵੇਰ ਦੇ ੬:੦੦

ਵਜੇ ਲਾਲਾ ਸੁੰਦਰ ਦਾਸ ਅਤੇ ਉਸ ਦੇ ਪੁੱਤਰ 'ਤੇ ਗਲੀ ਦੇ ਕੁਝ ਹੋਰ ਬੰਦੇ ਆਏ ਅਤੇ ਮਾਈ ਦੇ ਪਤੀ ਦੀ ਲਾਸ਼ ਨੂੰ ਘਰ ਲੈ ਕੇ ਗਏ। ਉਹ ਸਾਰੀ ਰਾਤ ਉਸ ਮਾਈ ਨੇ ਕਿੰਝ ਗੁਜਾਰੀ ਹੋਵੇਗੀ, ਇਸ ਬਾਰੇ ਉਹ ਸ਼ਬਦਾਂ ਵਿਚ ਬਿਆਨ ਕਰਨ ਤੋਂ ਅਸਮਰੱਥ ਸੀ।

ਜਨਰਲ ਡਾਇਰ ਨੇ ਜੋ ਪਾਪ ਕੀਤਾ ਸੀ, ਸ਼ਾਇਦ ਧਰਤੀ ਵੀ ਉਸ ਦੇ ਭਾਰ ਨੂੰ ਝੱਲਣ ਲਈ ਤਿਆਰ ਨਹੀਂ ਸੀ। ਉਸ ਨੂੰ ੧੯੨੧ ਈ. ਵਿਚ ਅਧਰੰਗ ਦਾ ਦੌਰਾ ਪਿਆ ਜਿਸ ਨਾਲ ਉਹ ਕਾਫੀ ਕਮਜ਼ੋਰ ਹੋ ਗਿਆ ਅਤੇ ੧੯੨੬ ਈ. ਵਿਚ ਆਪਣੇ ਪੁਰਾਣੇ ਘਰ, ਬਰਿਸਟਲ ਦੇ ਨੇੜੇ ਲਾਂਸ ਆਸ਼ਟਨ ਵਿਚ ਸੇਂਟ ਮਾਰਟਨ ਵਿਖੇ ਆ ਗਿਆ ਅਤੇ ਮੌਤ ਨਾਲੋਂ ਬਦਤਰ ਜ਼ਿੰਦਗੀ ਜਿਊਂਦਾ ਰਿਹਾ। ੧੧ ਜੁਲਾਈ, ੧੯੨੭ ਈ. ਨੂੰ ਉਸ ਨੂੰ ਫੇਰ ਦੌਰਾ ਪਿਆ ਅਤੇ ੨੩ ਜੁਲਾਈ, ੧੯੨੭ ਈ. ਨੂੰ ਉਸ ਦੀ ਮੌਤ ਹੋ ਗਈ।

ਭਾਰਤ ਤੋਂ ੬੦੦੦ ਮੀਲ ਦੂਰ ਥੇਮਸ ਦਰਿਆ ਦੇ ਕੰਢਿਆਂ 'ਤੇ ਦੋਹੀਂ ਪਾਸੀਂ ਵੱਸੇ ਸੰਸਾਰ ਦੇ ਸਭ ਤੋਂ ਵੱਡੇ ਸ਼ਹਿਰ ਲੰਦਨ ਵਿਚ ੧੬ ਮਾਰਚ, ੧੯੪੦ ਈ. ਨੂੰ ਇੰਡੀਆ ਹਾਊਸ ਵਿਚ ਜਲਸਾ ਹੋ ਰਿਹਾ ਸੀ। ਜਰਮਨੀ ਦੇ ਵਿਰੁੱਧ ਤਕਰੀਰਾਂ ਹੋ ਰਹੀਆਂ ਸਨ ਕਿਉਂਕਿ ਹਿਟਲਰ ਨੇ ਲੰਦਨ 'ਤੇ ਹਮਲਾ ਕਰ ਕੇ ਬੰਬ-ਬਾਰੀ ਕੀਤੀ ਸੀ। ਇਸ ਵਿਚ ਸਰ ਮਾਇਕਲ ਓਡਵਾਇਰ ਵੀ ਆਪਣੇ ਵਿਚਾਰ ਪੇਸ਼ ਕਰਨ ਆਇਆ। ਜਦੋਂ ਉਹ ਸਟੇਜ 'ਤੇ ਆ ਕੇ ਬੋਲਣ ਲੱਗਾ ਤਾਂ ਪੰਜਾਬ ਦੀ ਧਰਤੀ ਦੇ ਵੀਰ ਸਪੂਤ ਸ. ਊਧਮ ਸਿੰਘ ਨੇ ਠਾਹ-ਠਾਹ ਕਰਦੀਆਂ ਤਿੰਨ ਗੋਲੀਆਂ ਉਸ ਦੀ ਛਾਤੀ ਵਿਚ ਦਾਗ ਦਿੱਤੀਆਂ ਅਤੇ ਉਸ ਨੇ ੨੧ ਸਾਲ ਬਾਅਦ ਬੇਕਸੂਰੇ ਪੰਜਾਬੀਆਂ ਦੇ ਖੂਨ ਅਤੇ ਬੇਇੱਜ਼ਤੀ ਦਾ ਬਦਲਾ ਲੈ ਕੇ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦਿੱਤੀ। ਮਜ਼ਦੂਰਾਂ ਦੇ ਅਖ਼ਬਾਰ 'ਡੇਲੀ ਵਰਕਰਜ਼' ਨੇ ਸ. ਊਧਮ ਸਿੰਘ ਦੀ ਤਸਵੀਰ ਆਪਣੇ ਅਖ਼ਬਾਰ ਵਿਚ ਛਾਪੀ 'ਤੇ ਲਿਖਿਆ ਕਿ ਨਿਡਰ ਇਨਕਲਾਬੀ ਹਿੰਦੋਸਤਾਨੀਆਂ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੇ ਖ਼ੂਨ ਦਾ ਬਦਲਾ ੨੧ ਸਾਲ ਪਿੱਛੋਂ ਲਿਆ ਗਿਆ। ਮੁਲਜ਼ਮ ਨੇ ਕਿਸੇ ਕਿਸਮ ਦਾ ਬਿਆਨ ਦੇਣੋਂ ਨਾਂਹ ਕਰ ਦਿੱਤੀ, ਉਹ ਅਦਾਲਤ ਵਿਚ ਪੂਰਾ ਬਿਆਨ ਦੇਵੇਗਾ, ਪੁਲਿਸ ਹੋਰ ਪੁੱਛ-ਪੜਤਾਲ ਕਰ ਰਹੀ ਹੈ।

ਜਦੋਂ ੧੯੧੯ ਵਿਚ ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਵਰਤਿਆ ਸੀ, ਉਸ ਸਮੇਂ ਸ. ਊਧਮ ਸਿੰਘ ਸੈਂਟਰਲ ਖਾਲਸਾ ਯਤੀਮਖਾਨਾ, ਸ੍ਰੀ ਅੰਮ੍ਰਿਤਸਰ ਵਿਚ ਪੜ੍ਹਦਾ ਸੀ। ਉਸ ਨੇ ਖ਼ੂਨੀ ਸਾਕੇ ਦਾ ਸਾਰਾ ਦ੍ਰਿਸ਼ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਅਤੇ ਉਸ ਸਮੇਂ ਹੀ ਇਸ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ। ੨੧ ਸਾਲ ਉਹ ਬਦਲਾ ਲੈਣ ਦਾ ਮੁਨਾਸਿਬ ਮੌਕਾ ਭਾਲਦਾ ਰਿਹਾ। ਇਸ ਅਰਸੇ ਦੌਰਾਨ ਹੀ ਜਨਰਲ ਡਾਇਰ ੧੯੨੭ ਈ. ਵਿਚ ਮੌਤ ਦੇ ਮੂੰਹ ਵਿਚ ਜਾ ਚੁੱਕਾ ਸੀ ਪਰ ਇਸ ਘਟਨਾ ਦਾ ਖਲਨਾਇਕ ਸਰ ਮਾਇਕਲ ਓਡਵਾਇਰ ਅਜੇ ਜਿਉਂਦਾ ਸੀ। ਸ. ਊਧਮ ਸਿੰਘ ਉਸ ਤੋਂ ਬਦਲਾ ਲੈਣ ਦੇ ਮਕਸਦ ਨਾਲ ਸੰਨ ੧੯੩੩ ਈ. ਵਿਚ ਲੰਡਨ ਪਹੁੰਚ ਗਿਆ ਸੀ। ਸੰਨ ੧੯੪੦ ਈ. ਵਿਚ ਸ. ਊਧਮ ਸਿੰਘ ਨੂੰ ਸਰ ਮਾਇਕਲ ਓਡਵਾਇਰ ਦੇ ਕਤਲ ਦੇ ਦੋਸ਼ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

■

# ਸੁਖਮਨੀ ਸਾਹਿਬ

*-ਡਾ. ਕੁਲਦੀਪ ਕੌਰ**

ਸਿੱਖ ਧਰਮ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ (੧੫੬੩-੧੬੦੬ ਈ.) ਬਹੁਪੱਖੀ ਸ਼ਖ਼ਸੀਅਤ ਦੇ ਧਾਰਨੀ ਸਨ। ਜਿੱਥੇ ਉਨ੍ਹਾਂ ਨੇ ਤੀਹ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ, ਉੱਥੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਸੁਯੋਗ ਸੰਪਾਦਕ ਵਜੋਂ ਸੰਪਾਦਨ ਵੀ ਕੀਤਾ। ਉਨ੍ਹਾਂ ਨੂੰ ਬਾਣੀ ਦੇ ਬੋਹਿਥ, ਪ੍ਰਤੱਖ ਹਰਿ ਅਤੇ ਸਹਿਣਸ਼ੀਲਤਾ ਦੇ ਸਿਖ਼ਰ ਆਦਿ ਲਕਬਾਂ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀਆਂ ਬਾਣੀਆਂ ਵਿਚ ਸੁਖਮਨੀ ਸਾਹਿਬ, ਬਾਵਨ ਅੱਖਰੀ, ਬਾਰਾਮਾਹ ਆਦਿ ਪ੍ਰਮੁੱਖ ਹਨ।

ਸੁਖਮਨੀ ਸਾਹਿਬ ਸਿੱਖ ਧਰਮ ਦੀਆਂ ਬਾਣੀਆਂ ਵਿੱਚੋਂ ਇਕ ਪ੍ਰਮੁੱਖ ਬਾਣੀ ਹੈ, ਜਿਸ ਦੀ ਰਚਨਾ ਗਉੜੀ ਰਾਗ ਵਿਚ ਕੀਤੀ ਗਈ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੨੬੨ ਤੋਂ ੨੯੬ ਉੱਤੇ ਸੁਭਾਇਮਾਨ ਹੈ। ਇਸ ਬਾਣੀ ਦਾ ਉਚਾਰਨ ਜਾਂ ਸ੍ਰਵਣ ਵਿਅਕਤੀ ਦੇ ਮਨ ਵਿਚ ਸ਼ਾਂਤੀ ਦੇ ਭਾਵ ਉਜਾਗਰ ਕਰਦਾ ਹੈ। ਡਾ. ਤਾਰਨ ਸਿੰਘ ਨੇ ਲਿਖਿਆ ਹੈ ਕਿ ਗਉੜੀ ਰਾਗ ਸਰਦੀਆਂ ਦੀ ਰੁੱਤ ਵਿਚ ਪ੍ਰਭਾਤ ਸਮੇਂ ਗਾਇਆ ਜਾਣ ਵਾਲਾ ਰਾਗ ਹੈ, ਪ੍ਰੰਤੂ ਸਿੱਖ ਜਗਤ ਵਿਚ ਇਸ ਬਾਣੀ ਦੇ ਉਚਾਰਨ ਲਈ ਕੋਈ ਵਿਸ਼ੇਸ਼ ਸਮਾਂ ਨਿਸ਼ਚਿਤ ਨਹੀਂ ਕੀਤਾ ਗਿਆ। ਅਰਥਾਤ ਇਸ ਬਾਣੀ ਨੂੰ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਪੜ੍ਹਿਆ, ਸੁਣਿਆ ਅਤੇ ਗਾਇਆ ਜਾ ਸਕਦਾ ਹੈ।

ਇਸ ਬਾਣੀ ਦੀ ਵਿਉਂਤਬੰਦੀ ੨੪ ਅਸ਼ਟਪਦੀਆਂ ਵਿਚ ਹੋਈ ਹੈ। ਹਰ ਅਸ਼ਟਪਦੀ ਵਿਚ ਅੱਠ ਪਉੜੀਆਂ ਹਨ ਅਤੇ ਹਰ ਪਉੜੀ ਵਿਚ ੧੦ ਪੰਕਤੀਆਂ ਹਨ। ਪਹਿਲੀ ਅਸ਼ਟਪਦੀ ਦੀ ਪਹਿਲੀ ਪਉੜੀ ਵਿਚ ਰਹਾਉ ਦੀਆਂ ਦੋ ਪੰਕਤੀਆਂ ਵਧੇਰੇ ਹਨ। ਹਰ ਅਸ਼ਟਪਦੀ ਦੇ ਅਰੰਭ ਵਿਚ ਇਕ ਸਲੋਕ ਅੰਕਿਤ ਹੈ, ਜੋ ਉਸ ਅਸ਼ਟਪਦੀ ਦੇ ਕੇਂਦਰੀ ਭਾਵ ਨੂੰ ਪ੍ਰਸਤੁਤ ਕਰਦਾ ਹੈ। ਇਸ ਪ੍ਰਕਾਰ ਸਲੋਕਾਂ ਦੀ ਗਿਣਤੀ ਵੀ ੨੪ ਹੈ।

ਸਿੱਖ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਇਹ ਬਾਣੀ ਸ੍ਰੀ ਰਾਮਸਰ (ਸ੍ਰੀ ਅੰਮ੍ਰਿਤਸਰ) ਦੇ ਸਥਾਨ 'ਤੇ ਬੈਠ ਕੇ ਮੁਕੰਮਲ ਕੀਤੀ। ਸਾਹਿਤ ਵਿਚ ਇਸ ਬਾਣੀ ਦਾ ਮਹਾਤਮ ਇਸ ਪੱਖੋਂ ਵੀ ਹੈ ਕਿ ਅਧਿਆਤਮਕ ਸਾਹਿਤ ਵਿਚ ਕਿਸੇ ਮਹਾਂਪੁਰਖ ਵੱਲੋਂ ਰਚੀ ਗਈ ਇਹ ਸਭ ਤੋਂ ਲੰਮੀ ਵੱਡ-ਆਕਾਰੀ ਰਚਨਾ ਹੈ। ਇਸ ਬਾਣੀ ਦੀ ਇਹ ਵੀ ਵਿਲੱਖਣਤਾ ਹੈ ਕਿ ਇਸ ਵਿਚ ਮਨੁੱਖੀ ਜੀਵਨ ਦਾ ਨਾਸ਼ ਕਰਨ ਵਾਲੇ ਹਰ ਪਹਿਲੂ ਦੀ ਨਿਸ਼ਾਨਦੇਹੀ ਕਰਦਿਆਂ ਉਸ ਤੋਂ ਸਾਵਧਾਨ ਤੇ ਸੁਚੇਤ ਰਹਿਣ ਦੀ ਪ੍ਰੇਰਨਾ ਦੇ ਕੇ ਉਸ ਦਾ ਸੌਖਾ, ਸੰਭਵ ਅਤੇ ਭਰੋਸੇਯੋਗ ਹੱਲ ਵੀ ਸੁਝਾਇਆ ਗਿਆ ਹੈ।

**ਐਸੋਸੀਏਟ ਪ੍ਰੋਫ਼ੈਸਰ (ਰਾਜਨੀਤੀ ਵਿਗਿਆਨ) ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ-੧੫੧੩੦੨ (ਬਠਿੰਡਾ) ਮੋ: +੯੧੯੪੬੪੩-੬੦੦੫੧*

ਸੁਖਮਨੀ ਸਾਹਿਬ ਦੀ ਰਚਨਾ ਸ਼ਾਂਤ ਰਸ ਵਿਚ ਹੋਈ ਹੈ ਅਤੇ ਇਸ ਵਿਚ ਸੁਖ ਦੇ ਮਾਰਗ ਬਾਰੇ ਵਿਸਤ੍ਰਿਤ ਜ਼ਿਕਰ ਕੀਤਾ ਗਿਆ ਹੈ। ਸਦੀਵੀਂ ਸੁਖ ਦੀ ਪ੍ਰਾਪਤੀ, ਦੁੱਖ-ਸੁਖ ਵਿਚ ਅੰਤਰ ਆਦਿ ਬਾਰੇ ਗੁਰੂ ਜੀ ਨੇ ਸਪਸ਼ਟ ਕੀਤਾ ਹੈ ਕਿ ਸੁਖ ਅਤੇ ਦੁੱਖ ਮਨ ਦੀ ਪ੍ਰਤੀਕ੍ਰਿਆ ਹੈ। ਸੰਸਾਰਕ ਸੁਖਾਂ ਦੀ ਤਲਾਸ਼ ਵਿਚ ਭਟਕਦਾ ਇਨਸਾਨ ਦੁਖੀ ਹੁੰਦਾ ਹੈ। ਦੁੱਖ ਅਤੇ ਸੁਖ ਨੂੰ ਰੱਬ ਦਾ ਭਾਣਾ ਸਮਝ ਕੇ ਮੰਨਣ ਵਿਚ ਹੀ ਅਸਲੀ ਆਨੰਦ ਹੈ। ਜੋ ਵਿਅਕਤੀ ਪਰਮਾਤਮਾ ਦਾ ਸਿਮਰਨ ਕਰਦੇ ਹਨ, ਗੁਰੂ ਉੱਤੇ ਵਿਸ਼ਵਾਸ ਕਰਦੇ ਹਨ, ਉਨ੍ਹਾਂ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ ਤੇ ਉਹ ਸਦੀਵੀਂ ਸੁਖ ਪ੍ਰਾਪਤ ਕਰ ਲੈਂਦੇ ਹਨ। ਉਹ ਬ੍ਰਹਮ ਗਿਆਨੀ, ਸਾਧੂ-ਸੰਤ ਤੇ ਜੀਵਨ-ਮੁਕਤ ਬਣ ਜਾਂਦੇ ਹਨ। ਵਾਹਿਗੁਰੂ ਦੇ ਭਾਣੇ ਵਿਚ ਰਹਿਣ ਕਰਕੇ ਨਾ ਉਨ੍ਹਾਂ ਉੱਤੇ ਦੁੱਖ ਦਾ ਅਸਰ ਹੁੰਦਾ ਹੈ, ਨਾ ਸੁਖ ਦਾ। ਪ੍ਰਭੂ ਦੇ ਨਾਮ ਵਿਚ ਡੁੱਬੇ ਉਹ ਸਦਾ ਅਨੰਦ ਅਤੇ ਖੇੜੇ ਵਿਚ ਰਹਿੰਦੇ ਹਨ।

ਗੁਰਮਤਿ ਅਨੁਸਾਰ ਵਿਸਮਾਦ ਦੀ ਸਥਿਤੀ ਸਰਵਉੱਚ ਅਤੇ ਸ੍ਰੇਸ਼ਟ ਹੈ। ਵਿਸਮਾਦ ਦੀ ਇਸ ਸਥਿਤੀ ਦੇ ਬਿਆਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕ੍ਰਮਵਾਰ ਜਪੁ, ਅਨੰਦੁ, ਅੰਮ੍ਰਿਤ, ਬਲ ਆਦਿ ਕੇਂਦਰੀ ਸੰਕਲਪਾਂ ਦੀ ਵਰਤੋਂ ਕੀਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਕੇਂਦਰੀ ਸੰਕਲਪ ਦੀ ਵਿਆਖਿਆ ਸੁਖਮਨੀ ਸਾਹਿਬ ਦੇ ਮਾਧਿਅਮ ਰਾਹੀਂ ਕੀਤੀ ਹੈ। ਪ੍ਰੋ. ਸਾਹਿਬ ਸਿੰਘ ਨੇ ਸੁਖਮਨੀ ਸਾਹਿਬ ਦੇ ਅਰਥ ਮਨ ਦੀ ਉਸ ਸਹਿਜ ਅਵਸਥਾ ਦੇ ਰੂਪ ਵਿਚ ਕੀਤੇ ਹਨ, ਜੋ ਕਦੇ ਵੀ ਭੰਗ ਨਹੀਂ ਹੁੰਦੀ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਅਵਸਥਾ ਨੂੰ ਪਰਿਭਾਸ਼ਿਤ ਕਰਦੇ ਹੋਏ ਫੁਰਮਾਉਂਦੇ ਹਨ:

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ (ਪੰਨਾ ੨੬੨)*

ਅਰਥਾਤ ਪ੍ਰਭੂ ਦਾ ਨਾਮ ਹੀ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ ਅਤੇ ਇਹ ਭਗਤਾਂ, ਸੰਤਾਂ ਅਤੇ ਬ੍ਰਹਮ ਗਿਆਨੀਆਂ ਦੇ ਹਿਰਦੇ ਵਿਚ ਵਸਦਾ ਹੈ।

ਸੁਖ ਦੀ ਪਰਿਭਾਸ਼ਾ ਬਾਰੇ ਪੂਰਬ ਅਤੇ ਪੱਛਮ ਵਿਚ ਵੱਖ-ਵੱਖ ਵਿਚਾਰਧਾਰਾਵਾਂ ਪ੍ਰਚੱਲਿਤ ਹਨ। ਹਰ ਕਿਸੇ ਨੇ ਆਪੋ-ਆਪਣੇ ਮਤ ਅਨੁਸਾਰ ਇਸ ਨੂੰ ਪਰਿਭਾਸ਼ਿਤ ਕੀਤਾ ਹੈ। ਸੁਖਮਨੀ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖ ਦੇ ਸੰਕਲਪ ਬਾਰੇ ਆਪਣਾ ਨਿਵੇਕਲਾ ਦ੍ਰਿਸ਼ਟੀਕੋਣ ਪ੍ਰਸਤੁਤ ਕੀਤਾ ਹੈ। ਇਸ ਬਾਣੀ ਦੀਆਂ ਵੱਖ-ਵੱਖ ਅਸ਼ਟਪਦੀਆਂ ਇੱਕੋ ਸੁਖ ਦੀ ਵਿਆਖਿਆ ਕਰਦੀਆਂ ਹਨ, ਜਿਸ ਦੇ ਆਧਾਰ 'ਤੇ ਇਸ ਨੂੰ ਇਕ ਹੋਰ ਪਰਿਭਾਸ਼ਾ ਅਨੁਸਾਰ ਸੁਖਮਨੀ ਸਾਹਿਬ ਵਿਚ ਅੰਕਿਤ ਪਹਿਲਾ ਸਲੋਕ ਮੰਗਲਾਚਰਨ ਵਜੋਂ ਅੰਕਿਤ ਹੈ, ਜਿਸ ਵਿਚ ਗੁਰੂ/ਅਕਾਲ ਪੁਰਖ ਦੀ ਆਰਾਧਨਾ ਕੀਤੀ ਗਈ ਹੈ:

*ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ॥*
*ਸਤਿਗੁਰਏ ਨਮਹ॥ ਸ੍ਰੀ ਗੁਰਦੇਵਏ ਨਮਹ॥ (ਪੰਨਾ ੨੬੨)*

ਸਮੁੱਚੀ ਗੁਰਬਾਣੀ ਕਾਵਿ ਧਾਰਾ ਵਾਂਗ ਇਸ ਰਚਨਾ ਵਿਚ ਵੀ ਸੁਖਦਾਤਾ ਅਕਾਲ ਪੁਰਖ

ਨੂੰ ਮੰਨਿਆ ਗਿਆ ਹੈ। ਇਸ ਦੀ ਵਿਆਖਿਆ ਹਿੱਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੀ, ਦੂਜੀ ਤੇ ਤੀਜੀ ਅਸ਼ਟਪਦੀ ਵਿਚ ਇਸ ਭਾਵ ਨੂੰ ਕਾਵਿਬੱਧ ਕੀਤਾ ਹੈ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਹੋਰ ਸਾਰੇ ਧਾਰਮਿਕ ਕਾਰਜਾਂ ਨਾਲੋਂ ਸ੍ਰੇਸ਼ਟ ਹੈ। ਪ੍ਰਭੂ ਦਾ ਸਿਮਰਨ ਮਨ ਦੀਆਂ ਸਮੁੱਚੀਆਂ ਸ਼ਕਤੀਆਂ ਨੂੰ ਨਿਯੰਤ੍ਰਿਤ ਕਰਨ ਨਾਲ ਹੁੰਦਾ ਹੈ। ਅਜਿਹੇ ਸੰਜਮ ਨਾਲ ਸ਼ਬਦ ਚੇਤਨਾ ਉਤਪੰਨ ਹੁੰਦੀ ਹੈ ਅਤੇ ਵਾਕ-ਸਾਧਨਾ ਰਾਹੀਂ ਵਿਅਕਤੀ ਪਰਾ-ਸਰੀਰਕ ਸ਼ਕਤੀਆਂ ਨਾਲ ਵਾਰਤਾਲਾਪ ਸਥਾਪਿਤ ਕਰ ਸਕਦਾ ਹੈ। ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਦੀਆਂ ਅਰੰਭਕ ਪੰਕਤੀਆਂ ਸਿਮਰਨ ਦੇ ਮਹੱਤਵ ਨੂੰ ਪੂਰਨ ਸਫਲਤਾ ਸਹਿਤ ਦ੍ਰਿੜ੍ਹ ਕਰਾਉਂਦੀਆਂ ਹਨ ਅਤੇ ਇਸ ਬਾਣੀ ਵਿਚ ਵੱਖ-ਵੱਖ ਥਾਵਾਂ ਤੇ 'ਹਰਿ ਨਾਮ' ਨੂੰ ਰੇਖਾਂਕਿਤ ਕੀਤਾ ਗਿਆ ਹੈ:

*-ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥* *(ਪੰਨਾ ੨੬੨)*
*-ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥* *(ਪੰਨਾ ੨੬੨)*
*-ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥* *(ਪੰਨਾ ੨੬੪)*

ਸੰਸਾਰ ਵਿਚ ਵਿਚਰਦੇ ਮਨੁੱਖਾਂ ਦੀਆਂ ਬਹੁਤ ਸਾਰੀਆਂ ਇੱਛਾਵਾਂ ਹੁੰਦੀਆਂ ਹਨ। ਸਰੀਰਕ, ਪਦਾਰਥਕ, ਭੌਤਿਕ, ਮਾਨਸਿਕ ਤੇ ਬੌਧਿਕ। ਪਰ ਸੁਖਮਨੀ ਸਾਹਿਬ ਵਿਚ ਜਿਸ ਸੁਖ/ਆਨੰਦ ਦਾ ਵਰਣਨ ਹੈ, ਉਹ ਇਨ੍ਹਾਂ ਅਸਥਾਈ ਇੱਛਾਵਾਂ ਦੀ ਪੂਰਤੀ ਦਾ ਫ਼ਲ ਨਹੀਂ। ਸੁਖਮਨੀ ਸਾਹਿਬ ਵਿਚ ਉਸ ਮੂਲ ਤੇ ਸਦੈਵਕਾਲੀਨ ਅਧਿਆਤਮਕ ਸੁਖ ਦਾ ਵਰਣਨ ਹੈ, ਜਿਸ ਦਾ ਅਸਤਿਤਵ ਮਨੁੱਖ ਦੇ ਪਰਾਭੌਤਿਕ ਅਤੇ ਪਰਾਸਰੀਰਕ ਅਨੁਭਵਾਂ ਦਾ ਸਿੱਟਾ ਹੈ। ਗੁਰਬਾਣੀ ਦੇ ਅਰੰਭ ਤੋਂ ਹੀ ਇਸ ਸੁਖ ਦੇ ਸੰਕਲਪ ਬਾਰੇ ਚਰਚਾ ਹੁੰਦੀ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਹੈ ਕਿ ਵਿਅਕਤੀ ਅਦ੍ਰਿਸ਼ਟ ਬ੍ਰਹਮ ਨੂੰ ਭੁਲਾ ਕੇ ਦ੍ਰਿਸ਼ਟਮਾਨ ਸੰਸਾਰ ਦੇ ਰਸਾਂ ਭੋਗਾਂ ਨੂੰ ਹੀ ਜੀਵਨ ਦਾ ਲਕਸ਼ ਮੰਨਣ ਲਗ ਪੈਂਦਾ ਹੈ। ਇਸ ਲਕਸ਼ ਦੀ ਪ੍ਰਾਪਤੀ ਲਈ ਕੀਤੇ ਉਹਦੇ ਯਤਨ ਉਹਨੂੰ ਆਤਮਕ ਤੌਰ 'ਤੇ ਦੁਖੀ ਅਤੇ ਰੋਗੀ ਬਣਾ ਦਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਰੋਗਾਂ ਤੋਂ ਮੁਕਤ ਹੋਣ ਦਾ ਇੱਕੋ-ਇਕ ਸਾਧਨ ਪ੍ਰਭੂ ਦੇ ਨਾਮ ਸਿਮਰਨ ਨੂੰ ਦੱਸਿਆ ਹੈ:

*-ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥* *(ਪੰਨਾ ੧੨੮੭)*
*-ਖਸਮੁ ਵਿਸਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥* *(ਪੰਨਾ ੧੨੫੬)*
*-ਸੰਸਾਰ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥* *(ਪੰਨਾ ੬੮੭)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੈਰਉ ਰਾਗ ਵਿਚ ਅਜਿਹੇ ਹੀ ਭਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ ਕਿ ਬਹੁਤਾ ਪੈਸਾ ਕਮਾਉਣ, ਨਾਚ-ਤਮਾਸ਼ੇ ਵੇਖਣ, ਦੇਸ਼-ਦੇਸ਼ਾਂਤਰ ਦੀ ਸੈਰ ਕਰਨ

ਵਿਚ ਕੋਈ ਸੁਖ ਨਹੀਂ ਹੈ, ਸਗੋਂ ਸੱਚਾ ਤੇ ਸਦੀਵੀ ਸੁਖ ਤਾਂ ਪਰਮਾਤਮਾ ਦੀ ਕੀਰਤੀ ਕਰਨ ਵਿੱਚੋਂ ਲੱਭਦਾ ਹੈ:

*ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥*
*ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥੧॥*
*(ਪੰਨਾ ੧੧੪੭)*

ਨਾਮ ਸਿਮਰਨ ਦੀ ਦਾਤ ਮਨੁੱਖ ਦੀ ਵਿਅਕਤੀਗਤ ਕੋਸ਼ਿਸ਼ ਦਾ ਹੀ ਪ੍ਰਤੀਕਰਮ ਨਹੀਂ ਹੁੰਦੀ, ਸਗੋਂ ਇਸ ਲਈ ਪਾਰਬ੍ਰਹਮ ਦੀ ਕਿਰਪਾ ਦ੍ਰਿਸ਼ਟੀ ਵੀ ਜ਼ਰੂਰੀ ਹੈ। ਸੁਖਮਨੀ ਸਾਹਿਬ ਦੀ ਚੌਥੀ, ਪੰਜਵੀਂ ਤੇ ਛੇਵੀਂ ਅਸ਼ਟਪਦੀ ਵਿਚ ਇਹ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਮਾਇਆ ਵਿਚ ਫਸੇ ਜੀਵ ਉੱਤੇ ਰੱਬ ਵੱਲੋਂ ਹੀ ਮਿਹਰ ਹੋਵੇ, ਤਾਂ ਹੀ ਉਹਨੂੰ ਰੱਬ ਦੀ ਦਾਤ ਮਿਲਦੀ ਹੈ।ਗੁਰਮਤਿ ਵਿਚ ਆਰਾਧਨਾ ਨੂੰ ਮਨੁੱਖ ਦੀ ਨਿੱਜੀ ਪ੍ਰਕਿਰਿਆ ਨਾਲੋਂ ਸਮੂਹਿਕ ਪ੍ਰਕਿਰਿਆ ਨਾਲ ਜੋੜਿਆ ਗਿਆ ਹੈ। ਇਸ ਨੂੰ ਗੁਰਬਾਣੀ ਵਿਚ ਸਾਧ-ਸੰਗਤ ਦਾ ਨਾਂ ਦਿੱਤਾ ਗਿਆ ਹੈ। ਅਰਥਾਤ ਗੁਰਮਤਿ ਸਾਧ-ਸੰਗਤਿ ਵਿਚ ਬੈਠ ਕੇ ਨਾਮ-ਸਿਮਰਨ ਕਰਨ ਉੱਤੇ ਜ਼ੋਰ ਦਿੰਦੀ ਹੈ। ਸਤਵੀਂ, ਅਠਵੀਂ ਅਤੇ ਨੌਵੀਂ ਅਸ਼ਟਪਦੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਜਦੋਂ ਪ੍ਰਭੂ ਦੀ ਕਿਰਪਾ ਹੁੰਦੀ ਹੈ ਤਾਂ ਮਨੁੱਖ ਸੰਗਤਿ ਵਿਚ ਬੈਠ ਕੇ ਨਾਮ ਦੀ ਬਰਕਤ ਹਾਸਲ ਕਰਦਾ ਹੈ। ਇਹੋ ਜਿਹੇ ਗੁਰਮੁਖ ਉੱਚੀ ਕਰਨੀ ਵਾਲੇ ਹੁੰਦੇ ਹਨ। ਸੁਖਮਨੀ ਸਾਹਿਬ ਵਿਚ ਸਾਧੂ, ਸੰਤ, ਗੁਰਮੁਖ ਅਤੇ ਬ੍ਰਹਮ ਗਿਆਨੀ ਆਦਿ ਵਿਸ਼ੇਸ਼ਣ ਅਜਿਹੇ ਵਿਅਕਤੀਆਂ ਲਈ ਹੀ ਵਰਤੇ ਗਏ ਹਨ, ਜਿਨ੍ਹਾਂ ਦੀ ਆਤਮਾ ਪਰਮਾਤਮਾ ਨਾਲ ਸਦਾ ਇਕਰੂਪ ਰਹਿੰਦੀ ਹੈ:

*ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥*
*ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ॥ (ਪੰਨਾ ੨੭੪)*

ਸੁਖਮਨੀ ਸਾਹਿਬ ਵਿਚ ਸਿਰਫ਼ ਪਰਾਭੌਤਿਕ (Metaphysical) ਵਿਚਾਰ ਹੀ ਨਹੀਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਰਾਹੀਂ ਵਿਅਕਤੀ ਦੇ ਵਿਹਾਰਕ ਪੱਖ ਉੱਤੇ ਵਧੇਰੇ ਜ਼ੋਰ ਦਿੱਤਾ ਹੈ। ਬਾਰ੍ਹਵੀਂ, ਤੇਰ੍ਹਵੀਂ, ਚੌਦਵੀਂ ਅਤੇ ਪੰਦਰ੍ਹਵੀਂ ਅਸ਼ਟਪਦੀ ਵਿਚ ਮਨੁੱਖ ਨੂੰ ਜੀਵਨ ਦੇ ਵਿਵਹਾਰਕ ਪੱਖ 'ਚੋਂ ਹੀ ਗਿਆਨ ਦਿੱਤਾ ਗਿਆ ਹੈ:

*-ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥*
*ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥ (ਪੰਨਾ ੨੭੮)*
*-ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ॥ (ਪੰਨਾ ੨੭੯)*

ਜੀਵ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦਾ ਆਦੇਸ਼ ਦੇ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੀ ਪਰਿਭਾਸ਼ਾ ਵੀ ਦਿੱਤੀ ਹੈ:

*ਆਦਿ ਸਚੁ ਜੁਗਾਦਿ ਸਚੁ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥ (ਪੰਨਾ ੨੮੫)*

ਸੁਖਮਨੀ ਸਾਹਿਬ ਵਿਚ ਦਰਜ ਇਸ ਸਲੋਕ ਨੂੰ ਪੜ੍ਹ ਕੇ ਸਪਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਰਮਾਤਮਾ ਸੰਬੰਧੀ ਸੰਕਲਪ ਬਹੁਤ

ਮਿਲਦੇ ਜੁਲਦੇ ਹਨ। ਸੋਲ੍ਹਵੀਂ, ਸਤਾਰ੍ਹਵੀਂ ਤੇ ਅਠਾਰ੍ਹਵੀਂ ਅਸ਼ਟਪਦੀ ਵਿਚ ਪਰਮਾਤਮਾ ਦੇ ਗੁਣਵਾਚਕ ਨਾਵਾਂ ਦਾ ਵਰਣਨ ਕੀਤਾ ਗਿਆ ਹੈ ਕਿ, ਜਿਵੇਂ ਉਹ ਸਭ ਵਿਚ ਵਸਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹੈ। ਸਤਿਗੁਰੂ ਦੀ ਸ਼ਰਨ ਪੈ ਕੇ ਉਸ ਪ੍ਰਭੂ ਦਾ ਹਿਰਦੇ ਵਿਚ ਪ੍ਰਕਾਸ਼ ਹੁੰਦਾ ਹੈ। ਪ੍ਰਭੂ ਦਾ ਨਾਮ ਹੀ ਇਕ ਐਸਾ ਧਨ ਹੈ, ਜੋ ਸਦਾ ਮਨੁੱਖ ਦੇ ਨਾਲ ਨਿੱਭਦਾ ਹੈ ਅਤੇ ਉਸ ਦੇ ਦਰ ਉੱਤੇ ਅਰਜ਼ ਕੀਤਿਆਂ ਇਸ ਧਨ ਦੀ ਪ੍ਰਾਪਤੀ ਹੁੰਦੀ ਹੈ।"

ਤੇਈਵੀਂ ਅਤੇ ਚੌਵ੍ਹੀਵੀਂ ਅਸ਼ਟਪਦੀ ਵਿਚ ਸੁਖਮਨੀ ਸਾਹਿਬ ਦਾ ਮਹਾਤਮ ਅਤੇ ਸਿੱਟਾ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਪਉੜੀਆਂ ਵਿਚ ਦੱਸਿਆ ਗਿਆ ਹੈ ਕਿ ਜਦੋਂ ਮਨੁੱਖ ਨੂੰ ਗਿਆਨ ਰੂਪੀ ਸੁਰਮਾ ਮਿਲਦਾ ਹੈ ਤਾਂ ਉਸ ਦੇ ਮਨ ਵਿਚ ਇਹ ਚਾਨਣ ਪੈਦਾ ਹੁੰਦਾ ਹੈ ਕਿ ਪ੍ਰਭੂ ਹਰ ਥਾਂ 'ਤੇ ਹੈ। ਇਸੇ ਲਈ ਉਹਦੇ ਨਾਮ ਨੂੰ ਸੁਖਾਂ ਦੀ ਮਣੀ ਜਾਂ 'ਸੁਖਮਨੀ' ਕਿਹਾ ਗਿਆ ਹੈ:

*ਸਭ ਤੇ ਊਚ ਤਾ ਕੀ ਸੋਭਾ ਬਨੀ॥ ਨਾਨਕ ਇਹ ਗੁਣਿ ਨਾਮੁ ਸੁਖਮਨੀ॥*

*(ਪੰਨਾ ੨੯੬)*

ਇਸ ਪ੍ਰਕਾਰ ਸੁਖਮਨੀ ਮਨ ਦੀ ਸਹਿਜ ਅਵਸਥਾ ਦਾ ਨਾਮ ਹੈ, ਜੋ ਰਜੋ, ਤਮੋ ਤੇ ਸਤੋ ਤੋਂ ਪ੍ਰਾਪਤ ਸੁਖਾਂ ਤੋਂ ਉਚੇਰੀ ਅਵਸਥਾ ਹੈ। ਇਸ ਰਚਨਾ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਨ ਨੂੰ ਗਿਆਨ ਅਤੇ ਕਰਮ ਇੰਦਰੀਆਂ ਦੇ ਪ੍ਰਭਾਵ ਤੋਂ ਬਚਾਉਣ ਲਈ ਇਸ ਨੂੰ ਸਿਮਰਨ, ਸਾਧ ਸੰਗਤਿ, ਸੇਵਾ ਅਤੇ ਗੁਰੂ ਦਾ ਹੁਕਮ ਮੰਨਣ ਆਦਿ ਦਾ ਆਦੇਸ਼ ਦਿੱਤਾ ਹੈ।

ਇਸ ਚਰਚਾ ਤੋਂ ਸਪਸ਼ਟ ਹੈ ਕਿ ਸੁਖਮਨੀ ਸਾਹਿਬ ਵਿਚ ਮਿਲਦਾ ਸੁਖ ਭੌਤਿਕ ਲੱਛਣਾਂ ਦਾ ਧਾਰਨੀ ਨਹੀਂ ਹੈ, ਸਗੋਂ ਇਹ ਉਸ ਅਧਿਆਤਮਕ ਅਵਸਥਾ ਦਾ ਨਾਮ ਹੈ, ਜੋ ਸਦਾ ਸਥਿਰ ਰਹਿੰਦੀ ਹੈ। ਇਸ ਨੂੰ ਸੰਚਾਲਿਤ ਕਰਨ ਲਈ ਮਾਇਆ ਰੂਪੀ ਦੁਨੀਆ ਦਾ ਤਿਆਗ ਕਰਨਾ ਜ਼ਰੂਰੀ ਹੈ, ਤਾਂ ਹੀ ਵਿਅਕਤੀ ਆਧੁਨਿਕ ਜੀਵਨ ਦੀਆਂ ਜਟਿੱਲਤਾਵਾਂ ਅਤੇ ਮਾਨਸਿਕ ਗੁੰਝਲਾਂ ਤੋਂ ਮੁਕਤ ਹੋ ਕੇ ਸੁਖਾਂ ਦਾ ਖਜ਼ਾਨਾ ਪ੍ਰਾਪਤ ਕਰ ਸਕਦਾ ਹੈ।

**ਆਧਾਰ ਗ੍ਰੰਥ ਤੇ ਪੁਸਤਕਾਂ**

੧. ਸੁਖਦਿਆਲ ਸਿੰਘ (ਡਾ.), *ਸ਼ਿਰੋਮਣੀ ਸਿੱਖ ਇਤਿਹਾਸ* (੧੪੬੯-੧੭੦੮), ਸੰਗਮ ਪਬਲੀਕੇਸ਼ਨਜ਼, ਸਮਾਣਾ, ੨੦੧੦.

੨. ਕੁਲਦੀਪ ਕੌਰ (ਡਾ.), *ਸਾਡਾ ਵਿਰਸਾ : ਗੁਰਮਤਿ ਪਰਿਪੇਖ,* ਸੰਗਮ ਪਬਲੀਕੇਸ਼ਨਜ਼, ਪਟਿਆਲਾ, ੨੦੧੪.

੩. ਜਸਬੀਰ ਸਿੰਘ ਸਾਬਰ (ਡਾ.) (ਸੰਪਾ.), *ਸਿੱਖ ਧਰਮ ਅਧਿਐਨ (ਮੁਢਲੀ ਜਾਣਕਾਰੀ)* ਭਾਗ ਪਹਿਲਾ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੧.

੪. ਪ੍ਰਿਤਪਾਲ ਸਿੰਘ (ਪ੍ਰੋ.), *ਪਰਿਚਰਚਾ,* ਪੈਪਸੂ ਬੁੱਕ ਡਿਪੂ, ਪਟਿਆਲਾ, ੧੯੮੦.

**ਆਧਾਰ ਪਤ੍ਰਿਕਾਵਾਂ**

੧. ਪੰਜਾਬੀ ਯੂਨੀਵਰਸਿਟੀ *ਸਭਿਆਚਾਰ ਪਤ੍ਰਿਕਾ,* ਅੰਕ ੫, ਜਨਵਰੀ ੨੦੦੭.

੨. ਮਨਿੰਦਰ ਸ਼ੌਕ (ਸੰਪਾ.), *ਗੁਲਚਮਨ,* ਮਾਸਿਕ ਪਤ੍ਰਿਕਾ, ਲੁਧਿਆਣਾ, ਅੰਕ ੯-੧੦, ਸਤੰਬਰ-ਅਕਤੂਬਰ, ੧੯੮੭.

■

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਤਿਆਗ ਦਾ ਸੰਕਲਪ

*-ਸ. ਜਸਵਿੰਦਰ ਸਿੰਘ**

ਭਾਰਤੀ ਸੰਸਕ੍ਰਿਤੀ ਵਿਚ ਵਿਵਿਧ ਭਾਂਤ ਦਾ 'ਤਿਆਗ' ਮੰਨਿਆ ਗਿਆ ਹੈ। ਕਿਤੇ ਜਗਤ ਦੇ ਪਦਾਰਥਾਂ ਤੋਂ ਘ੍ਰਿਣਾ ਜ਼ਾਹਰ ਕਰ ਕੇ ਘਰ-ਬਾਰ ਦਾ ਤਿਆਗ ਮੰਨਿਆ ਗਿਆ ਹੈ ਤੇ ਕਿਤੇ ਕਰਤਵ ਰੂਪ ਕੰਮ ਕਾਰ ਕਰਦਿਆਂ ਹੋਇਆਂ ਫਲ ਦੀ ਇੱਛਾ, ਮੋਹ ਦੀ ਇੱਛਾ ਅਰਥਾਤ ਹਉਮੈਂ ਤਿਆਗਣ ਲਈ ਕਿਹਾ ਗਿਆ ਹੈ।

ਕੋਸ਼ਕਾਰਾਂ ਨੇ ਤਿਆਗ ਦੇ ਅਨੇਕਾਂ ਅਰਥ ਕੀਤੇ ਹਨ। 'ਮਹਾਨ ਕੋਸ਼' ਅਨੁਸਾਰ ਤਿਆਗ ਸ਼ਬਦ ਦਾ ਅਰਥ ਹੈ- ਛੱਡ ਕੇ ਚਲੇ ਜਾਣਾ, ਕਿਸੇ ਵਸਤੂ ਤੋਂ ਆਪਣਾ ਹਰ ਪੱਖੋਂ ਨਾਤਾ ਤੋੜ ਲੈਣਾ ਹੀ ਤਿਆਗ ਮੰਨਿਆ ਗਿਆ ਹੈ। ਗੁਰੂ ਸਾਹਿਬਾਨ ਨੇ ਨਿਵ੍ਰਿਤੀ ਮਾਰਗ ਜਾਂ ਸੰਸਾਰ ਤਿਆਗ ਕੇ ਵਣਾਂ ਵਿਚ ਚਲੇ ਜਾਣ ਨੂੰ ਚੰਗਾ ਨਹੀਂ ਸਮਝਿਆ। ਇਹ ਮਾਰਗ ਅਧਿਆਤਮਕ ਦ੍ਰਿਸ਼ਟੀ ਤੋਂ ਠੀਕ ਨਹੀਂ ਅਤੇ ਸਮਾਜਿਕ ਨਜ਼ਰੀਏ ਤੋਂ ਹਾਨੀਕਾਰਕ ਹੈ। ਗੁਰਮਤਿ ਦਾ ਵਿਚਾਰ ਹੈ ਕਿ ਪਰਮਾਤਮਾ ਜੰਗਲਾਂ ਅਤੇ ਪਹਾੜਾਂ ਦੇ ਇਕਾਂਤ ਵਿਚ ਨਹੀਂ। ਉਹ ਹਰ ਥਾਂ ਹਰ ਜੀਵ ਵਿਚ ਹੈ। ਉਸ ਦੇ ਅੰਦਰ ਹੁੰਦਿਆਂ ਬਾਹਰ ਟੋਲਣਾ ਵਹਿਮ ਹੈ। ਜੋਗੀ ਜਾਂ ਸੰਨਿਆਸੀ ਸਮਝਦੇ ਹਨ ਕਿ ਸੰਸਾਰ ਛੱਡ ਕੇ ਉਹ ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤ ਹੋ ਜਾਣਗੇ ਪਰ ਵਿਕਾਰਾਂ ਵਿਚ ਖਚਿਤ ਹੋਣ ਜਾਂ ਇਸ ਤੋਂ ਅਭਿੱਜ ਰਹਿਣ ਦਾ ਬਹੁਤਾ ਨਿਰਭਰ ਮਨ 'ਤੇ ਹੈ। ਜੇ ਮਨ ਨੂੰ ਸਾਧਿਆ ਨਹੀਂ ਤਾਂ ਵਿਕਾਰ ਨਾਲ ਹੀ ਰਹਿੰਦੇ ਅਤੇ ਪਰੇਸ਼ਾਨ ਕਰਦੇ ਹਨ। ਇਸ ਤਰ੍ਹਾਂ ਅਜਿਹੇ ਤਿਆਗੀ ਵਿਚਕਾਰ ਹੀ ਲਟਕਦੇ ਰਹਿੰਦੇ ਹਨ। ਉਹ ਨਾ ਗ੍ਰਿਹਸਥੀ ਰਹਿੰਦੇ ਹਨ ਅਤੇ ਨਾ ਹੀ ਸੰਨਿਆਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵਧੇਰੇ ਜ਼ੋਰ ਇਸ ਵਿਕਾਰੀ ਜੀਵਨ ਤੋਂ ਬਚਣ ਲਈ ਦਿੱਤਾ ਗਿਆ ਹੈ। ਜਿਹੜਾ ਜੀਵਨ ਉਨ੍ਹਾਂ ਆਪ ਜੀਵਿਆ ਉਨ੍ਹਾਂ ਦਾ ਤਿਆਗ ਦੁਨੀਆ ਤੋਂ ਨਹੀਂ ਵਿਕਾਰਾਂ ਤੋਂ ਤਿਆਗ ਸਿਖਾਉਂਦਾ ਹੈ। ਅਧਿਆਤਮਕਤਾ ਦੀ ਪ੍ਰਾਪਤੀ ਦੇ ਰਾਹ ਵਿਚਲੀ ਸਭ ਤੋਂ ਵੱਡੀ ਸਮੱਸਿਆ ਹੈ ਸੁਰਤਿ ਦਾ ਸਥਿਰ ਨਾ ਹੋਣਾ। ਸੁਰਤਿ ਦੀ ਸਥਿਰਤਾ ਘਰ-ਬਾਰ ਤਿਆਗਣ ਨਾਲ ਨਹੀਂ ਹੁੰਦੀ। ਮਨੁੱਖੀ ਮਨ-ਧਨ ਪਦਾਰਥ, ਮੋਹ, ਮਾਇਆ ਦੇ ਰਸਾਂ ਵਿਚ ਫਿਰ ਵੀ ਲਿਵਲੀਨ ਰਹਿੰਦਾ ਹੈ। ਜ਼ਿੰਦਗੀ ਤੋਂ ਭੱਜਣ ਨਾਲ ਇਨ੍ਹਾਂ ਪ੍ਰਵਿਰਤੀਆਂ ਦਾ ਖਾਤਮਾਂ ਨਹੀਂ ਹੁੰਦਾ, ਸਗੋਂ ਇਹ ਹੋਰ ਪ੍ਰਚੰਡ ਹੁੰਦੀਆਂ ਹਨ। ਜ਼ਿੰਦਗੀ ਦੇ ਰੰਗ ਰਸ ਉਸ ਅੰਦਰ ਅਵੱਸ਼ ਭਟਕਣ ਪੈਦਾ ਕਰਦੇ ਹਨ। ਸੋ ਸੁਰਤਿ ਦੇ ਟਿਕਾਅ ਲਈ ਜੀਵਨ ਕਰਤਵ ਨੂੰ ਅੰਤਰਮੁਖੀ ਹੋਣ ਦੀ ਜ਼ਰੂਰਤ ਹੈ। ਅੰਤਰਮੁਖੀ ਲਈ ਆਪੇ ਦੀ ਪੜਚੋਲ ਜ਼ਰੂਰੀ ਹੈ। ਆਪੇ ਦੀ ਪੜਤਾਲ ਲਈ ਤਿਆਗ ਦੀ ਜ਼ਰੂਰਤ ਹੈ ਅਰਥਾਤ ਮਨੁੱਖੀ ਮਨ ਨੂੰ ਬਾਹਰੋਂ ਹੋੜਨ ਤੇ ਸਥਿਰ ਹੋਣ ਲਈ ਵਿਨਾਸ਼ਕ ਬਿਰਤੀਆਂ ਤੇ ਨਖਿੱਧ

**ਅਸਿਸਟੈਂਟ ਪ੍ਰੋ. ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼, ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ। ਮੋ: +੯੧੭੫੦੮੭-੮੬੬੭੬*

ਔਗੁਣਾਂ ਦਾ ਤਿਆਗ ਜ਼ਰੂਰੀ ਹੈ। ਇਸੇ ਤਿਆਗ ਉੱਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜ਼ੋਰ ਦਿੱਤਾ ਹੈ। ਵਿਸ਼ੇ ਵਾਸ਼ਨਾ ਦੇ ਜ਼ਹਿਰੀ ਰਸ ਨੂੰ ਤਿਆਗਣਾ ਹੀ ਅਸਲ ਤਿਆਗ ਹੈ ਪਰ ਜੋਗੀਆਂ ਦਾ ਤਿਆਗ ਵਿਖਾਵਾ ਬਣ ਕੇ ਰਹਿ ਗਿਆ ਹੈ। ਉਨ੍ਹਾਂ ਨੇ ਘਰ-ਬਾਰ ਤਿਆਗ ਦਿੱਤਾ, ਨੰਗੇ ਰਹਿਣ ਲੱਗ ਪਏ, ਮੋਨ ਧਾਰ ਲਏ। ਗੁਰਮਤਿ ਵਿਚ ਅਜਿਹੇ ਤਿਆਗ ਦੀ ਨਿਖੇਧੀ ਕੀਤੀ ਗਈ ਹੈ ਤੇ ਸੱਚੇ ਤਿਆਗ ਦੀ ਸਿੱਖਿਆ ਦਿੱਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ੫੯ ਸ਼ਬਦਾਂ ਤੇ ੫੭ ਸਲੋਕਾਂ ਵਿਚ ੧੫ ਰਾਗਾਂ ਅਧੀਨ ਦਰਜ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਤਿਆਗ ਦਾ ਸੰਕਲਪ ਇਸ ਪ੍ਰਕਾਰ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਕਾਮ ਦੇ ਤਿਆਗ ਦਾ ਜ਼ਿਕਰ ਹੈ। ਇਹ ਮਨੁੱਖ ਦੇ ਅੰਦਰ ਬਲੀ ਚੋਰ ਹੈ। ਗੁਰਬਾਣੀ ਵਿਚ ਥਾਂ-ਥਾਂ ’ਤੇ ਕਾਮ ਤੋਂ ਬਚਣ ਲਈ ਆਖਿਆ ਗਿਆ ਹੈ ਕਿਉਂਕਿ ਕਾਮ ਤੇ ਕ੍ਰੋਧ ਕਾਇਆ ਨੂੰ ਗਾਲ ਦਿੰਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿਚ ਮਨੁੱਖ ਨੂੰ ਥਾਂ-ਥਾਂ ’ਤੇ ਕਾਮ ਤੋਂ ਬਚਣ ਲਈ ਆਖਦੇ ਹਨ:

*ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥* *(ਪੰਨਾ ੨੧੯)*

ਗੁਰਬਾਣੀ ਦੇ ਵਿਚ ਕ੍ਰੋਧ ਦੇ ਤਿਆਗ ਦਾ ਜ਼ਿਕਰ ਵੀ ਕੀਤਾ ਗਿਆ ਹੈ। ਕ੍ਰੋਧ ਦਾ ਅਰਥ ਹੈ- ਗੁੱਸਾ। ਮਨੁੱਖ ਦੀ ਜਦੋਂ ਕੋਈ ਇੱਛਾ ਪੂਰੀ ਨਹੀਂ ਹੁੰਦੀ ਜਾਂ ਉਸ ਦਾ ਹੁਕਮ ਕੋਈ ਨਹੀਂ ਮੰਨਦਾ ਜਾਂ ਉਸ ਦੇ ਅਹੰਕਾਰ ਨੂੰ ਸੱਟ ਵੱਜਦੀ ਹੈ ਤਾਂ ਉਹ ਕ੍ਰੋਧਵਾਨ ਹੋ ਕੇ, ਅਕਲ ਤਿਆਗ ਕਰ ਕੇ ਲੜਾਈ-ਝਗੜੇ, ਵੈਰ-ਵਿਰੋਧ ਆਦਿ ਕਰਦਾ ਹੈ। ਕ੍ਰੋਧ ਵੀ ਨਾਸ਼ ਦਾ ਕਾਰਨ ਹੈ। ਇਹ ਇਕ ਮਾਨਸਿਕ ਕਮਜ਼ੋਰੀ ਹੈ। ਕ੍ਰੋਧ ਵਿਚ ਪਾਗਲ ਹੋਇਆ ਵਿਅਕਤੀ ਹਰ ਕੁਕਰਮ ਕਰੀ ਜਾਂਦਾ ਹੈ, ਇਸ ਲਈ ਇਸ ਦਾ ਤਿਆਗ ਬਹੁਤ ਜ਼ਰੂਰੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਕ੍ਰੋਧ ਨੂੰ ਤਿਆਗਣ ਲਈ ਆਖਦੇ ਹਨ ਤਾਂ ਕਿ ਮਨੁੱਖ ਸ਼ਾਂਤੀ ਨਾਲ ਰਹਿ ਕੇ ਹਰੀ ਨਾਮ ਵਿਚ ਆਪਣੀ ਲਿਵ ਜੋੜ ਸਕੇ:

*ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥* *(ਪੰਨਾ ੨੧੯)*

ਕ੍ਰੋਧ ਨੂੰ ਕਲਯੁੱਗ ਦਾ ਮੂਲ ਵੀ ਆਖਿਆ ਗਿਆ ਹੈ। ਕ੍ਰੋਧ ਜੀਵਾਂ ਨੂੰ ਵੱਸ ਕਰ ਕੇ ਬਾਂਦਰ ਵਾਂਗ ਨਚਾਉਂਦਾ ਹੈ। ਇਸ ਦੇ ਅਧੀਨ ਹੀ ਮਨੁੱਖ ਮੰਦਕਰਮੀ ਬਣਿਆ ਰਹਿੰਦਾ ਹੈ। ਮਨੁੱਖ ਦੀ ਲਾਲਸਾ ਵਧਦੀ ਰਹਿੰਦੀ ਹੈ। ਉਸ ਸਮੇਂ ਮਨੁੱਖ ਭੋਗਾਂ ਨੂੰ ਭੋਗਦਾ ਨਹੀਂ, ਸਗੋਂ ਇਸ ਦੇ ਦੁਆਰਾ ਭੋਗਿਆ ਜਾਂਦਾ ਹੈ।

ਮਨੁੱਖ ਦੇ ਅੰਦਰ ਜੋ ਤੀਸਰਾ ਵਿਕਾਰ ਹੈ, ਉਹ ਹੈ- ਲੋਭ। ਲੋਭ ਲਾਲਚ ਦਾ ਦੂਸਰਾ ਨਾਮ ਹੈ। ਜਦੋਂ ਮਨੁੱਖ ਕਿਸੇ ਹੋਰ ਵਿਅਕਤੀ ਦੀ ਚੀਜ਼ ਨੂੰ ਆਪਣੀ ਬਣਾਉਣ ਲਈ ਯਤਨ ਕਰਦਾ ਹੈ ਤਾਂ ਉਹ ਲੋਭੀ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਸਾਰੀਆਂ ਵਸਤਾਂ ਨੂੰ ਕਬਜ਼ੇ ਹੇਠ ਲੈਣ ਲਈ ਲੋਭ ਕਰਨਾ ਸ਼ੁਰੂ ਕਰ ਦਿੰਦਾ ਹੈ, ਜੋ ਉਸ ਦੀਆਂ ਨਹੀਂ ਹੁੰਦੀਆਂ। ਜਿੱਥੇ ਲੋਭ ਹੈ, ਉੱਥੇ ਪਿਆਰ ਨਹੀ, ਜਿੱਥੇ ਪਿਆਰ ਹੈ, ਉੱਥੇ ਲੋਭ ਨਹੀਂ। ਲੋਭ ਦੇ ਤਿਆਗ ਲਈ ਉਪਦੇਸ਼ ਦਿੰਦਿਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ

ਫੁਰਮਾਇਆ ਹੈ:

*ਕਹਾ ਭੂਲਿਓ ਰੇ ਝੂਠੇ ਲੋਭ ਲਾਗ॥* (ਪੰਨਾ ੧੧੮੭)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੋਹ ਦੇ ਤਿਆਗ 'ਤੇ ਵੀ ਜ਼ੋਰ ਦਿੱਤਾ ਹੈ। ਮੋਹ ਦਾ ਅਰਥ ਇਸ ਦਿੱਸਦੇ-ਵਸਦੇ ਸੰਸਾਰ ਦੀਆਂ ਵਸਤਾਂ ਜੀਵਾਂ ਆਦਿ ਲਈ ਮਨ ਵਿਚ ਖਿੱਚ ਹੈ, ਇਹ ਵੀ ਅਗਿਆਨ ਦਾ ਸਿੱਟਾ ਹੈ। ਅਸੀਂ ਉਨ੍ਹਾਂ ਵਸਤਾਂ ਮਗਰ ਹਰ ਵੇਲੇ ਨੱਠੇ-ਭੱਜੇ ਫਿਰਦੇ ਹਾਂ ਜੋ ਅਸਲ ਵਿਚ ਛਲ ਹੀ ਹੁੰਦੀਆਂ ਹਨ। ਉਨ੍ਹਾਂ ਦੀ ਪ੍ਰਾਪਤੀ ਲਈ ਜਿਹੜੇ ਕਰਮ ਅਸੀਂ ਕਰਦੇ ਹਾਂ, ਉਹ ਪਾਪ ਬਣ ਜਾਂਦੇ ਹਨ। ਮੋਹ ਕਾਲਖ ਦਾ ਘਰ ਅਤੇ ਮੋਹ ਸਾਰੇ ਸੰਸਾਰ ਨੂੰ ਗਰਕ ਕਰਦਾ ਹੈ, ਮੋਹ ਪ੍ਰਭੂ-ਭਗਤੀ ਵਿਚ ਰੁਕਾਵਟ ਪਾਉਂਦਾ ਹੈ। ਇਸ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਦਾ ਆਪਣੇ ਸਰੀਰ ਪ੍ਰਤੀ ਮੋਹ, ਆਪਣੇ ਸੰਬੰਧੀਆਂ ਪ੍ਰਤੀ ਮੋਹ ਤੇ ਜਗਤ ਪ੍ਰਤੀ ਮੋਹ ਦੇ ਤਿਆਗ 'ਤੇ ਜ਼ੋਰ ਦਿੱਤਾ ਹੈ। ਮਨੁੱਖ ਦਾ ਸਰੀਰ ਬਿਨਸਣਹਾਰ ਹੈ ਤੇ ਇਸ ਦੇ ਸੰਬੰਧਿਤ ਰਿਸ਼ਤੇ ਵੀ ਟੁੱਟਣਹਾਰ ਹਨ। ਇਨਸਾਨ ਹਮੇਸ਼ਾਂ ਰਿਸ਼ਤੇ-ਨਾਤਿਆਂ ਦੇ ਚੱਕਰ ਵਿਚ ਉਲਝਿਆ ਰਹਿੰਦਾ ਹੈ। ਇਸਤਰੀ, ਪੁੱਤਰ, ਧੀ, ਮਾਤਾ, ਪਿਤਾ ਆਦਿ ਦੇ ਮੋਹ ਵਿਚ ਖਚਿਤ ਹੋ ਕੇ ਮਨੁੱਖਾ ਜਨਮ ਅਕਾਰਥ ਗੁਆ ਲੈਂਦਾ ਹੈ। ਰਿਸ਼ਤੇਦਾਰਾਂ ਨੂੰ ਖੁਸ਼ ਰੱਖਣ ਲਈ ਜਾਇਜ਼, ਨਜਾਇਜ਼ ਕੰਮ ਕਰਦਾ ਰਹਿੰਦਾ ਹੈ। ਅੰਤ ਸਮੇਂ ਇਸ ਨਾਲ ਕੋਈ ਨਹੀਂ ਜਾਂਦਾ। ਇਸ ਸਭ ਲੋਕ ਖੁਦਗਰਜ਼ ਹਨ। ਪ੍ਰਾਣੀ ਦੇ ਮਰਦਿਆਂ ਸਾਰ ਉਸ ਨੂੰ ਇਕ ਘੜੀ ਵੀ ਨਹੀਂ ਰੱਖ ਸਕਦੇ, ਸ਼ਮਸ਼ਾਨ ਭੂਮੀ ਵਿਚ ਲੈ ਜਾਂਦੇ ਹਨ। ਇਸ ਲਈ ਮਨੁੱਖ ਨੂੰ ਰਿਸ਼ਤੇ-ਨਾਤਿਆਂ ਦੇ ਮੋਹ ਦਾ ਤਿਆਗ ਕਰ ਕੇ ਪਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ:

*ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥*
*ਇਨ ਮੈਂ ਕਛੁ ਤੇਰੋ ਰੇ ਨਾਹਿਨ ਦੇਖੋ ਸੋਚ ਬਿਚਾਰੀ॥* (ਪੰਨਾ ੨੨੦)

ਅਹੰਕਾਰ ਪ੍ਰਭੂ ਦੇ ਰਸਤੇ ਵਿਚ ਇੱਕ ਵੱਡਾ ਰੋੜਾ ਹੈ। ਅਹੰਕਾਰ, ਜਿਸ ਨੂੰ ਹਉਮੈਂ ਵੀ ਆਖਿਆ ਗਿਆ ਹੈ। ਇਹ ਤਾਂ ਚੁੱਪ-ਚਾਪ ਅਚੇਤ ਹੀ ਮਨ ਵਿਚ ਆਪ ਆ ਕੇ ਆਪਣਾ ਕੰਮ ਕਰ ਜਾਂਦਾ ਹੈ। ਕਿਸੇ ਨੂੰ ਧਨ-ਦੌਲਤ ਦਾ ਅੰਹਕਾਰ, ਕਿਸੇ ਨੂੰ ਹੁਸਨ ਦਾ, ਕਿਸੇ ਨੂੰ ਬਲ ਦਾ, ਕਿਸੇ ਨੂੰ ਸੱਤਾ ਦਾ, ਗੱਲ ਕੀ ਸਾਰੇ ਪਾਸੇ ਨਿਗਾਹ ਮਾਰੋ ਤਾਂ ਪਤਾ ਲੱਗਦਾ ਹੈ ਕਿ ਅਹੰਕਾਰ ਵੱਸ ਮਨੁੱਖ ਕੁਕਰਮ ਕਰੀ ਜਾ ਰਿਹਾ ਹੈ।ਅੰਹਕਾਰ ਨੂੰ ਜਨਮ-ਮਰਨ ਦੇ ਚੱਕਰਾਂ ਦਾ ਮੂਲ ਤੇ ਪਾਪ ਦਾ ਰੂਪ ਆਖਦੇ ਹਨ। ਹੰਕਾਰ (ਹਉਮੈਂ) ਦੇ ਤਿਆਗ ਨਾਲ ਮਨੁੱਖ ਨੂੰ ਮੁਕਤੀ (ਬੰਧਨਾਂ ਤੋਂ ਛੁਟਕਾਰਾ) ਦੀ ਅਵਸਥਾ ਪ੍ਰਾਪਤੀ ਹੁੰਦੀ ਹੈ, ਇਸ ਲਈ ਹੰਕਾਰ ਦਾ ਤਿਆਗ ਜ਼ਰੂਰੀ ਹੈ:

*ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥*
*ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥* (ਪੰਨਾ ੧੪੨੭)

ਗੁਰੂ ਜੀ ਨੇ ਆਪਣੀ ਬਾਣੀ ਵਿਚ ਮਾਇਆ ਦੇ ਤਿਆਗ ਬਾਰੇ ਬਾਰ-ਬਾਰ ਜ਼ਿਕਰ ਕੀਤਾ ਹੈ। ਗੁਰੂ ਸਾਹਿਬ ਮਾਇਆ ਤੋਂ ਉੱਪਰ ਉੱਠਣ ਦਾ ਉਪਦੇਸ਼ ਦਿੰਦੇ ਹਨ। ਮਾਇਆ ਤਿਆਗਣ ਦਾ ਅਸਲੀ ਭਾਵ ਇਸ ਤੋਂ ਉੱਪਰ ਉੱਠਣਾ ਹੈ। ਗੁਰਮਤਿ ਮਾਇਆ ਦੇ

ਤਿਆਗਣ 'ਤੇ ਜ਼ੋਰ ਦਿੰਦੀ ਹੈ ਪਰ ਸੰਸਾਰ ਦੇ ਤਿਆਗਣ 'ਤੇ ਬਿਲਕੁਲ ਨਹੀਂ। ਮਾਇਆ ਇਕੱਠੀ ਕਰਨ ਦੀ ਭਾਵਨਾ ਮਨੁੱਖ ਨੂੰ ਲੋਭੀ ਅਤੇ ਸੁਆਰਥੀ ਬਣਾ ਦਿੰਦੀ ਹੈ। ਅਜਿਹੀ ਬਿਰਤੀ ਵਾਲਾ ਮਨੁੱਖ ਦੂਜੇ ਦੇ ਹਿੱਤ ਲਈ ਕੁਝ ਨਹੀਂ ਕਰ ਸਕਦਾ। ਮਾਇਆ ਦਾ ਪਿਆਰ ਮਨੁੱਖ ਨੂੰ ਮਾਇਆ ਦੀਆਂ ਰੰਗਰਲੀਆਂ ਵਿਚ ਉਲਝਾਈ ਰੱਖਦਾ ਹੈ। ਇਸ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਇਆ ਦੇ ਮੋਹ ਨੂੰ ਘਣਾ ਸੰਕਟ ਆਖਿਆ ਹੈ ਤੇ ਇਸ ਨੂੰ ਤਿਆਗਣ ਲਈ ਕਿਹਾ ਹੈ।ਮਨੁੱਖਾ ਜ਼ਿੰਦਗੀ ਦੇ ਕੁਝ ਸੁਭਾਵਕ ਕਰਮ ਹਨ, ਕੁਝ ਆਪਣੇ ਪ੍ਰਤੀ ਤੇ ਕੁਝ ਦੂਸਰੇ ਪ੍ਰਤੀ। ਦੂਸਰੇ ਪ੍ਰਤੀ ਮਾਂ-ਬਾਪ ਦੀ ਸੇਵਾ, ਉਨ੍ਹਾਂ ਦਾ ਆਦਰ, ਘਰ ਵਿਚ ਆਏ ਪ੍ਰਾਹੁਣੇ ਦੀ ਆਓ-ਭਗਤ ਆਦਿ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੋਹ-ਮਮਤਾ, ਇੱਛਾ, ਕਾਮਨਾਵਾਂ, ਤ੍ਰਿਸ਼ਨਾ, ਵਿਸ਼ੇ-ਵਾਸਨਾ, ਭੋਗ ਵਿਲਾਸ, ਸੁਆਰਥ ਆਦਿ ਨਖਿੱਧ ਕਰਮਾਂ ਦੇ ਤਿਆਗ ਨੂੰ ਜ਼ਰੂਰੀ ਕਰਾਰ ਦਿੱਤਾ ਹੈ। ਜਦੋਂ ਤਕ ਮਨੁੱਖ ਦੇ ਅੰਦਰੋਂ ਵਿਸ਼ੇ-ਵਿਕਾਰ ਖਤਮ ਨਹੀਂ ਹੁੰਦੇ, ਉਸ ਸਮੇਂ ਤਕ ਇਸ ਅੰਦਰ ਅਧਿਆਤਮਕਤਾ ਲਈ ਲਗਾਓ ਪੈਦਾ ਨਹੀਂ ਹੋ ਸਕਦਾ। ਅਧਿਆਤਮਕ ਗਿਆਨ ਲਈ ਹਿਰਦੇ ਦੀ ਸਵੱਛਤਾ ਲਈ ਉਕਤ ਪ੍ਰਕਾਰ ਦਾ ਤਿਆਗ ਜ਼ਰੂਰੀ ਹੈ। ਇਸ ਤਿਆਗ ਨਾਲ ਸਾਰਾ ਭਰਮ ਦੂਰ ਹੋ ਜਾਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਭੇਖ ਦੇ ਤਿਆਗ ਦੀ ਵੀ ਗੱਲ ਕੀਤੀ ਗਈ ਹੈ। ਭੇਖ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜੰਗਲਾਂ, ਪਹਾੜਾਂ 'ਤੇ ਜਾਣ ਅਤੇ ਹੋਰ ਤੀਰਥਾਂ 'ਤੇ ਇਸ਼ਨਾਨ ਕੀਤਿਆਂ ਪ੍ਰਭੂ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਜੰਗਲਾਂ ਵਿਚ ਪ੍ਰਭੂ ਨਹੀਂ ਲੱਭਿਆ ਜਾ ਸਕਦਾ। ਆਪੇ ਦੀ ਪਛਾਣ ਕਰਨੀ ਲੋੜੀਂਦੀ ਹੈ। ਪ੍ਰਭੂ ਦੀ ਯਾਦ ਹੀ ਜੀਵਨ ਦਾ ਲਕਸ਼ ਹੈ। ਇਸ ਲਈ ਭੇਖ ਦਾ ਤਿਆਗ ਜ਼ਰੂਰੀ ਹੈ:

*ਕਾਹੇ ਰੇ ਬਨ ਖੋਜਨ ਜਾਈ॥*

*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ (ਪੰਨਾ ੬੮੪)*

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਬੁਰੀ ਸੰਗਤ, ਅਵਿੱਦਿਆ, ਅਗਿਆਨ, ਮਾਇਆ ਦਾ ਤਿਆਗ ਕਰ ਕੇ ਹੀ ਹਰਿ ਜਸ, ਸਾਧ ਸੰਗਤ, ਪਰਮਾਤਮਾ ਦੀ ਸ਼ਰਨ, ਸਮਦ੍ਰਿਸ਼ਤਾ, ਧਾਰਨ ਕੀਤੀ ਜਾ ਸਕਦੀ ਹੈ। ਪ੍ਰੰਤੂ ਮਨੁੱਖ ਦੀ ਦੁਬਿਧਾ ਦੀ ਸਥਿਤੀ ਇਹ ਹੈ ਕਿ ਜਿੰਨ੍ਹਾਂ ਚੀਜ਼ਾਂ ਦਾ ਤਿਆਗ ਕਰਨਾ ਚਾਹੀਦਾ ਹੈ, ਉਹ ਉਸ ਨੇ ਅਪਣਾਅ ਲਈਆਂ ਹਨ ਅਤੇ ਜੋ ਗ੍ਰਹਿਣ ਕਰਨ ਯੋਗ ਹਨ ਉਨ੍ਹਾ ਦਾ ਉਹ ਤਿਆਗ ਕਰੀ ਬੈਠਾ ਹੈ। ਗੁਰੂ ਜੀ ਨੇ ਇਸ ਸਿਰਜੇ ਸੰਸਾਰ ਨੂੰ ਦੁੱਖਾਂ ਦਾ ਘਰ ਨਹੀਂ ਮੰਨਿਆ, ਸਗੋਂ ਇਸ ਵਿਚ ਰਹਿ ਕੇ ਮਨੁੱਖੀ ਅਗਿਆਨਤਾ ਤੋਂ ਉੱਪਰ ਉੱਠਣ ਦਾ ਸੰਕੇਤ ਕੀਤਾ ਹੈ। ਅੱਜ ਵੀ ਉਨ੍ਹਾਂ ਦੀ ਮਹਾਨ ਬਾਣੀ ਸਮੁੱਚੇ ਜਗਤ ਨੂੰ ਸਾਰਥਕ ਸੇਧ ਪ੍ਰਦਾਨ ਕਰਦੀ ਹੈ।

■

# ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦਾ ਦਾਰਸ਼ਨਿਕ ਤੇ ਸੰਰਚਨਾਤਮਕ ਅਧਿਐਨ

*-ਸ. ਮੇਜਰ ਸਿੰਘ ਦਿਲਸ਼ਾਦ**

ਭਗਤ ਸ਼ੇਖ ਫਰੀਦ ਜੀ ਪੰਜਾਬੀ ਸੂਫੀ-ਪਰੰਪਰਾ ਦੇ ਹੀ ਨਹੀਂ ਸਗੋਂ ਪੰਜਾਬੀ ਸਾਹਿਤ-ਪਰੰਪਰਾ ਦੇ ਮੋਢੀਆਂ ਵਿੱਚੋਂ ਵੀ ਸਨ। ਆਪ ਦੀ ਸਮੁੱਚੀ ਰਚਨਾ ਉੱਪਰ ਨਜ਼ਰ ਕਰੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੧੧੨ ਸਲੋਕ ਦਰਜ ਹਨ। ਇਸ ਤੋਂ ਇਲਾਵਾ ੪ ਸ਼ਬਦ ਦੋ ਰਾਗ ਆਸਾ ਅਤੇ ਦੋ ਰਾਗ ਸੂਹੀ ਵਿਚ ਦਰਜ ਹਨ। ਭਗਤ ਸ਼ੇਖ ਫਰੀਦ ਜੀ ਦੇ ੧੧੨ ਸਲੋਕਾਂ ਦੇ ਨਾਲ ੧੮ ਸਲੋਕ ਹੋਰ ਵੀ ਦਰਜ ਹਨ। ਇਹ ੧੮ ਸਲੋਕ ਗੁਰੂ ਸਾਹਿਬਾਨ ਦੁਆਰਾ ਰਚਿਤ ਹਨ। ਇਨ੍ਹਾਂ ਸਲੋਕਾਂ ਦੇ ਰਾਹੀਂ ਗੁਰੂ ਸਾਹਿਬਾਨ ਨੇ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦੀਆਂ ਰੱਬੀ ਰਮਜ਼ਾਂ ਤੇ ਗੁੱਝੇ ਭੇਦਾਂ ਨੂੰ ਪ੍ਰਤੀਬਿੰਬਤ ਕੀਤਾ ਹੈ।

'ਫਰੀਦ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ:- ਬੇਮਿਸਾਲ, ਅਦੁੱਤੀ, ਲਾਸਾਨੀ, ਇਕੱਲਾ, ਸ਼੍ਰੇਸ਼ਟ, ਮਾਲਾ ਦਾ ਸਿਰਮੌਰ ਮੋਤੀ। ਜੀਵਨ ਦੀ ਹਕੀਕਤ, ਦਾਰਸ਼ਨਿਕਤਾ, ਸਾਧਾਰਨਤਾ, ਮੌਤ ਦੀ ਅਟੱਲਤਾ, ਰੱਬੀ ਟੇਕ, ਗੁਰੂ ਦੀ ਲੋਚਾ, ਬਜ਼ੁਰਗੀ ਦਾ ਆਲਮ, ਲੋਕ-ਪਰਲੋਕ ਦੀਆਂ ਰਮਜ਼ਾਂ, ਸ਼ੀਲ ਸੰਜਮ, ਸ਼ਰੀਅਤ ਦੀ ਪਕਿਆਈ, ਨੈਤਿਕਤਾ ਦੇ ਦ੍ਰਿਸ਼, ਸੁਹਾਗਣ ਦਾ ਰੂਪ, ਬੰਦਗੀ ਦੀ ਗਹਿਰਾਈ, ਬਿਰਹਾ ਦੀ ਲੋਚਾ, ਉਡੀਕ ਦਾ ਸਫਰ, ਜੀਵਨ ਦੇ ਕਾਰ-ਵਿਹਾਰ ਦੀ ਇਲਾਹੀ ਤਸਵੀਰਕਸ਼ੀ ਤੇ ਰੱਬੀ ਪੈਗਾਮ ਦੇਣ ਵਾਲੇ ਇਸ ਸੂਫੀ ਫਕੀਰ ਦਾ ਜਨਮ ੧੧੭੩ ਈ. ਵਿਚ ਮਾਤਾ ਮਰੀਅਮ ਦੀ ਕੁੱਖ ਤੇ ਪਿਤਾ ਜਮਾਲ-ਉ-ਦੀਨ ਦੇ ਘਰ ਹੋਇਆ। ਉਨ੍ਹਾਂ ਨੇ ਆਪਣੇ ਜੀਵਨ ਵਿਚ ਖ਼ਵਾਜਾ ਕੁਤਬ-ਉ-ਦੀਨ ਬਖ਼ਤਿਆਰ ਕਾਕੀ ਨੂੰ ਮੁਰਸ਼ਦ ਅਪਣਾਇਆ। ਉਨ੍ਹਾਂ ਦੇ ਜੀਵਨ ਦਾ ਦੇਹੀ ਅੰਤ ੧੨੬੬ ਈ. ਨੂੰ ਹੋਇਆ। ਭਗਤ ਸ਼ੇਖ ਫਰੀਦ ਜੀ ਨੇ ਜੋ ਆਪਣੀ ਬਾਣੀ ਰਾਹੀਂ ਪੈਗ਼ਾਮ ਦਿੱਤਾ, ਉਸ ਦੀ ਸ਼ੁਰੂਆਤ ਜਿਸ ਸਲੋਕ ਤੋਂ ਹੁੰਦੀ ਹੈ ਉਹ ਇਹ ਕਿ:

*ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥*
*ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥*
*ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥*
*ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥*
*ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥*
*ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥*
*ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ॥*
*ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥੧॥* *(ਪੰਨਾ ੧੩੭੭)*

ਉਪਰੋਕਤ ਸਲੋਕ ਦੇ ਸੰਰਚਨਾਤਮਕ ਜੁਜਾਂ ਅੰਦਰ ਜਿਹੜਾ ਖਿਆਲ ਅਭੀਵਿਅਕਤ ਹੋ ਰਿਹਾ ਹੈ, ਉਹ ਜੀਵਨ ਦਾ ਮੂਲ ਸਿਧਾਂਤ ਹੈ। ਮਨੁੱਖ ਜੀਵਨ ਦੇ ਇਸ ਘਟਨਾਤਮਕ ਰੂਪ ਦੀ

**ਲੈਕਚਰਾਰ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ। ਮੋ: +੯੧੯੮੧੪੪-੮੧੪੦੧*

ਜਦ ਕਲਪਨਾ ਕਰਦਾ ਹੈ ਤਾਂ ਉਸ ਦਾ ਸਮੁੱਚਾ ਵਜੂਦ ਤਨਾਉ-ਗ੍ਰਸਤ ਹੋ ਜਾਂਦਾ ਹੈ। ਜਦਕਿ ਭਗਤ ਸ਼ੇਖ ਫਰੀਦ ਜੀ ਇਸ ਸਲੋਕ ਰਾਹੀਂ ਜੀਵਨ ਦੀ ਵਾਸਤਵਿਕਤਾ ਤੇ ਤਲਖ ਹਕੀਕਤ ਨੂੰ ਰੂਪਮਾਨ ਕਰ ਦਿੰਦੇ ਹਨ ਕਿ ਮਨੁੱਖ ਦਾ ਸਮੁੱਚਾ ਜੀਵਨ ਮੌਤ 'ਤੇ ਆ ਕੇ ਸਿਮਟ ਜਾਂਦਾ ਹੈ। ਇਹ ਸਮਾਂ ਕੋਈ ਮਿੱਥਿਆ ਨਹੀਂ ਸਗੋਂ ਸੰਪੂਰਨ ਤੌਰ 'ਤੇ ਨਿਰਧਾਰਿਤ ਹੈ ਤੇ ਮਨੁੱਖ ਇਸ ਤੋਂ ਮੁਨਕਰ ਨਹੀਂ ਹੋ ਸਕਦਾ।

ਮਨੁੱਖ ਦਾ ਵਾਹ ਮੌਤ ਨਾਲ ਕਿਉਂ ਹੈ? ਭਗਤ ਸ਼ੇਖ ਫਰੀਦ ਜੀ ਇਸ ਬਾਰੇ ਕੁਝ ਨਹੀਂ ਦੱਸਦੇ। ਮੌਤ ਦੇ ਕਾਰਨ ਵਿਚ ਜਾਣਾ ਉਨ੍ਹਾਂ ਦਾ ਕੰਮ ਨਹੀਂ। ਲੱਗਭਗ ਸਾਰਾ ਧਾਰਮਿਕ ਸਾਹਿਤ ਅਕਾਰਨ ਅਤੇ ਅਨਿਵਾਰ ਮੌਤ ਦਾ ਹੀ ਜ਼ਿਕਰ ਕਰਦਾ ਹੈ। ਮੌਤ ਸਿਰਫ ਹੈ। ਮੌਤ ਸਾਡੀ ਚੇਤਨਾ ਸਾਹਮਣੇ ਅਨਿਵਾਰ ਰੂਪ ਵਿਚ ਪੇਸ਼ ਹੈ।[੧]

ਮਨੁੱਖ ਸਮਾਜ ਵਿਚ ਵਿਚਰਦਿਆਂ ਕੰਮ-ਧੰਦਿਆਂ ਤੇ ਕਾਮਨਾਵਾਂ-ਵਾਸ਼ਨਾਵਾਂ ਦੇ ਜਾਲ ਵਿਚ ਇੰਨਾ ਘਿਰਿਆ ਹੋਇਆ ਮਹਿਸੂਸ ਕਰਦਾ ਹੈ ਕਿ ਉਸ ਦੀ ਚੇਤਨਾ ਜੀਵਨ ਦੇ ਅਮਲ ਵੱਲ ਸਫਰ ਕਰਨ ਤੋਂ ਅਸਮਰੱਥ ਹੁੰਦੀ ਹੋਈ ਆਪਣੀ ਸੁੱਧ-ਬੁੱਧ ਨੂੰ ਗਵਾ ਬੈਠਦੀ ਹੈ। ਉਸ ਦਾ ਆਪਾ ਵਸਤੂ ਯਥਾਰਥ ਨਾਲ ਜੂਝ ਰਿਹਾ ਹੈ। ਜਿੱਥੇ ਉਸ ਲਈ ਅਧਿਆਤਮਕ ਸਫਰ ਵੱਲ ਜਾਣਾ ਮੁਸ਼ਕਲ ਹੁੰਦਾ ਹੈ। ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵਿੱਚੋਂ ਇਸ ਤਰ੍ਹਾਂ ਦਾ ਦ੍ਰਿਸ਼ ਨੂੰ ਵੇਖਿਆ ਜਾ ਸਕਦਾ ਹੈ:

*ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ॥*
*ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ॥*
*ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥*
*ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ॥* *(ਪੰਨਾ ੧੩੭੭)*

ਬੰਦਾ ਦੁਨੀਆ ਵਿਚ ਰਹਿੰਦਿਆਂ ਮੋਹ ਮਾਇਆ ਦੀ ਗਠੜੀ ਅਤੇ ਮਾਇਆ ਰੂਪੀ ਸੰਸਾਰ ਨੂੰ ਤਿਲਾਂਜਲੀ ਦੇਣ ਵਿਚ ਨਾਕਾਮਯਾਬ ਰਹਿੰਦਾ ਹੈ ਅਤੇ ਉਸ ਦੀ ਸੁਰਤ ਜੀਵਨ ਦੀ ਵਾਸਤਵਿਕਤਾ ਅਤੇ ਅਣਦਿਸਦੇ ਸੰਸਾਰ ਨੂੰ ਅਨੁਭਵ ਵਿਚ ਲਿਆਉਣ ਤੋਂ ਪਰੇ ਰਹਿ ਜਾਂਦੀ ਹੈ ਜਿਸ ਦੇ ਪਰਿਣਾਮ ਵਜੋਂ ਉਸ ਨੂੰ ਕੁਝ ਸੁਝਦਾ-ਬੁਝਦਾ ਨਹੀਂ ਤੇ ਜੀਵਨ ਇਕ ਮੱਸਿਆ ਦੀ ਅਨ੍ਹਿਆਈ ਬਣ ਕਿ ਰਹਿ ਜਾਂਦਾ ਹੈ। ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵਿਚ ਆ ਰਿਹਾ ਸ਼ਬਦ 'ਫਰੀਦਾ' ਵੀ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਪਰ ਫਰੀਦਾ ਤੋਂ ਭਾਵ ਫਰੀਦ ਸਾਹਿਬ ਨਹੀਂ ਸਗੋਂ ਇਹ ਇਕ ਸੰਬੋਧਨੀ ਜੁਗਤ ਹੈ ਜੋ ਸਮੁੱਚੇ ਸਲੋਕਾਂ ਦੇ ਸੰਰਚਨਾਤਮਕ ਅੰਸ਼ਾਂ ਵਜੋਂ ਹਾਜ਼ਰੀ ਲਵਾ ਰਿਹਾ ਹੈ।

ਮਨੁੱਖ ਦਾ ਅਸਲ ਸੁਭਾਅ ਇਨ੍ਹਾਂ ਸੰਕਲਪਾਂ ਦੇ ਦੁਆਲੇ ਹੀ ਕੇਂਦਰਿਤ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਸੰਦੇਸ਼ ਮਨੁੱਖ ਨੂੰ ਇਸ ਗੱਲ ਵੱਲ ਸੰਕੇਤ ਕਰਵਾਉਂਦਾ ਹੈ ਕਿ ਉਸ ਦਾ ਜੀਵਨ ਦਿਨ-ਬ-ਦਿਨ ਵੱਧਣ ਦੀ ਬਜਾਏ ਘੱਟ ਰਿਹਾ ਹੈ। ਉਸ ਦਾ ਸਰੀਰ ਤੇ ਉਸ ਦੀ ਸੱਤਿਆ ਕਮਜ਼ੋਰੀ ਦਾ ਰੂਪ ਬਣਦੀ ਜਾ ਰਹੀ ਹੈ। ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵਿਚ ਮਨੁੱਖੀ ਜੀਵਨ ਦਾ ਇਹ ਅੰਤਿਮ ਦ੍ਰਿਸ਼ ਇੰਝ ਪ੍ਰਗਟ ਹੁੰਦਾ ਹੈ:

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥*

*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥੯॥. . .*
*ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ॥*
*ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥੧੧॥. . .*
*ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥*
*ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥੧੪॥* *(ਪੰਨਾ ੧੩੭੮)*

ਉਪਰੋਕਤ ਸਲੋਕਾਂ ਦੀਆਂ ਪੰਕਤੀਆਂ ਦੀਆਂ ਸੰਰਚਨਾ ਵਿਚ ਜੀਵਨ ਦੀ ਨਾਸ਼ਮਾਨਤਾ ਪਈ ਹੋਈ ਹੈ। ਅੱਖਾਂ ਅੰਨ੍ਹੀਆਂ ਹੋ ਰਹੀਆਂ ਹਨ, ਦਾੜ੍ਹੀ ਚਿੱਟੀ ਹੋ ਰਹੀ ਹੈ ਤੇ ਜਿਨ੍ਹਾਂ ਅੱਖਾਂ ਨੂੰ ਉਹ ਜਿਊਂਦੇ-ਜੀਅ ਸਭ ਤੋਂ ਸੋਹਣਾ ਅਨੁਭਵ ਕਰਦਾ ਹੈ, ਉਹ ਸਭ ਇਕ ਪਿੰਜਰ ਦਾ ਰੂਪ ਬਣ ਕੇ ਰਹਿ ਜਾਣਾ ਹੈ। ਜਿਸ ਵਿਚ ਪੰਛੀਆਂ ਨੇ ਆਂਡੇ ਦੇਣੇ ਹਨ। ਭਗਤ ਸ਼ੇਖ ਫਰੀਦ ਜੀ ਦੀ ਬਾਣੀ ਮਨੁੱਖ ਨੂੰ ਮੌਤ ਦਾ ਸੰਕੇਤ ਦਿੰਦੀ ਹੋਈ ਡਰਾਉਂਦੀ ਨਹੀਂ ਸਗੋਂ ਉਸ ਦੇ ਜੀਵਨ ਨੂੰ ਬੰਦਗੀ ਅਤੇ ਬਿਰਹਾ ਦੇ ਰਾਹ ਵੱਲ ਤੋਰਦੀ ਹੈ। ਮਨੁੱਖ ਦਾ ਅਸਲ ਆਪਾ ਉਦੋਂ ਬਲਵਾਨ ਹੁੰਦਾ ਹੈ ਜਦ ਉਸ ਨੂੰ ਇਹ ਮਹਿਸੂਸ ਹੋਵੇ ਕਿ ਉਸ ਦਾ ਅਸਲ ਜੀਵਨ ਕਿਸੇ ਪਰਮ-ਆਤਮਾ, ਪਰਮ-ਜੀਵਨ ਤੋਂ ਵਿਛੜਿਆ ਹੋਇਆ ਹੈ। ਜੀਵ ਆਤਮਾ ਲਈ ਵਿਛੋੜੇ ਦਾ ਇਹ ਰੂਪ ਬਿਰਹਾ ਅਖਵਾਉਂਦਾ ਹੈ। ਜਿਸ ਪ੍ਰਾਣੀ ਅੰਦਰ ਬਿਰਹਾ ਦਾ ਅਹਿਸਾਸ ਉਤਪੰਨ ਹੋ ਜਾਂਦਾ ਹੈ ਫਿਰ ਉਸ ਦੀ ਸੁਰਤ, ਧਿਆਨ, ਦੇਹੀ ਬੰਦਗੀ ਵਾਲੇ ਸਫਰ ਦੀ ਯਾਤਰਾ ਵਿਚ ਤੁਰ ਪੈਂਦੀ ਹੈ। ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵਿਚ ਬਿਰਹਾ ਨੂੰ ਸੁਲਤਾਨ ਦਾ ਦਰਜਾ ਦਿੱਤਾ ਹੈ ਕਿ ਜਿਸ ਸਰੀਰ ਵਿਚ ਬਿਰਹਾ ਪੈਦਾ ਨਹੀਂ ਹੁੰਦਾ, ਉਹ ਸਰੀਰ ਇਕ ਕਬਰ ਦੀ ਨਿਆਈਂ ਹੈ। ਉਸ ਵਿਚ ਪਰਮ ਜੀਵਨ ਦੀ ਲੋਚਾ ਪੈਦਾ ਨਹੀਂ ਹੋ ਸਕਦੀ:

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥* *(ਪੰਨਾ ੧੩੭੯)*

ਜਦੋਂ ਮਨੁੱਖ ਬਿਰਹਾ ਦੇ ਸੰਕਲਪ ਨੂੰ ਆਪਣੇ ਜੀਵਨ ਵਿਚ ਅਪਣਾਅ ਲੈਂਦਾ ਹੈ ਤਾਂ ਫਿਰ ਉਹ ਆਪਣੇ ਗੁਰੂ ਦੇ ਦੱਸੇ ਮਾਰਗ 'ਤੇ ਚੱਲਦਿਆਂ ਅੱਠੇ ਪਹਿਰ ਬੰਦਗੀ ਦੀ ਅਵਸਥਾ ਵਿਚ ਜੁੜ ਜਾਂਦਾ ਹੈ। ਉਹ ਆਪਣਾ ਹਰ ਸੁਆਸ-ਗਿਰਾਸ ਛਿਣ, ਪਲ, ਪਹਿਰ, ਘੜੀਆਂ ਨੂੰ ਗਵਾਉਂਦਾ ਨਹੀਂ ਸਗੋਂ ਇਸ ਦਾ ਸਕਾਰਾਤਮਕ ਰੂਪ ਬਣਾਉਂਦਿਆਂ ਆਪਣੇ ਸਮੁੱਚੇ ਜੀਵਨ ਨੂੰ ਦਰਵੇਸ਼ਾਂ ਵਰਗਾ ਬਣਾ ਲੈਂਦਾ ਹੈ ਪਰੰਤੂ ਇਹ ਪ੍ਰੀਤ ਇਕ ਸੱਚੇ ਰੂਪ ਵਾਲੀ ਹੋਣੀ ਚਾਹੀਦੀ ਹੈ ਨਾ ਕਿ ਸੰਸਾਰ ਰੂਪੀ ਛਲਕਪਟ, ਝੂਠੇ-ਫਰੇਬ ਵਾਲੀ ਆਦਿ। ਦਰਵੇਸ਼ੀ ਦਾ ਇਹ ਮਾਰਗ ਆਪਣੇ ਲਿਬਾਸ ਕਰਕੇ ਨਹੀਂ ਸਗੋਂ ਉਸ ਅੱਲ੍ਹਾ ਦੇ ਨਾਮ ਨੂੰ ਧਿਆਉਣ ਕਰਕੇ ਹੈ। ਭਗਤ ਸ਼ੇਖ ਫਰੀਦ ਜੀ ਬਾਹਰੀ ਲਿਬਾਸ ਨਾਲੋਂ ਇੱਕ ਵੱਖਰਤਾ ਸਥਾਪਿਤ ਕਰਦੇ ਹੋਏ ਉਸ ਵਿਚ ਅਸਲ ਬੰਦਗੀ ਦੇ ਰੂਪ ਨੂੰ ਫੁਰਮਾਉਂਦੇ ਹਨ:

*ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥*
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥੬੦॥*
*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥*
*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥੬੧॥* *(ਪੰਨਾ ੧੩੮੧)*

ਇਨ੍ਹਾਂ ਸਲੋਕਾਂ ਦੀ ਦਾਰਸ਼ਨਿਕਤਾ ਇਸ ਵਿਚਾਰ ਦੀ ਸ਼ਾਹਦੀ ਭਰਦੀ ਹੈ ਕਿ ਬੰਦਗੀ ਦੀ ਮੰਜ਼ਿਲ ਤੇ ਉਸ ਦੀ ਅਵਸਥਾ ਬਹੁਤ ਹੀ ਗਹਿਰੀ ਸਾਧਨਾ ਰਾਹੀਂ ਪ੍ਰਾਪਤ ਕੀਤੀ ਜਾਂਦੀ ਹੈ। ਫਕੀਰੀ ਦੀ ਅਵਸਥਾ ਤਕ ਪਹੁੰਚਣ ਲਈ ਉਸ ਨੂੰ ਰੁੱਖਾਂ ਵਰਗਾ ਜਿਗਰਾ ਕਰਨਾ ਪੈਂਦਾ ਹੈ।

ਭਗਤ ਸ਼ੇਖ ਫਰੀਦ ਜੀ ਦੇ ਦਾਰਸ਼ਨਿਕ ਪੱਖਾਂ ਦਾ ਅਗਲਾ ਆਧਾਰ ਸ਼ਰੀਅਤ ਹੈ। ਸ਼ਰੀਅਤ ਇਸਲਾਮ ਦੀ ਪਹਿਲੀ ਸ਼ਰਤ ਹੈ ਤੇ ਇਸ ਸ਼ਰਤ ਨੂੰ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵਿੱਚੋਂ ਵੇਖਿਆ ਜਾ ਸਕਦਾ ਹੈ। ਬਹੁਤੇ ਵਿਦਵਾਨਾਂ ਦਾ ਇਹ ਕਹਿਣਾ ਹੈ ਕਿ ਭਗਤ ਸ਼ੇਖ ਫਰੀਦ ਜੀ ਸ਼ਰੀਅਤ ਦੇ ਕੱਟੜ ਹਨ ਪਰ ਭਗਤ ਫਰੀਦ ਜੀ ਦੀ ਬਾਣੀ ਸ਼ਰੀਅਤ ਦੇ ਨਿਯਮਾਂ ਵਿਚ ਹੀ ਪਰਕਰਮਾ ਨਹੀਂ ਕਰਦੀ ਸਗੋਂ ਇਸ ਤੋਂ ਅਗਲੇਰੇ ਮੰਡਲਾਂ ਤੇ ਪੜਾਵਾਂ ਦਾ ਵੀ ਬੋਧ ਕਰਾਉਂਦੀ ਹੈ ਭਾਵ ਕਿ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਸ਼ਰੀਅਤ ਤੋਂ ਅਗਾਂਹ ਸਫ਼ਰ ਕਰਦੀ ਹੋਈ ਫਨਾ-ਬਕਾ ਦੀ ਅਵਸਥਾ ਨੂੰ ਵੀ ਆਪਣੇ ਅੰਦਰ ਸਮੋਈ ਬੈਠੀ ਹੈ। ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦਾ ਪਾਠ ਕਰਦਿਆਂ ਅਸੀਂ ਇਹ ਅਨੁਭਵ ਕਰਦੇ ਹਾਂ ਕਿ ਇੱਕ ਸੱਚਾ ਮੁਸਲਮਾਨ ਜੋ ਅੱਲ੍ਹਾ ਦੀ ਰਜ਼ਾ ਦੇ ਮੁਤਾਬਕ ਆਪਣੇ ਜੀਵਨ ਨੂੰ ਸਹੀ ਦਿਸ਼ਾ ਵੱਲ ਤੋਰਦਾ ਹੈ ਉਹ ਪੰਜੇ ਵਕਤ ਦਾ ਨਮਾਜ਼ੀ ਅਖਵਾਉਂਦਾ ਹੈ ਕਿਉਂਕਿ ਇਸਲਾਮ ਦੀ ਸ਼ਰੀਅਤ ਵਿਚ (ਨਿਯਮਾਂ) ਇੱਕ ਮੁਸਲਮਾਨ ਨੂੰ ਪੰਜ ਵਕਤ ਦਾ ਨਮਾਜ਼ੀ ਹੋਣ ਦਾ ਸੰਦੇਸ਼ ਦਿੱਤਾ ਹੈ। ਏਸੇ ਅਸਰ ਨੂੰ ਭਗਤ ਸ਼ੇਖ ਫਰੀਦ ਜੀ ਦੇ ਸਲੋਕਾਂ ਵਿੱਚੋਂ ਵੇਖਿਆ ਜਾ ਸਕਦਾ ਹੈ:

*ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥*
*ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥*
*ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥*
*ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥* *(ਪੰਨਾ ੧੩੮੧)*

ਇਨ੍ਹਾਂ ਸਲੋਕਾਂ ਦੀ ਸਮੁੱਚੀ ਸੰਰਚਨਾ ਵਿਚ ਜਿਹੜਾ ਦਾਰਸ਼ਨਿਕ ਖਿਆਲ ਉੱਭਰ ਕੇ ਸਾਹਮਣੇ ਆਉਂਦਾ ਹੈ ਉਹ ਇਹ ਕਿ ਜਿਹੜਾ ਮੁਰੀਦ ਫ਼ਜ਼ਰ ਵੇਲੇ ਉੱਠ ਕੇ ਉਜੂ ਕਰਦਾ ਹੈ ਅਤੇ ਨਮਾਜ਼ ਵਿਚ ਨਮਾਜ਼ ਦੇ ਰਹੱਸ-ਆਤਮਿਕ ਮੰਡਲਾਂ ਵਿਚ ਉਤਰ ਜਾਂਦਾ ਹੈ ਉਹੀ ਸੂਫੀ ਅਤੇ ਮੁਸਲਮਾਨ ਹੋਣ ਦਾ ਦਰਜਾ ਹਾਸਲ ਕਰਦਾ ਹੈ। ਜਿਹੜਾ ਮਨੁੱਖ ਗੁਰੂ ਦੇ ਦੱਸੇ ਮਾਰਗ ਉੱਪਰ ਚੱਲਦਾ ਹੈ ਉਹੀ ਉਸ ਦਾ ਜਨ, ਭਗਤ, ਦਾਸ ਅਖਵਾਉਂਦਾ ਹੈ ਪਰ ਏਹ ਮਾਰਗ ਬੜੇ ਹੀ ਬਿਖਮ ਘੋਰ ਹਨ੍ਹੇਰਿਆਂ ਤੇ ਤੰਗ ਪੁਲ ਦੇ ਸਮਾਨ ਹੈ, ਜਿਸ ਨੂੰ ਪਾਰ ਕਰਨਾ ਕੋਈ ਅਸਾਨ ਕਾਰਜ ਨਹੀਂ। ਇਸ ਨੂੰ ਪਾਰ ਕਰਨਾ ਆਪਣਾ ਆਪ ਨਿਛਾਵਰ ਕਰਨ ਦੇ ਬਰਾਬਰ ਹੈ। ਪ੍ਰੀਤਮ ਦਾ ਘਰ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਅੰਦਰ ਕਿਤੇ ਦੂਰ ਹੀ ਨਜ਼ਰ ਆਉਂਦਾ ਹੈ। ਇਸ ਸੰਵੇਦਨਾ ਨੂੰ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਇੰਝ ਪ੍ਰਗਟਾਉਂਦੀ ਹੈ:

*-ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥੨੪॥*
*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥* *(ਪੰਨਾ ੧੩੭੯)*
*-ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥*

*ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥* *(ਪੰਨਾ ੪੮੮)*

ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦਾ ਅਗਲਾ ਪੜਾਅ ਸਮੁੱਚੇ ਪ੍ਰਕਿਰਤੀ ਚਿਤਰਣ ਨੂੰ ਅਧਿਆਤਮਕ ਰੂਪ ਦੇਣ ਦਾ ਨਾਮ ਹੈ। ਜਿਸ ਵਿਚ ਕੁੱਲ ਕਾਇਨਾਤ ਰੁੱਖ, ਨਦੀਆਂ, ਪਹਾੜ, ਪੌਣ-ਪਾਣੀ, ਪਸ਼ੂ-ਪੰਛੀ ਇਕਮਿਕਤਾ ਦੇ ਰੂਪ ਵਿਚ ਵਿਚਰਦੇ ਹੋਏ ਅਧਿਆਤਮਕ ਰੂਪ ਵਿਚ ਤਬਦੀਲ ਹੋ ਜਾਂਦੇ ਹਨ। ਇੰਨਾ ਹੀ ਨਹੀਂ ਇਨ੍ਹਾਂ ਸਮੁੱਚੇ ਪ੍ਰਕਿਰਤਕ ਦ੍ਰਿਸ਼ਾਂ ਵਿੱਚੋਂ ਜ਼ਿੰਦਗੀ ਦੀ ਨਾਸ਼ਮਾਨਤਾ ਤੇ ਰੱਬੀ ਰਜ਼ਾ ਵਿਚ ਹੋਣ ਦਾ ਸੁਨੇਹਾ ਵੀ ਮਿਲਦਾ ਹੈ। ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵਿਚ ਮਨੁੱਖ ਦੇ ਮੁੱਢ ਕਦੀਮ ਤੋਂ ਬੰਦੇ ਦੇ ਅਖੀਰਲੇ ਪੜਾਅ ਤਕ ਦਾ ਹਰ ਦ੍ਰਿਸ਼ ਰੱਬੀ ਸੁਨੇਹੇ ਵਿਚ ਰੂਪਾਂਤਰਿਤ ਹੋਇਆ ਨਜ਼ਰ ਆਉਂਦਾ ਹੈ। ਉਹ ਪ੍ਰਕਿਰਤੀ ਦੇ ਦ੍ਰਿਸ਼ ਵਿਚ ਜਦ ਪੰਛੀਆਂ ਦੀ ਸਬਰਤਾ ਨੂੰ ਅਭੀਵਿਅਕਤ ਕਰਦੇ ਹਨ ਤਾਂ ਉਹ ਦੱਸਦੇ ਹਨ ਕਿ ਪੰਛੀ ਕਿਵੇਂ ਬੇਪਰਵਾਹੀ ਤੇ ਰੱਬੀ ਰਜ਼ਾ (ਹੁਕਮ) ਵਿਚ ਵਿਚਰਦਿਆਂ ਪ੍ਰਕਿਰਤੀ ਅਤੇ ਕੁਦਰਤ ਦੇ ਕਿੰਨੇ ਨੇੜੇ ਹਨ, ਜਿਨ੍ਹਾਂ ਦੇ ਬਲਿਹਾਰੀਪਨ ਨੂੰ ਫਰੀਦ ਸਾਹਿਬ ਆਪਣੇ ਸਲੋਕਾਂ ਵਿਚ ਪ੍ਰਗਟਾਉਂਦੇ ਹਨ। ਜ਼ਿੰਦਗੀ ਦੀ ਕਚਿਆਈ ਤੇ ਨਾ-ਸਮਝੀ ਤੇ ਮੌਤ ਵੱਲੋਂ ਬੇਖ਼ਬਰ ਰਹਿ ਰਹੇ ਰੁੱਖਾਂ ਦੇ ਮੰਜ਼ਰ ਨੂੰ ਨਦੀਆਂ ਦੇ ਵਹਾਉ ਵਿਚ ਰੁੜਦਾ ਹੋਇਆ ਦਿਖਾ ਰਹੇ ਹਨ। ਮਨੁੱਖ ਦਾ ਸਮੁੱਚਾ ਜੀਵਨ ਉਸ ਬਾਗ ਵਰਗਾ ਹੈ ਜਿਸ ਵਿਚ ਕੋਈ ਪੰਛੀ ਰਾਤ ਨੂੰ ਆ ਕੇ ਆਪਣੇ ਆਲ੍ਹਣੇ ਵਿਚ ਬਹਿੰਦਾ ਹੈ ਤੇ ਸਵੇਰ ਨੂੰ ਉੱਡ ਜਾਂਦਾ ਹੈ, ਏਸੇ ਤਰ੍ਹਾਂ ਪ੍ਰਕਿਰਤੀ ਦਾ ਹਰ ਛਿਣ ਬਦਲਦਾ ਹੋਇਆ ਮੌਤ ਵੱਲ ਆਪਣਾ ਸਫਰ ਤੈਅ ਕਰ ਰਿਹਾ ਹੈ। ਫਰੀਦ ਸਾਹਿਬ ਦੀ ਬਾਣੀ ਕੁੱਲ ਕਾਇਅਨਾਤ ਦੀ ਧੜਕਣ ਨੂੰ ਰੱਬੀ ਪੈਗ਼ਾਮ ਦਿੰਦੀ ਹੈ।

ਪ੍ਰਕਿਰਤੀ ਦੇ ਵਹਾਅ ਵਿਚ ਹੀ ਸਭ ਕੁਝ ਵਹਿ ਰਿਹਾ ਹੈ। ਜੀਵਨ ਦੀ ਨਿਰੰਤਰ ਚਲਾਇਮਾਨਤਾ ਅਤੇ ਨਾਸ਼ਮਾਨਤਾ ਤੇ ਸਾਂਝੇ ਰੂਪ ਵਿੱਚੋਂ ਵੈਰਾਗ ਪੈਦਾ ਹੁੰਦਾ ਹੈ। ਜੀਵਨ ਕਦੇ ਵੀ ਮੌਸਮ-ਏ-ਬਹਾਰ ਤੇ ਮੌਸਮ-ਏ-ਖ਼ਿਜ਼ਾ ਨਹੀਂ ਰਹਿੰਦਾ ਸਗੋਂ ਧਰਤੀ ਉੱਤੇ ਅਨੇਕਾ ਰੁੱਤਾਂ ਆਪਣਾ ਅਸਰ ਵਿਖਾਉਂਦੀਆਂ ਹਨ।

ਵਾਸਤਵ ਵਿਚ ਬ੍ਰਹਿਮੰਡ ਦੀ ਬੁਨਿਆਦੀ ਚੂਲ ਹੀ ਚਲਾਇਮਾਨਤਾ ਹੈ। ਚਲਾਇਮਾਨਤਾ ਮੌਤ ਜਾਂ ਰੂਪ-ਪਰਿਵਰਤਨ ਦੀ ਪ੍ਰਤੀਕ ਨਹੀਂ ਸਗੋਂ ਨਿਰੰਤਰ ਗਤੀ ਸੂਚਕ ਹੈ। ਬ੍ਰਹਿਮੰਡ ਵਿਚ ਵਿਆਪਕ ਚਲਾਇਮਾਨਤਾ ਫਰੀਦ ਜੀ ਨੂੰ ਵਿਰਕਤ ਬਣਾ ਦੇਂਦੀ ਹੈ। ਉਹ ਜਗਤ ਵਿਚ ਵਿਚਰਦਿਆਂ 'ਕਮਲ ਵਾਂਗ ਨਿਰਾਲਮ' ਹੋ ਜਾਂਦੇ ਹਨ। ਸੰਸਾਰਕ ਵਿਸ਼ਿਆਂ ਤੋਂ ਵਿਰਕਤੀ ਉਨ੍ਹਾਂ ਨੂੰ ਵੈਰਾਗੀ ਬਣਾ ਦੇਂਦੀ ਹੈ।"[੨]

ਭਗਤ ਸ਼ੇਖ ਫਰੀਦ ਜੀ ਦੀ ਬਾਣੀ ਜੀਵਨ ਦੇ ਅਨੇਕਾਂ ਰੰਗ ਵਿਖਾਉਂਦੀ ਹੋਈ ਮਨੁੱਖੀ ਜੀਵਨ ਵਿਚ ਨੈਤਿਕਤਾ ਦਾ ਸਬਰ ਸੰਤੋਖ, ਹਲੀਮੀ, ਸਹਿਣਸ਼ੀਲਤਾ ਅਜਿਹੇ ਵੱਡੇ ਧਰਾਤਲਾਂ ਨੂੰ ਵੀ ਸ਼ਬਦ ਦੀ ਮਿਹਰ ਕਰਦੇ ਹਨ ਕਿ ਮਨੁੱਖ ਨੂੰ ਕਿਸੇ ਦੇ ਗੁਣ, ਔਗੁਣਾਂ ਦੀ ਅਲੋਚਨਾ ਨਹੀਂ ਕਰਨੀ ਚਾਹੀਦੀ ਸਗੋਂ ਆਪਣੇ ਵਜੂਦ ਵਿਚ ਉਤਰ ਕੇ ਸਰੀਰ, ਮਨ ਅਤੇ ਆਤਮਾ ਦੇ ਪੜਾਅ ਤਕ ਪੁੱਜਣਾ ਚਾਹੀਦਾ ਹੈ। ਉਸ ਦਾ ਜੀਵਨ ਸ਼ਾਨ-ਓ-ਸ਼ੌਕਤ, ਜੀਵਨ ਦੀ ਲਹਿਰ ਪਹਿਲ ਦੀ ਬਜਾਏ ਦਰਵੇਸ਼ੀ ਅਤੇ ਮੁਫ਼ਲਸੀ ਵਾਲਾ ਹੋਣਾ ਚਾਹੀਦਾ ਹੈ। ਬੰਦੇ ਵੱਲੋਂ ਕਿਸੇ ਲਈ ਸਰਬੱਤ ਦੇ ਭਲੇ ਦੀ ਅਰਦਾਸ ਵਰਗਾ ਸੁਨੇਹਾ ਉਸ ਦੇ ਦਿਲੋਂ ਨਿਕਲਣਾ ਚਾਹੀਦਾ ਹੈ। ਉਸ ਸੱਚੇ ਪ੍ਰੀਤਮ

ਦੇ ਲੜ ਲੱਗਿਆਂ ਰਾਹ ਵਿਚ ਪਈ ਦੱਬ ਅਤੇ ਨਿਮਾਣੀ ਮਿੱਟੀ ਦਾ ਰੂਪ ਬਣ ਜਾਣਾ ਚਾਹੀਦਾ ਹੈ। ਜੇ ਕੋਈ ਮਨੁੱਖ ਕਿਸੇ ਨੂੰ ਮਾਰੇ ਵੀ ਤਾਂ ਬਦਲੇ ਦੀ ਭਾਵਨਾ ਵਿਚ ਅਗਲੇ ਲਈ ਸੱਜਦਾ ਹੋ ਜਾਣਾ ਚਾਹੀਦਾ ਹੈ। ਇਹ ਸਭ ਸੰਦੇਸ਼ ਇਕ ਨੈਤਿਕਤਾ ਦਾ ਸਾਗਰ ਬਣ ਕੇ ਸਾਡੇ ਸਾਹਮਣੇ ਆਉਂਦੇ ਹਨ।

ਫਰੀਦ ਸਾਹਿਬ ਆਪਣੀ ਬਾਣੀ ਅੰਦਰ ਨੈਤਿਕਤਾ ਦੀ ਇਸ ਅਵਸਥਥਾ ਅਤੇ ਜਗਿਆਸਾ ਨੂੰ ਰੱਬੀ ਨਾਜ਼ਲਤਾ ਦੇ ਸ਼ਬਦ ਰਾਹੀਂ ਫੁਰਮਾਉਂਦੇ ਹਨ:

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥੬॥*
*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ॥*
*ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ॥੭॥* *(ਪੰਨਾ ੧੩੭੮)*
*-ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥*
*ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥੧੭॥* *(ਪੰਨਾ ੧੩੭੮)*
*-ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥*
*ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥੨੯॥* *(ਪੰਨਾ ੧੩੭੯)*

ਉਪਰੋਕਤ ਸਲੋਕਾਂ ਦੇ ਪ੍ਰਸੰਗ ਸੰਬੰਧੀ ਡਾ. ਜਸਬੀਰ ਸਿੰਘ ਦਾ ਕਹਿਣਾ ਹੈ ਕਿ:

"ਦੁਨੀਆਦਾਰ ਦੇ ਮੁਕਾਬਲੇ ਦਰਵੇਸ਼ ਦੇ ਜੀਵਨ ਨੂੰ ਉੱਚਿਤ ਮੰਨ ਕੇ ਸ਼ੇਖ ਫਰੀਦ ਨੇ ਮਨੁੱਖ ਲਈ ਅਧਿਆਤਮਕ ਸਿੱਧੀ ਦੇ ਆਦਰਸ਼ ਨੂੰ ਪ੍ਰਸਤੁਤ ਕੀਤਾ ਹੈ। ਨੀਤੀ-ਸ਼ਾਸਤਰ ਦੀ ਤਕਨੀਕੀ ਸ਼ਬਦਾਵਲੀ ਵਿਚ ਇਹ ਮਨੁੱਖੀ ਜੀਵਨ ਦਾ ਪਰਮ ਸ਼ੁਭ ਸਵੀਕਾਰ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਨਾਲ ਇਹ ਨੈਤਿਕਤਾ ਦੀ ਕਸਵੱਟੀ ਹੈ ਜਿਸ ਦੀ ਸਹਾਇਤਾ ਨਾਲ ਮਨੁੱਖ ਦੇ ਆਚਾਰ ਤੇ ਚਰਿੱਤਰ ਦੀ ਪਰਖ ਕੀਤੀ ਗਈ ਹੈ।[੩]

ਇਸ ਤਰ੍ਹਾਂ ਭਗਤ ਸ਼ੇਖ ਫਰੀਦ ਜੀ ਸਮੁੱਚੀ ਬਾਣੀ ਦੀ ਅੰਤਰੀਵੀ ਸੰਰਚਨਾ ਅੰਦਰ ਫਰੀਦ ਸਾਹਿਬ ਦੀ ਬਾਣੀ ਦਾ ਪ੍ਰਵਾਹ ਭੂਤਕਾਲ ਅਤੇ ਵਰਤਮਾਨ ਅਤੇ ਭਵਿੱਖ ਦੇ ਵੱਖ-ਵੱਖ ਪ੍ਰਸੰਗਾਂ ਵਿਚ ਸੰਵਾਦ ਰਚਾਉਂਦਿਆਂ ਹੋਇਆ ਹਕੀਕੀ ਅਤੇ ਦਰਵੇਸ਼ੀ ਦੇ ਗਾਡੀ ਰਾਹਾਂ ਉੱਤੇ ਚੱਲਣ ਦਾ ਸੰਦੇਸ਼ ਦਿੰਦੀ ਹੈ। ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵਿਚ ਸ਼ਰੀਅਤ ਦੇ ਨਿਯਮਾਂ ਵਿਚ ਰਹਿ ਕੇ ਰੱਬੀ ਸੰਦੇਸ਼, ਮੌਤ ਦੀ ਚੇਤਨਤਾ, ਨੈਤਿਕਤਾ ਦਾ ਇਲਮ, ਪ੍ਰਕਿਰਤੀ ਦੀ ਹਾਜ਼ਰੀ, ਬਿਰਧਪੁਣੇ ਦੀ ਅਵਸਥਾ, ਜਵਾਨੀ ਦਾ ਚਾਅ, ਸੁਹਾਗਣ ਦੀ ਅਵਸਥਾ, ਦੋਹਾਗਣ ਦਾ ਰੂਪ, ਕੁਦਰਤ ਦੇ ਦਿਲਕਸ਼ ਨਜ਼ਾਰੇ, ਪ੍ਰਕਿਰਤੀ ਦੀ ਬਦਲਣਾ, ਦਰਵੇਸ਼ ਦੀ ਅਵਸਥਾ, ਮੌਤ ਦੀ ਅਟੱਲਤਾ, ਬੰਦਗੀ ਦਾ ਮੰਡਲ, ਸਬਰ, ਸੰਤੋਖ, ਸੰਜਮ, ਸਹਿਣਸ਼ੀਲਤਾ, ਸ੍ਵੈ-ਅਲੋਚਨਾ, ਨਿਮਰਤਾ, ਮਿੱਠਤਤਾ ਆਦਿ ਸਭ ਸੰਕਲਪ ਦਾਰਸ਼ਨਿਕਤਾ ਦੀ ਇਕ ਅਵਸਥਾ ਬਣ ਜਾਂਦੇ ਹਨ।

**ਹਵਾਲੇ ਅਤੇ ਟਿੱਪਣੀਆਂ**


੧. ਡਾ. ਹਰਿਭਜਨ ਸਿੰਘ, *ਪਤਰਾਂਜਲੀ*, ਪੰਨਾ ੧-੨

੨. ਡਾ. ਗੁਰਨਾਮ ਕੌਰ, *ਗੁਰਮਤਿ ਦ੍ਰਿਸ਼ਟੀ* ਪੰਨਾ-੭੬

੩. ਡਾ. ਜੀਤ ਸਿੰਘ ਸੀਤਲ (ਸੰਪਾਦਕ), *ਸ਼ੇਖ ਫਰੀਦ ਖੋਜ ਪਤ੍ਰਿਕਾ:* ਬਾਬਾ ਫਰੀਦ ਵਿਸ਼ੇਸ਼ ਅੰਕ, ਪੰਨਾ ੧੫੯ ■

# ਭਗਤ ਸ਼ੇਖ ਫਰੀਦ ਜੀ: ਜੀਵਨ-ਚਿੰਤਨ

*-ਸ. ਗੁਰਮੁਖ ਸਿੰਘ ਰਾਹੀ**

ਇਸਲਾਮ ਧਰਮ ਅਰਬ ਦੇਸ਼ ਵਿਚ ਸਤਵੀਂ ਸਦੀ ਦੇ ਪਹਿਲੇ ਅੱਧ ਵਿਚ ਪੈਦਾ ਹੋਇਆ। ਇਸਲਾਮ ਧਰਮ ਵਿੱਚੋਂ ਇਕ ਲਹਿਰ ਪੈਦਾ ਹੋਈ ਜਿਸ ਨੂੰ ਸੂਫੀ ਮਤ ਦਾ ਨਾਮ ਦਿੱਤਾ ਗਿਆ। ਪਹਿਲਾਂ ਇਸ ਲਹਿਰ ਨੂੰ ਤਸੱਵੁਫ ਦੇ ਨਾਮ ਨਾਲ ਪੁਕਾਰਿਆ ਗਿਆ। ਸੂਫੀ ਮਤ ਨੂੰ ਇਸਲਾਮ ਦਾ ਰਹੱਸਵਾਦ ਵੀ ਕਿਹਾ ਜਾਂਦਾ ਹੈ। ਸੂਫ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ ਸ਼ੂਫ ਤੋਂ ਬਣਿਆ ਹੈ ਜਿਸਦਾ ਅਰਥ ਹੈ ਉਨ ਦੇ ਕੱਪੜੇ ਪਾਉਣ ਵਾਲਾ। ਸੂਫ ਨੂੰ ਈਰਾਨ ਵਿਚ ਪਸ਼ਮੀਨਾ ਵੀ ਕਹਿੰਦੇ ਹਨ। ਸੂਫੀ ਮਤ ਦੇ ਧਾਰਨੀ ਉਨ ਦੇ ਬਣੇ ਕੱਪੜੇ ਪਹਿਨਦੇ ਸਨ।

ਕੁਝ ਸਮੇਂ ਬਾਅਦ ਇਸਲਾਮ ਧਰਮ ਦੇ ਪ੍ਰਚਾਰ ਨੂੰ ਮੁੱਖ ਰੱਖਦੇ ਹੋਏ ਤੀਜੀ ਸਦੀ ਤਕ ਅੱਗੋਂ ਇਸ ਮਤ ਦੇ ਸਤ ਫਿਰਕੇ ਬਣ ਗਏ। ਇਨ੍ਹਾਂ ਵਿੱਚੋਂ ਭਾਰਤ ਵਿਚ ਇਹ ਚਾਰ ਫਿਰਕੇ ਉੱਘੇ ਤੇ ਨਾਮੀ ਸਨ-ਚਿਸ਼ਤੀ, ਸੁਹਰਵਰਦੀ, ਕਾਦਰੀ ਅਤੇ ਨਕਸ਼ਬੰਦੀ। ਇਨ੍ਹਾਂ ਫਿਰਕਿਆਂ ਵਿੱਚੋਂ ਚਿਸ਼ਤੀ ਫਿਰਕਾ ਸਭ ਤੋਂ ਪਹਿਲਾਂ ਹੋਂਦ ਵਿਚ ਆਇਆ ਤੇ ਖਾਸ ਕਰਕੇ ਇਹੀ ਫਿਰਕਾ ਪੰਜਾਬ ਵਿਚ ਸਰਗਰਮ ਸੀ। ਚਿਸ਼ਤੀ ਫਿਰਕੇ ਦਾ ਨਾਮ ਖੁਰਾਸਾਨ ਦੇ ਇਲਾਕੇ ਚਿਸਤ ਤੋਂ ਹੋਂਦ ਵਿਚ ਆਇਆ ਲਗਦਾ ਹੈ। ਦਸਵੀਂ ਸਦੀ ਈਸਵੀ ਵਿਚ ਖੁਵਾਜਾ ਅਬੂ ਇਸਹਾਕ ਸਾਮੀ ਨੇ ਇਸ ਮਤ ਦੀ ਇੱਥੋਂ ਨੀਂਹ ਰੱਖੀ। ਦੋ ਸਾਲ ਦੇ ਅਰਸੇ ਪਿੱਛੋਂ ਇਸ ਫਿਰਕੇ ਦਾ ਆਗਮਨ ਭਾਰਤ ਵਿਚ ਹੋਇਆ। ਖਵਾਜ਼ਾ ਮੁਈਨ-ਉ-ਦੀਨ ਜੀ ਚਿਸ਼ਤੀ ਸੀਸਤਾਨ ਵਾਲੇ ੧੧੯੨ ਈ. ਵਿਚ ਸਾਹਬ-ਉ-ਦੀਨ ਗੋਰੀ ਦੀ ਫੌਜ ਦੇ ਨਾਲ ਦਿੱਲੀ ਆਏ ਤੇ ਫਿਰ ਅਜਮੇਰ ਚਲੇ ਗਏ। ਅਜਮੇਰ ਸੂਫੀ ਮਤ ਦਾ ਪਹਿਲਾ ਕੇਂਦਰ ਬਣ ਗਿਆ। ਦੂਸਰਾ ਕੇਂਦਰ ਦਿੱਲੀ ਬਣਿਆ। ਖਵਾਜ਼ਾ ਮੁਈਨ-ਉ-ਦੀਨ ਦੇ ਮੁਰੀਦ ਖਵਾਜ਼ਾ ਕੁਤਬ-ਉ-ਦੀਨ ਜੋ ਕਿ ਮੁਰਸ਼ਦ ਮੁਈਨ-ਉ-ਦੀਨ ਦੇ ਨਾਲ ਹੀ ਭਾਰਤ ਆਏ ਸਨ ਤੇ ਜੋ ਦਿੱਲੀ ਵਾਲੇ ਕੇਂਦਰ ਦੇ ਮੁਖੀਆ ਸਨ। ਬਾਬਾ ਫਰੀਦ ਜੀ ਸ਼ੱਕਰਗੰਜ ਅੱਗੋਂ ਖਵਾਜ਼ਾ ਕੁਤਬ-ਉ-ਦੀਨ ਬਖਤਿਆਰ ਕਾਕੀ ਜੀ ਦਿੱਲੀ ਵਾਲਿਆਂ ਦੇ ਮੁਰੀਦ ਸਨ।

ਭਗਤ ਸ਼ੇਖ ਫਰੀਦ ਜੀ ਦੇ ਵੱਡੇ-ਵਡੇਰੇ ਗ਼ਜ਼ਨੀ ਦੇ ਰਹਿਣ ਵਾਲੇ, ਇਸਲਾਮ ਨੂੰ ਮੰਨਣ ਵਾਲੇ ਤੇ ਸੂਫੀ ਫਕੀਰ ਸਨ। ਉਨ੍ਹਾਂ ਦੇ ਕਾਬਲ ਤੇ ਈਰਾਨ ਦੇ ਬਾਦਸ਼ਾਹ ਨਾਲ ਕਰੀਬੀ ਸੰਬੰਧ ਸਨ ਤੇ ਉਨ੍ਹਾਂ 'ਚੋਂ ਇੱਕ ਗ਼ਜ਼ਨੀ ਦੇ ਬਾਦਸ਼ਾਹ ਦਾ ਭਰਾ ਸੀ। ਇਨ੍ਹਾਂ ਦੇ ਵਡੇਰਿਆਂ 'ਚੋਂ ਇਕ ਇਬ੍ਰਾਹੀਮ ਨਾਮੀ ਬਲਖ ਦਾ ਬਾਦਸ਼ਾਹ ਬਣਿਆ। ਭਗਤ ਸ਼ੇਖ ਫਰੀਦ ਜੀ ਦੇ ਦਾਦਾ ਜੀ ਕਾਜ਼ੀ ਸੁਐਬ ਸ਼ਾਹੀ ਖ਼ਾਨਦਾਨ ਨਾਲ ਸੰਬੰਧਿਤ ਤੇ ਅਰਬੀ ਫ਼ਾਰਸੀ ਦੇ ਉੱਘੇ ਵਿਦਵਾਨ ਸਨ। ੧੧੨੫ ਈ. ਵਿਚ ਕਾਬਲ ਤੇ ਗਜ਼ਨੀ ਵਿਚਕਾਰ ਛਿੜੀ ਜੰਗ ਸਮੇਂ ਉਥੋਂ ਦੇ ਰਾਜਸੀ ਹਾਲਾਤ ਠੀਕ ਨਾ

**ਸੁਪਰਵਾਈਜ਼ਰ, ਗੋਲਡਨ ਆਫਸੈੱਟ ਪ੍ਰੈੱਸ, ਗੁ. ਰਾਮਸਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੮੮੮੪-੫੧੫੯੩*

ਹੋਣ ਕਰਕੇ ਆਪ ਪੰਜਾਬ ਆ ਗਏ। ਪਹਿਲਾਂ ਇਹ ਲਾਹੌਰ ਤੇ ਫਿਰ ਕੁਝ ਚਿਰ ਪਿੱਛੋਂ ਖੋਤਵਾਲ ਆ ਟਿਕੇ। ਉਰਦੂ ਫ਼ਾਰਸੀ ਦੀਆਂ ਕਿਤਾਬਾਂ ਵਿਚ ਨਾਮ ਵੱਖ-ਵੱਖ ਰੂਪਾਂ ਵਿਚ ਆਇਆ ਹੈ, ਜਿਵੇਂ ਕਿ ਖੋਤਵਾਸ, ਖਾਨੀਵਾਲ, ਖੁਤਵਾਲ ਖੋਤਵਾਲ, ਕਾਹਿਤਵਾਲ, ਕਹਤਵਾਲ, ਕੋਠੀਵਾਲ, ਕੋਥੀਵਾਲ ਆਦਿ। ਭਗਤ ਸ਼ੇਖ ਫਰੀਦ ਜੀ ਦੇ ਵਡੇਰੇ ਇਸਲਾਮ ਦੇ ਧਾਰਨੀ ਤੇ ਉੱਘੇ ਸੂਫੀ ਫਕੀਰ ਸਨ।

ਭਗਤ ਸ਼ੇਖ ਫਰੀਦ ਜੀ ਦੇ ਦਾਦਾ ਜੀ ਨੂੰ ਕਸੂਰ ਦੇ ਕਾਜ਼ੀ ਨੇ ਖੋਤਵਾਲ ਦਾ ਕਾਜ਼ੀ ਲਗਵਾ ਦਿੱਤਾ। ਕਾਜ਼ੀ ਸੁਐਬ ਜੀ ਦੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਜਾਣ ਪਿੱਛੋਂ ਸ਼ੇਖ ਜਮਾਲ-ਉ-ਦੀਨ ਸੁਲੇਮਾਨ ਖੋਤਵਾਲ ਦੇ ਕਾਜ਼ੀ ਮੁਕੱਰਰ ਕੀਤੇ ਗਏ।

ਭਗਤ ਸ਼ੇਖ ਫਰੀਦ ਜੀ ਕਾਜ਼ੀ ਸੁਐਬ ਜੀ ਦੇ ਪੁੱਤਰ ਸ਼ੇਖ ਜਮਾਲ-ਉ-ਦੀਨ ਸੁਲੇਮਾਨ ਦੇ ਘਰ ਮਾਤਾ ਕੁਰਸੂਮ (ਮਰੀਅਮ) ਜੀ ਜੋ ਕਿ ਖੋਤਵਾਲ ਦੇ ਕਾਜ਼ੀ ਸ਼ੇਖ ਵਜ਼ੀਰ-ਉ-ਦੀਨ ਖੋਜੰਦੀ ਦੀ ਬੇਟੀ ਸੀ, ਦੀ ਕੁੱਖੋਂ ੧੧੭੩ ਈ. (ਬਿਕ੍ਰਮੀ ੧੨੩੦) ਮੁਤਾਬਿਕ ੫੬੯ ਹਿਜ਼ਰੀ ਵਿਚ ਪਿੰਡ ਕਹਤਵਾਲ (ਖੋਤਵਾਲ) ਜ਼ਿਲ੍ਹਾ ਦੀਪਾਲਪੁਰ, ਮੁਲਤਾਨ ਵਿਖੇ ਹੋਇਆ। ਬੀਬੀ ਕੁਰਸੂਮ ਨੂੰ ਹਜ਼ਰਤ ਮੁਹੰਮਦ ਸਾਹਿਬ ਦੇ ਘਰਾਣੇ ਨਾਲ ਸਬੰਧ ਰੱਖਦੇ ਹੋਣ ਕਰਕੇ ਬੀਬੀ ਮਰੀਅਮ ਦੇ ਨਾਮ ਨਾਲ ਵੀ ਬੁਲਾਇਆ ਜਾਂਦਾ ਸੀ।

ਡਾ. ਦੀਵਾਨ ਸਿੰਘ ਦੇ ਅਨੁਸਾਰ, " ਫਰੀਦ-ਉ-ਦੀਨ ਮਸਊਦ ਸੰਨ ੧੧੭੩ ਈ. ਅਰਥਾਤ ੫੬੯ ਹਿਜ਼ਰੀ ਸੰਨ ਦੇ ਰਮਜ਼ਾਨ ਦੇ ਮਹੀਨੇ ਦੀ ਪਹਿਲੀ ਤਰੀਖ ਨੂੰ ਪਿੰਡ ਖੋਤਵਾਲ(ਕੋਠੀਵਾਲ) ਜੋ ਦੀਪਾਲਪੁਰ ਦੇ ਨੇੜੇ ਹੈ ਤੇ ਅੱਜ ਕਲ੍ਹ ਚਾਵਲੀ ਮੁਸਾਇਖ ਅਖਵਾਉਂਦਾ ਹੈ, ਵਿਖੇ ਪੈਦਾ ਹੋਏ। ਇਹ ਪਿੰਡ ਉਸ ਵੇਲੇ ਸੂਬਾ ਮੁਲਤਾਨ ਵਿਚ ਸੀ। " ਬਾਬਾ ਫਰੀਦ ਜੀ ਦਾ ਇਕ ਵੱਡਾ ਭਾਈ ਈਜਦ-ਉ-ਦੀਨ ਮਹਿਮੂਦ ਤੇ ਇਕ ਛੋਟਾ ਭਰਾ ਨਜੀਬ-ਉ-ਦੀਨ ਮਹਿਮੂਦ ਸੀ ਤੇ ਇਕ ਭੈਣ ਵੀ ਸੀ।

ਬੀਬੀ ਕੁਰਸੂਮ ਜੀ ਇਕ ਧਾਰਮਿਕ ਬਿਰਤੀ ਵਾਲੀ ਇਸਤਰੀ ਸੀ। ਭਗਤ ਸ਼ੇਖ ਫਰੀਦ ਜੀ ਨੇ ਮੁੱਢਲੀ ਵਿੱਦਿਆ ਆਪਣੇ ਦਾਦਾ ਜੀ ਤੋਂ ਪ੍ਰਾਪਤ ਕੀਤੀ। ਕਿਹਾ ਜਾਂਦਾ ਕਿ ਬੱਚਿਆਂ ਦੀ ਸਫਲਤਾ ਪਿੱਛੇ ਮਾਤਾਵਾਂ ਦਾ ਵੱਡਾ ਹੱਥ ਹੁੰਦਾ ਹੈ। ਇਸੇ ਤਰ੍ਹਾਂ ਹੀ ਭਗਤ ਸ਼ੇਖ ਫਰੀਦ ਜੀ ਨੇ ਵੀ ਇਸਲਾਮ ਧਰਮ ਦੀ ਧਾਰਮਿਕ ਵਿੱਦਿਆ ਆਪਣੀ ਮਾਤਾ ਜੀ ਤੋਂ ਹੀ ਪ੍ਰਾਪਤ ਕੀਤੀ। ਪੁਰਾਤਨ ਸਾਖੀਆਂ ਵਿਚ ਆਉਂਦਾ ਹੈ ਕਿ ਮਾਤਾ ਜੀ ਭਗਤ ਜੀ ਦੇ ਮੁਸੱਲੇ (ਨਮਾਜ਼ ਪੜ੍ਹਣ ਵੇਲੇ ਬੈਠਣ ਲਈ ਵਿਛਾਈ ਗਈ ਚਿਟਾਈ) ਹੇਠ ਸ਼ੱਕਰ ਰੱਖ ਦਿਆ ਕਰਦੇ ਸਨ। ਜਦੋਂ ਭਗਤ ਸ਼ੇਖ ਫਰੀਦ ਜੀ ਨਮਾਜ਼ ਅਦਾ ਕਰ ਲੈਂਦੇ ਸਨ ਤਾਂ ਮਾਤਾ ਜੀ ਉਹ ਸ਼ੱਕਰ ਭਗਤ ਸ਼ੇਖ ਫਰੀਦ ਜੀ ਨੂੰ ਖਾਣ ਲਈ ਦੇ ਦੇਂਦੇ ਤੇ ਕਹਿੰਦੇ ਕਿ ਖੁਦਾ ਨੇ ਤੇਰੀ ਨਮਾਜ਼ ਤੋਂ ਖੁਸ਼ ਹੋ ਕਿ ਤੇਰੇ ਲਈ ਸ਼ੱਕਰ ਭੇਜੀ ਹੈ, ਸੋ ਇਸ ਤਰ੍ਹਾਂ ਭਗਤ ਸ਼ੇਖ ਫਰੀਦ ਜੀ ਬਿਨਾ ਨਾਗਾ ਹਰ ਰੋਜ਼ ਨਮਾਜ਼ ਅਦਾ ਕਰਦੇ। ਮਾਤਾ ਜੀ ਦੀ ਯੋਗ ਤੇ ਸੁਚੱਜੀ ਅਗਵਾਈ ਕਰਕੇ ਭਗਤ ਜੀ ਪੱਕੇ ਨਿਮਾਜ਼ੀ ਬਣ ਗਏ। ਬਾਬਾ ਜੀ ਦੇ ਨਾਮ ਨਾਲ ਮਿੱਠ-ਬੋਲੜੇ ਤੇ ਸ਼ੱਕਰ ਵਰਗੇ ਸੁਭਾਓ ਦੇ ਕਾਰਨ ਸ਼ਕਰਗੰਜ ਤਖੱਲੁਸ ਹਮੇਸ਼ਾਂ ਲਈ ਜੁੜ ਗਿਆ। ਹੁਣ ੧੫-੧੬ ਸਾਲ ਦੀ ਉਮਰ ਵਿਚ ਭਗਤ ਸ਼ੇਖ ਫਰੀਦ

ਜੀ ਨੇ ਪਿੰਡ ਦੀ ਹੀ ਮਸੀਤ ਵਿੱਚੋਂ ਮੁੱਲਾਂ ਸੱਯਦ ਨਜ਼ੀਰ ਅਹਿਮਦ ਤੋਂ ਅਰਬੀ ਤੇ ਫ਼ਾਰਸੀ ਦੀ ਤਾਲੀਮ ਹਾਸਲ ਕੀਤੀ। ਕਿਹਾ ਜਾਂਦਾ ਹੈ ਕਿ ਭਗਤ ਸ਼ੇਖ ਫਰੀਦ ਜੀ ਨੇ ੧੬ ਸਾਲ ਦੀ ਉਮਰ ਵਿਚ ਆਪਣੇ ਉਸਤਾਦ ਸੱਯਦ ਨਜ਼ੀਰ ਅਹਿਮਦ ਤੇ ਮਾਤਾ-ਪਿਤਾ ਨਾਲ ਮੱਕੇ ਹੱਜ਼ ਵੀ ਕੀਤਾ।

ਭਗਤ ਸ਼ੇਖ ਫਰੀਦ ਜੀ ਉਚੇਰੀ ਵਿੱਦਿਆ ਲਈ ਮੁਲਤਾਨ ਚਲੇ ਗਏ। ਮੌਲਵੀ ਮਿਨਹਾਸਦੀਨ ਦੇ ਮਦਰੱਸੇ (ਮਸੀਤ) ਵਿਚ ਪੜ੍ਹਣਾ ਅਰੰਭ ਕੀਤਾ। ਭਗਤ ਸ਼ੇਖ ਫਰੀਦ ਜੀ ਨੇ ਰੂਹਾਨੀ ਵਿੱਦਿਆ, ਮੁਲਤਾਨ ਦੇ ਸ਼ੇਖ ਬਹਾ-ਉ-ਦੀਨ ਜ਼ਕਰੀਆ ਜੀ (ਜੋ ਕਿ ਭਗਤ ਫਰੀਦ ਜੀ ਦਾ ਫੁਫੇਰਾ ਭਰਾ ਤੇ ਅਬਦੁਲ ਕਾਦਰ ਜ਼ੀਲਾਨੀ ਜੋ ਕਿ ਕਾਦਰੀ ਫਿਰਕੇ ਦਾ ਬਾਨੀ ਸੀ ਦਾ ਦੋਹਤਰਾ ਸੀ ਤੇ ਮੁਲਤਾਨ ਦਾ ਪ੍ਰਸਿੱਧ ਸੂਫੀ ਸਾਧਕ ਸੀ। ਜੋ ਸਾਧਨਾ ਤੇ ਤਪ ਕਰਕੇ ਮਖ਼ਦੂਮ-ਏ-ਆਲਮ ਕਰਕੇ ਪ੍ਰਸਿਧ ਸੀ) ਤੋਂ ਪ੍ਰਾਪਤ ਕੀਤੀ।

ਮੌਲਾਨਾ ਮਿਨਹਾਸਦੀਨ ਤਿਰਮੀਦੀ ਤੋਂ ਅਰਬੀ, ਫਾਰਸੀ ਦੀ ਉੱਚ ਵਿੱਦਿਆ ਤੇ ਧਾਰਮਿਕ ਵਿੱਦਿਆ ਦੀ ਤਾਲੀਮ ਹਾਸਲ ਕੀਤੀ। ਜਲਦੀ ਹੀ ਸਾਰਾ ਕੁਰਾਨ ਸ਼ਰੀਫ਼ ਜ਼ੁਬਾਨੀ ਯਾਦ ਕਰ ਲਿਆ। ਆਪ ਰੋਜ਼ਾਨਾ ਕੁਰਾਨ ਸ਼ਰੀਫ ਦਾ ਇਕ ਪਾਠ ਜ਼ੁਬਾਨੀ ਕਰਦੇ ਸਨ। ਇਸਲਾਮ ਧਰਮ ਵਿਚ ਜਿਸ ਨੂੰ ਪੂਰਾ ਕੁਰਾਨ ਸ਼ਰੀਫ ਯਾਦ ਹੋਵੇ ਉਸ ਨੂੰ ਹਾਫ਼ਿਜ਼ ਕਿਹਾ ਜਾਂਦਾ ਸੀ।

ਮੁਲਤਾਨ ਵਿਚ ਹੀ ਭਗਤ ਸ਼ੇਖ ਫਰੀਦ ਜੀ ਦਾ ਮੇਲ ੧੮ ਸਾਲ ਦੀ ਉਮਰ ਵਿਚ ਸੂਫੀ ਫਕੀਰ ਖਵਾਜ਼ਾ ਸ਼ੇਖ ਕੁਤਬ-ਉ-ਦੀਨ ਬਖਤਿਆਰ ਕਾਕੀ ਜੀ ਨਾਲ ਹੋਇਆ। ਖਵਾਜ਼ਾ ਬਖਤਿਆਰ ਕਾਕੀ ਜੀ ਆਪਣੇ ਨਜ਼ਦੀਕੀ ਮਿੱਤਰ ਸ਼ੇਖ ਬਹਾ-ਉ-ਦੀਨ ਜ਼ਕਰੀਆ ਜੀ ਨੂੰ ਮਿਲਣ ਮਦਰੱਸੇ ਵਿਚ ਆਏ ਸਨ। ਭਗਤ ਜੀ ਨੇ ਇਨ੍ਹਾਂ ਨੂੰ ਆਪਣਾ ਮੁਰਸ਼ਦ ਧਾਰਨ ਕਰ ਲਿਆ। ਮੁਰਸ਼ਦ ਜੀ ਨਾਲ ਹੀ ਭਗਤ ਫਰੀਦ ਜੀ ਵੀ ਦਿੱਲੀ ਆ ਗਏ।

ਮੁਰਸ਼ਦ ਬਖਤਿਆਰ ਕਾਕੀ ਜੀ ਸ਼ਾਹੀ ਕਾਜ਼ੀ ਸਨ, ਉਨ੍ਹਾਂ ਦੇ ਯਤਨਾਂ ਸਦਕਾ ਭਗਤ ਸ਼ੇਖ਼ ਫਰੀਦ ਜੀ ਦੀ ਸ਼ਾਦੀ ਬੀਬੀ ਹਜ਼ਬਰਾ ਜੀ ਨਾਲ ਹੋਈ ਜੋ ਕਿ ਗੁਲਾਮ ਵੰਸ਼ ਦੇ ਸੁਲਤਾਨ ਗਿਆਸ-ਉ-ਦੀਨ ਬਲਬਨ ਦੀ ਪੁਤਰੀ ਸੀ। ਭਗਤ ਸ਼ੇਖ ਫਰੀਦ ਜੀ ਦੇ ਘਰ ਪੰਜ ਪੁੱਤਰਾਂ ਨੇ ਜਨਮ ਲਿਆ। ਜਿਨ੍ਹਾਂ ਦੇ ਨਾਮ- ਸ਼ਹਾਬ-ਉ-ਦੀਨ, ਬਦਰ-ਉ-ਦੀਨ, ਨਿਜ਼ਾਮ-ਉ-ਦੀਨ, ਯਾਕੂਬ ਤੇ ਅਬਦੁੱਲਾ ਸਨ। ਭਗਤ ਸ਼ੇਖ ਫਰੀਦ ਜੀ ਦੀਆਂ ਤਿੰਨ ਧੀਆਂ- ਫਾਤਿਮਾ, ਮਸਤੂਰਾ ਤੇ ਸਰੀਫਾਂ ਵੀ ਸਨ।

ਭਗਤ ਸ਼ੇਖ ਫਰੀਦ ਜੀ ਕਾਫੀ ਅਰਸਾ ਦਿੱਲੀ ਮੁਰਸ਼ਦ ਦੀ ਸੇਵਾ ਵਿਚ ਹਾਜ਼ਰ ਰਹੇ। ਭਗਤ ਸ਼ੇਖ ਫਰੀਦ ਜੀ ਦੀ ਪ੍ਰਭੂ ਭਗਤੀ, ਨਿਮਰਤਾ, ਰਸਨਾ ਦੀ ਮਿਠਾਸ, ਤੇ ਆਗਿਆਕਰਤਾ ਨੇ ਮੁਰਸ਼ਦ ਦਾ ਮਨ ਮੋਹ ਲਿਆ। ਮੁਰਸ਼ਦ ਨੇ ਘੁੱਟ ਕੇ ਭਗਤ ਸ਼ੇਖ ਫਰੀਦ ਜੀ ਨੂੰ ਸੀਨੇ ਨਾਲ ਲਾਇਆ। ਉਨ੍ਹਾਂ ਹੁਣ ਦੇਖਿਆ ਕਿ ਅਜ਼ਮੇਰ ਵਿਚ ਤਾਂ ਰੱਬੀ ਗਿਆਨ ਦਾ ਪ੍ਰਚਾਰ ਖਵਾਜ਼ਾ ਚਿਸ਼ਤੀ ਜੀ ਕਰ ਹੀ ਰਹੇ ਸਨ। ਇਸ ਲਈ ਖਵਾਜ਼ਾ ਸ਼ੇਖ ਕੁਤਬ-ਉ-ਦੀਨ ਬਖਤਿਆਰ ਕਾਕੀ ਜੀ ਨੇ ਆਪਣਾ ਅਸ਼ੀਰਵਾਦ ਦੇ ਕੇ ਕਿਹਾ ਕਿ ਬੇਟਾ, "ਹੁਣ ਲੋਕਾਂ ਦੀ ਭਲਾਈ ਲਈ

ਪ੍ਰਚਾਰ ਕਰੋ। ਲੋਕਾਂ ਨੂੰ ਰੱਬੀ ਗਿਆਨ ਦੇ ਕੇ ਅਗਿਆਨਤਾ ਦੇ ਹਨ੍ਹੇਰੇ ਵਿੱਚੋਂ ਕੱਢ ਕੇ ਸੱਚ ਦੇ ਮਾਰਗ ਪਾਵੋ। ਮੁਰਸ਼ਦ ਜੀ ਨੇ ਇਸ ਕਾਰਜ ਲਈ ਭਗਤ ਸ਼ੇਖ ਫਰੀਦ ਜੀ ਨੂੰ ਪੰਜਾਬ ਵੱਲ ਤੋਰ ਦਿੱਤਾ। ਬਾਬਾ ਜੀ ਨੇ ਪਤਨੀ ਤੇ ਕੁਝ ਚੇਲਿਆਂ ਸਮੇਤ ਹਾਂਸੀ ਦੀ ਮਸੀਤ ਵਿਚ ਆਣ ਡੇਰੇ ਲਾਏ। ਆਪ ਏਥੇ ਕਾਫੀ ਅਰਸੇ ਤਕ ਰਹੇ। ਇੱਥੇ ਭਗਤ ਸ਼ੇਖ ਫਰੀਦ ਜੀ ੧੯-੨੦ ਸਾਲ ਪ੍ਰਭੂ ਭਗਤੀ ਵਿਚ ਲੀਨ ਰਹੇ। ਪੰਜਾਬ ਨਗਰ ਖੋਤਵਾਲ ਮੁਲਤਾਨ ਤੋਂ ਆਪਣੇ ਬਾਲ-ਪਰਵਾਰ ਨੂੰ ਇੱਥੇ ਹੀ ਬੁਲਾ ਲਿਆ। ਸੰਨ ੧੨੩੫-੩੬ ਈ. ਵਿਚ ਮੁਰਸ਼ਦ ਜੀ ਦੇ ਪ੍ਰਲੋਕ ਸਿਧਾਰ ਜਾਣ ਤੋਂ ਪਿੱਛੋਂ ਆਪ ਡੇਰੇ ਦੇ ਮੁਖੀ ਬਣੇ ਤੇ ਬਾਦਸ਼ਾਹ ਨੇ ਵੀ ਖਵਾਜ਼ਾ ਸ਼ੇਖ ਬਖਤਿਆਰ ਕਾਕੀ ਜੀ ਦੀ ਜਗ੍ਹਾ ਭਗਤ ਸ਼ੇਖ ਫਰੀਦ ਜੀ ਨੂੰ ਸਲਾਹਾਕਾਰ ਤੇ ਸ਼ਾਹੀ ਕਾਜ਼ੀ ਮੁਕੱਰਰ ਕਰ ਲਿਆ। ਪਰ ਰਾਜਨੀਤਕ ਕਾਰਨਾਂ ਕਰਕੇ ਤੇ ਡੇਰੇ ਵਿਚ ਭਾਰੀ ਗਿਣਤੀ ਵਿਚ ਲੋਕਾਂ ਦੀ ਆਵਾਜਾਈ ਕਰਕੇ ਕੁਝ ਚਿਰ ਪਿੱਛੋਂ ਆਪ ਫਿਰਕੇ ਦੀ ਜ਼ਿੰਮੇਵਾਰੀ ਬਦਰ-ਉ-ਦੀਨ ਗਜ਼ਨਵੀ ਨੂੰ ਦੇ ਕੇ ਹਾਂਸੀ ਆ ਗਏ। ਪਹਿਲਾਂ ਵਾਂਗ ਰੱਬ ਦੀ ਭਗਤੀ ਕਰਦੇ ਹੋਏ ਲੋਕਾਂ ਨੂੰ ਸਿੱਧੇ ਰਸਤੇ ਪਾਇਆ। ਕੁਝ ਅਰਸੇ ਬਾਅਦ ਇੱਥੋਂ ਦੀ ਵਾਗਡੋਰ ਚੇਲਿਆਂ ਨੂੰ ਸੌਂਪ ਪਰਵਾਰ ਇੱਥੇ ਹੀ ਛੱਡ, ਕੁਝ ਚੇਲਿਆਂ ਸਮੇਤ ਮੁਲਤਾਨ ਵੱਲ ਨੂੰ ਰਵਾਨਾ ਹੋ ਗਏ।

ਹਾਂਸੀ ਤੋਂ ਚੱਲ ਭਗਤ ਸ਼ੇਖ ਫਰੀਦ ਜੀ ਨੇ ਮੁਕਲਹਰ ਨਗਰ ਵਿਚ ਟਿਕਾਣਾ ਕੀਤਾ। ਜਿਸ ਨੂੰ ਕਿ ਰਾਜਾ ਮੋਕਲਦੇਵ ਨੇ ਵਸਾਇਆ ਸੀ। ਉਹ ਭਗਤ ਜੀ ਦੇ ਦਰਸ਼ਨ ਤੇ ਵਿਚਾਰ ਸੁਣ ਕੇ ਨਿਹਾਲ ਹੋ ਗਿਆ। ਉਸ ਨੇ ਨਗਰ ਦਾ ਨਾਮ ਭਗਤ ਸ਼ੇਖ ਫਰੀਦ ਜੀ ਦੇ ਨਗਰ ਵਿਚ ਆਉਣ ਕਰਕੇ ਫਰੀਦਕੋਟ ਰੱਖ ਦਿੱਤਾ।

ਡਾ. ਰਤਨ ਸਿੰਘ ਜੱਗੀ 'ਸਿੱਖ ਪੰਥ ਵਿਸ਼ਵਕੋਸ਼' ਵਿਚ ਜ਼ਿਕਰ ਕਰਦੇ ਹਨ, "ਫਰੀਦਕੋਟ ਪੰਜਾਬ ਦਾ ਇਕ ਜ਼ਿਲ੍ਹਾ ਨਗਰ ਜਿਸ ਨੂੰ ਬਾਰ੍ਹਵੀਂ ਸਦੀ ਦੇ ਅੰਤ ਵਿਚ ਰਾਜਾ ਮੋਕਲਦੇਵ ਨੇ ਵਸਾਇਆ ਸੀ ਅਤੇ ਨਾਂ ਮੋਕਲਦੇਵ ਨਗਰ ਜਾਂ ਮੋਕਲਹਰ ਰੱਖਿਆ ਸੀ। ਪਰ ਜਦ ਇਸ ਨਗਰ ਵਿਚ ਭਗਤ ਸ਼ੇਖ ਫਰੀਦ ਜੀ ਦਾ ਆਗਮਨ ਹੋਇਆ ਅਤੇ ਰਾਜੇ ਨੇ ਭਗਤ ਸ਼ੇਖ ਫਰੀਦ ਜੀ ਦੇ ਸਤਿਕਾਰ ਵਜੋਂ ਆਪਣੇ ਨਗਰ ਦਾ ਨਾਂ ਫਰੀਦਕੋਟ ਰੱਖ ਦਿੱਤਾ।" ਇੱਥੇ ਭਗਤ ਸ਼ੇਖ ਫਰੀਦ ਜੀ ਦੀ ਯਾਦ ਵਿਚ ਦੋ ਗੁਰਦੁਆਰਾ ਸਾਹਿਬ- ਗੋਦੜੀ ਸਾਹਿਬ ਤੇ ਟਿੱਲ੍ਹਾ ਸਾਹਿਬ ਸੁਸ਼ੋਭਿਤ ਹਨ।

'ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ, "ਮੋਕਲ ਨਗਰ ਰਾਜਾ ਮੋਕਲਦੇਵ ਨੇ ਬਿਕ੍ਰਮੀ ਬਾਰ੍ਹਵੀਂ ਸਦੀ ਦੇ ਅੰਤ ਵਿਚ ਵਸਾਇਆ, ਪਰ ਫਰੀਦ ਜੀ ਦੇ ਚਰਨ ਪਾਉਣ ਸਮੇਂ ਰਾਜੇ ਨੇ ਆਪਣਾ ਨਾਉਂ ਹਟਾ ਕੇ ਦਰਵੇਸ਼ ਦੇ ਨਾਉਂ ਪੁਰ ਨਗਰ ਦਾ ਨਾਉਂ ਰੱਖਿਆ।

ਮੋਕਲ ਨਗਰ (ਫਰੀਦਕੋਟ) ਤੋਂ ਭਗਤ ਸ਼ੇਖ ਫਰੀਦ ਜੀ ਨੇ ਦਰਿਆ ਸਤਲੁਜ ਪਾਰ ਕਰ ਦਰਿਆ ਦੇ ਕੰਢੇ 'ਤੇ ਪਾਕਪਤਨ (ਪਾਕਪਟਨ) ਅਜੋਧਨ ਪਹੁੰਚੇ। ਖਾਲੀ ਮਸੀਤ ਵੇਖ ਆਣ ਡੇਰਾ ਲਾਇਆ। ਰੱਬ ਦੀ ਬੰਦਗੀ ਕਰਨ ਲੱਗੇ। ਭਗਤ ਸ਼ੇਖ ਫਰੀਦ ਜੀ ਦੇ ਮਿੱਠੇ 'ਤੇ ਮਨ ਨੂੰ ਮੋਹ ਲੈਣ ਵਾਲੇ ਬਚਨ ਸੁਣ ਭਾਰੀ ਗਿਣਤੀ ਵਿਚ ਲੋਕਾਂ ਦਾ ਇੱਕਠ ਹੋਣ ਲੱਗਾ।

ਅਜੋਧਨ ਦੇ ਕਾਜ਼ੀ ਨੇ ਆਪਣਾ ਕਾਰੋਬਾਰ ਬੰਦ ਹੁੰਦਾ ਵੇਖ ਮੁਲਤਾਨ ਦੇ ਵੱਡੇ ਕਾਜ਼ੀ ਨੂੰ ਇਕ ਪੱਤਰਕਾ ਲਿਖ ਭੇਜੀ ਤੇ ਕਿਹਾ, "ਭਗਤ ਸ਼ੇਖ ਫਰੀਦ ਨਾਮ ਦਾ ਇਕ ਫੱਕਰ ਅਜੋਧਨ ਵਿਚ ਆ ਕੇ ਲੋਕਾਂ ਨੂੰ ਕੁਰਾਹੇ ਪਾ ਰਿਹਾ ਹੈ। ਇਸ ਤਰ੍ਹਾਂ ਇਸਲਾਮ ਨੂੰ ਭਾਰੀ ਠੇਸ ਪਹੁੰਚ ਰਹੀ ਹੈ।" ਜਦੋਂ ਮੁਲਤਾਨ ਦੇ ਵੱਡੇ ਕਾਜ਼ੀ ਨੇ ਪੱਤਰ ਪੜ੍ਹਿਆ ਤਾਂ ਉਸ ਦਾ ਸਿਰ ਸ਼ਰਧਾ ਨਾਲ ਝੁਕ ਗਿਆ।" ਮੁਲਤਾਨ ਦੇ ਕਾਜ਼ੀ ਨੇ ਸ਼ਰਧਾ ਵੱਸ ਹੋ ਜੁਆਬ ਲਿਖ ਭੇਜਿਆ, "ਉਹ ਖੁਦਾ ਦਾ ਸੱਚਾ ਮਿੱਤਰ ਹੈ, ਉਸ ਨੂੰ ਨਾ ਰੋਕਿਆ ਜਾਵੇ। ਉਹ ਪਰਮਾਤਮਾ ਨੂੰ ਪਹੁੰਚਿਆ ਹੋਇਆ ਫਕੀਰ ਹੈ।" ਚਿੱਠੀ ਪੜ੍ਹ ਅਜੋਧਨ ਦਾ ਕਾਜ਼ੀ ਸ਼ਰਮਸਾਰ ਹੋ ਗਿਆ। ਇਸ ਤੋਂ ਬਾਅਦ ਵੀ ਉਸ ਭਗਤ ਸ਼ੇਖ ਫਰੀਦ ਜੀ ਨੂੰ ਮਰਵਾਉਣ ਲਈ ਕਈ ਵਾਰ ਆਦਮੀ ਭੇਜੇ ਪਰ ਕੋਈ ਵਾਹ ਪੇਸ਼ ਨਾ ਜਾਂਦੀ ਵੇਖ ਭਗਤ ਸ਼ੇਖ ਫਰੀਦ ਜੀ ਦੇ ਚਰਨੀਂ ਆਣ ਢੱਠਾ। ਉਹ ਭਗਤ ਸ਼ੇਖ ਫਰੀਦ ਜੀ ਦਾ ਮੁਰੀਦ ਬਣ ਗਿਆ।

ਹੁਣ ਭਗਤ ਸ਼ੇਖ ਫਰੀਦ ਜੀ ਨੇ ਆਪਣਾ ਪਰਵਾਰ ਵੀ ਹਾਂਸੀ ਤੋਂ ਇੱਥੇ ਮੰਗਵਾ ਲਿਆ। ਭਗਤ ਜੀ ਕਾਫੀ ਅਰਸਾ ਇੱਥੇ ਪਰਮਾਤਮਾ ਦੀ ਬੰਦਗੀ ਵਿਚ ਲੀਨ ਰਹੇ। ਭਗਤ ਜੀ ਦੀ ਬੰਦਗੀ, ਸਾਦਾ, ਸੱਚਾ-ਸੁਚਾ ਜੀਵਨ, ਤੇ ਮਿੱਠ-ਬੋਲੜੇ ਸੁਭਾਅ ਦੇ ਕਾਰਨ ਲੋਕਾਂ ਦੇ ਮਨ ਕੀਲੇ ਜਾਂਦੇ ਸਨ। ਏਸੇ ਕਰਕੇ ਹੀ ਵੱਡੀ ਗਿਣਤੀ ਵਿਚ ਗੈਰ-ਮੁਸਲਿਮ ਵੀ ਭਗਤ ਸ਼ੇਖ ਫਰੀਦ ਜੀ ਦੇ ਮੁਰੀਦ ਬਣ ਗਏ।

ਭਗਤ ਸ਼ੇਖ ਫਰੀਦ ਜੀ ਨੇ ਇਕ ਪਰਮਾਤਮਾ ਦੇ ਪ੍ਰਚਾਰ ਲਈ ਕਈ ਖ਼ਲੀਫ਼ੇ ਵੀ ਥਾਪੇ। ਪ੍ਰਸਿੱਧ ਖ਼ਲੀਫ਼ੇ- ੧. ਸ਼ੇਖ ਜਮਾਲ-ਉ-ਦੀਨ ਹਾਂਸਵੀ (ਹਾਂਸੀ ਵਿਚ ਭਗਤ ਫਰੀਦ ਜੀ ਦੇ ਪਿਆਰੇ ਮੁਰੀਦ), ੨. ਸ਼ੇਖ ਨਜੀਬ-ਉ-ਦੀਨ ਮੁਤਵੱਕਿਲ, ਭਗਤ ਸ਼ੇਖ ਫਰੀਦ ਜੀ ਦਾ ਬੇਟਾ, ੩. ਮੌਲਾਨਾ ਬਦਰ-ਉ-ਦੀਨ ਇਸਹਾਕ, (ਭਗਤ ਸ਼ੇਖ ਫਰੀਦ ਜੀ ਦਾ ਜਵਾਈ), ੪. ਸ਼ੇਖ ਨਿਜ਼ਾਮ-ਉ-ਦੀਨ ਔਲੀਆ (ਭਗਤ ਸ਼ੇਖ ਫਰੀਦ ਜੀ ਪਿੱਛੋਂ ਚਿਸ਼ਤੀ ਫਿਰਕੇ ਦੇ ਗੱਦੀਦਾਰ), ੫. ਸ਼ੇਖ ਅਲੀ ਅਹਿਮਦ ਸਾਬਰ (ਚਿਸ਼ਤੀ ਫਿਰਕੇ ਦੀ ਸਾਬਰੀ ਸਾਖ ਦੇ ਮੋਢੀ) ਮੁਕਾਮ ਸਹਾਰਨਪੁਰ ਕਲੇਰ ਆਦਿ।

ਸੰਮਤ ੧੩੨੩ (੧੨੬੬ ਈ.) ੫ ਮੁਹੱਰਮ, ੬੬੪ ਹਿਜਰੀ ਨੂੰ ੯੩ ਸਾਲ ਦੀ ਉਮਰ ਵਿਚ ਭਗਤ ਸ਼ੇਖ ਫਰੀਦ ਜੀ ਅਜੋਧਨ ਪਾਕਪਟਨ ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਚ ਪ੍ਰਲੋਕ ਸਿਧਾਰ ਗਏ। ਇੱਥੇ ਹੀ ਆਪ ਜੀ ਨੂੰ ਦਫਨਾਇਆ ਗਿਅ। ਦੇਹਾਂਤ ਤੋਂ ਪਹਿਲਾਂ ਸ਼ੇਖ ਮੁਹੰਮਦ ਕਿਰਮਾਨੀ ਨੂੰ ਆਪਣਾ ਚੋਲਾ, ਆਸਾ ਤੇ ਚਟਾਈ ਦੇ ਦਿੱਤੀ ਤੇ ਫੁਰਮਾਇਆ ਕਿ ਇਹ ਵਸਤਾਂ, ਮੇਰੇ ਤੋਂ ਬਾਅਦ ਗੱਦੀ-ਨਸ਼ੀਨ ਸ਼ੇਖ਼ ਨਿਜ਼ਾਮ-ਉ-ਦੀਨ ਔਲੀਆ ਨੂੰ ਪਹੁੰਚਾ ਦਿੱਤੀਆਂ ਜਾਣ।

ਭਗਤ ਫਰੀਦ ਜੀ ਦਾ ਮਕਬਰਾ ਨਿਜਾਮ-ਉ-ਦੀਨ ਔਲੀਏ ਨੇ ਬਣਵਾਇਆ। ਏਥੇ ਹਰ ਸਾਲ ਮੁਹੱਰਮ ਦੇ ਮਹੀਨੇ ਕੁਰਾਨ ਸ਼ਰੀਫ ਦਾ ਸਾਰਾ ਕਲਾਮ ਪੜ੍ਹ ਕੇ ਭਗਤ ਸ਼ੇਖ ਫਰੀਦ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ। ਬੜਾ ਭਾਰੀ ਮੇਲਾ ਮਨਾਇਆ ਜਾਂਦਾ ਹੈ।

'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ, ਭਗਤ ਸ਼ੇਖ ਫਰੀਦ

ਜੀ ਦੀ ਬੰਸਾਵਲੀ ਇਉਂ ਹੈ:- "੧. ਸ਼ੇਖ ਜਮਾਲੁੱਦੀਨ, ੨. ਬਾਬਾ ਫਰੀਦੁਦੀਨ ਮਸਊਦ ਸ਼ਕਰਗੰਜ਼, ੩. ਦੀਵਾਨ ਬਦਰੁਦੀਨ ਸੁਲੈਮਾਨ, ੪. ਖਵਾਜ਼ਾ ਦੀਵਾਨ ਪੀਰ ਅਲਾਉਦੀਨ (ਮੌਜੇ ਦਰਯਾ), ੫. ਖਵਾਜਾ ਦੀਵਾਨ ਪੀਰ ਮੁਇਜ਼ੁੱਦੀਨ, ੬. ਖਵਾਜਾ ਦੀਵਾਨ ਪੀਰਫਜ਼ਲ, ੭. ਖਵਾਜਾ ਮੁਨੱਵਰਸ਼ਾਹ, ੮. ਦੀਵਾਨ ਪੀਰ ਬਹਾਉਦੀਨ (ਹਾਰੂੰ), ੯. ਦੀਵਾਨੇ ਸ਼ੇਖ ਅਹਮਦ ਸ਼ਾਹ, ੧੦. ਦੀਵਾਨ ਪੀਰ ਅਤਾਉੱਲਾ, ੧੧. ਖਵਾਜਾ ਸ਼ੇਖ ਮੁਹੰਮਦ, ੧੨. ਸ਼ੇਖਬ੍ਰਹਮ (ਇਬਰਾਹੀਮ)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਸ਼ੇਖ ਬ੍ਰਹਮ (ਸ਼ੇਖ ਇਬਰਾਹੀਮ ਜੀ) ਨਾਲ ਜਿਨ੍ਹਾਂ ਦੇ ਨਾਮ ਫਰੀਦ ਸਾਨੀ, ਬਲਰਾਜਾ, ਸਾਲਿਸ ਆਦਿਕ ਹਨ) ਦੋ ਵਾਰ ਹੋਈ, ਪੁਰਾਣੀਆਂ ਜਨਮ ਸਾਖੀਆਂ ਅਤੇ ਨਾਨਕ ਪ੍ਰਕਾਸ਼ ਵਿਚ ਭੀ ਸ਼ੇਖਬ੍ਰਹਮ ਦਾ ਹੀ ਨਾਮ ਆਉਂਦਾ ਹੈ।" ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਕਪਟਨ ਅਜੋਧਨ ਵਿਚ ਇਨ੍ਹਾਂ ਤੋਂ ਹੀ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਪ੍ਰਾਪਤ ਕੀਤੀ। ਪਿੱਛੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰਮਤਿ ਦੀ ਕਸੌਟੀ ਉੱਪਰ ਪਰਖ ਕੇ ਦਰਜ ਕੀਤਾ।

ਭਗਤ ਸ਼ੇਖ ਫਰੀਦ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚਾਰ ਸ਼ਬਦ ਦੋ ਰਾਗ ਆਸਾ ਤੇ ਦੋ ਰਾਗ ਸੂਹੀ ਵਿਚ ਦਰਜ ਹਨ। ਇਸ ਤੋਂ ਇਲਾਵਾ ੧੩੦ ਸਲੋਕ ਹਨ। ਜਿਨ੍ਹਾਂ ਵਿੱਚੋਂ ੧੧੨ ਸਲੋਕ ਭਗਤ ਸ਼ੇਖ ਫਰੀਦ ਜੀ ਦੀ ਰਚਨਾ ਹੈ ਅਤੇ ੧੮ ਸਲੋਕ ਗੁਰੂ ਸਾਹਿਬਾਨ ਜੀ ਦੇ ਲਿਖੇ ਹੋਏ ਹਨ।

ਭਗਤ ਸ਼ੇਖ ਫਰੀਦ ਜੀ ਨੇ ਆਪਣੀ ਬਾਣੀ ਵਿਚ ਜੀਵਨ ਦੀ ਸਚਾਈ ਦਰਸਾਈ ਹੈ। ਚੰਗੇ ਗੁਣਾਂ ਦੇ ਧਾਰਨੀ ਹੋਣ ਬਾਰੇ ਕਿਹਾ ਹੈ:

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥* *(ਪੰਨਾ ੧੩੭੮)*

ਭਗਤ ਸ਼ੇਖ ਫਰੀਦ ਜੀ ਇਨਸਾਨ ਨੂੰ ਸਮਝਾਉਂਦੇ ਹਨ ਕਿ ਤੂੰ ਚੰਗੀ ਬੁੱਧੀ ਵਾਲਾ ਹੋ ਕਿ ਮੰਦੇ ਕਰਮ ਨਾ ਕਰ। ਕਿਸੇ ਬਾਰੇ ਭੈੜੀ ਸੋਚ ਨਾ ਰੱਖ। ਕਿਸੇ ਦਾ ਬੁਰਾ ਕਰਨ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰ ਕੇ ਦੇਖ।

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥*
*ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥* *(ਪੰਨਾ ੧੩੭੮)*

ਭਗਤ ਸ਼ੇਖ ਫਰੀਦ ਜੀ ਫੁਰਮਾਉਂਦੇ ਹਨ ਕਿ ਜੇ ਕੋਈ ਤੈਨੂੰ ਦੁਖ ਦੇਣ ਲਈ ਮੁੱਕੀਆਂ ਵੀ ਮਾਰਦਾ ਹੈ ਤਾਂ ਤੂੰ ਉਸ ਦਾ ਉੱਤਰ ਉਸੇ ਹੀ ਭਾਸ਼ਾ ਵਿਚ ਨਾ ਦੇ ਸਗੋਂ ਆਪਣੇ ਘਰ ਆਉਣ ਤੋਂ ਪਹਿਲਾਂ ਉਸ ਦੇ ਪੈਰ ਚੁੰਮ ਭਾਵ ਨਿਮਰਤਾ ਧਾਰਨ ਕਰੀ ਰੱਖ। ਇਸ ਤਰ੍ਹਾਂ ਕਰਨ ਨਾਲ ਵੈਰ ਵਿਰੋਧ ਅੱਗੇ ਨਹੀਂ ਵਧੇਗਾ ਤੇ ਵਿਰੋਧੀ ਸ਼ਰਮਿੰਦਗੀ ਮਹਿਸੂਸ ਕਰਣਗੇ।

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੮॥* *(ਪੰਨਾ ੧੩੭੮)*

ਹੇ ਫਰੀਦ! ਦੇਖ ਹੁਣ ਤਕ ਕੀ ਕੁਝ ਹੋ ਚੁੱਕਿਆ ਹੈ। ਬੁਢਾਪਾ ਆ ਗਿਆ ਹੈ ਦਾੜ੍ਹੀ ਕਾਲੀ ਤੋਂ ਚਿੱਟੀ ਹੋ ਗਈ ਹੈ। ਜੁਆਨੀ ਚਲੀ ਗਈ ਹੈ, ਮੌਤ ਦਾ ਸਮਾਂ ਨੇੜੇ ਆ ਰਿਹਾ ਹੈ। ਹੁਣ ਹੀ ਅੱਗਾ ਸਵਾਰਨ ਲਈ ਪਰਮਾਤਮਾ ਦੀ ਬੰਦਗੀ ਕਰ ਲੈ।

*ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥*
*ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥੧੨॥ (ਪੰਨਾ ੧੩੭੮)*

ਭਗਤ ਸ਼ੇਖ ਫਰੀਦ ਜੀ ਮਨੁੱਖ ਨੂੰ ਸਿੱਖਿਆ ਦੇਂਦੇ ਹੋਏ ਸਮਝਾਉਂਦੇ ਹਨ ਕਿ ਜਿਨ੍ਹਾਂ ਨੇ ਜਵਾਨੀ ਵੇਲੇ ਪਰਮਾਤਮਾ ਨੂੰ ਯਾਦ ਨਹੀਂ ਕੀਤਾ ਪਰ ਉਨ੍ਹਾਂ ’ਚੋਂ ਕੁਝ ਇਕ ਵਿਰਲੇ ਹੀ ਹੋਣਗੇ ਜੋ ਪਿਛਲੀ ਉਮਰੇ ਭਾਵ ਕਿ ਬੁਢੇਪੇ ਵੇਲੇ ਉਸ ਦਾ ਨਾਮ ਲੈਣਗੇ। ਪਰ ਤੂੰ ਹਰ ਵੇਲੇ ਉਸ ਦੀ ਭਗਤੀ ਕਰ ਤੇ ਫਿਰ ਤੂੰ ਵੇਖੀਂ ਉਸ ਦਾ ਰੰਗ ਹਰ ਉਮਰ ਹਰ ਪਲ ਨਵਾਂ ਹੀ ਰਹੇਗਾ।

ਸ੍ਰੀ ਗੁਰੂ ਅਮਰਦਾਸ ਜੀ ਇਸ ਸਲੋਕ ਦੀ ਵਿਆਖਿਆ ਕਰਦੇ ਫੁਰਮਾਉਂਦੇ ਹਨ ਕਿ ਜਿਸ ’ਤੇ ਉਸ ਦੀ ਮਿਹਰ ਹੁੰਦੀ ਹੈ ਉਹ ਹੀ ਪ੍ਰੇਮ ਰੂਪੀ ਪਿਆਲਾ ਪੀਂਦਾ ਹੈ। ਉਮਰ ਭਾਵੇਂ ਕੋਈ ਵੀ ਹੋਵੇ:

*ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥*
*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥ (ਪੰਨਾ ੧੩੭੮)*

ਤੀਸਰੀ ਪਾਤਸ਼ਾਹੀ ਜੀ ਫੁਰਮਾਨ ਕਰਦੇ ਹਨ ਕਿ ਜੁਆਨੀ ਹੋਵੇ ਜਾਂ ਬੁਢਾਪਾ ਇਸ ਵਿਚ ਉਮਰ ਦਾ ਤਕਾਜ਼ਾ ਨਹੀਂ ਤੇ ਨਾ ਹੀ ਇਹ ਕਿਸੇ ਦੇ ਵੱਸ ਹੈ। ਇਹ ਪ੍ਰੇਮ ਰੂਪੀ ਪਿਆਲਾ ਤਾਂ ਉਹੀ ਪੀ ਸਕਦਾ ਹੈ ਜਿਸ ’ਤੇ ਉਸ ਦੀ ਮਿਹਰ ਭਰੀ ਨਜ਼ਰ ਪੈ ਜਾਵੇ।

*ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥*
*ਇਕੁ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਈ ਦੈ ਦਰਿ ਵਾੜੀਅਹਿ ॥੧੬॥*
*(ਪੰਨਾ ੧੩੭੮)*

ਹੇ ਫਰੀਦ! ਜੇ ਤੂੰ ਮਾਲਕ ਦੇ ਦਰ ’ਤੇ ਆਪਣੇ ਆਪ ਨੂੰ ਪ੍ਰਵਾਨ ਹੋਇਆ ਵੇਖਣਾ ਚਾਹੁੰਦਾ ਹੈਂ ਤਾਂ ਰਸਤੇ ਵਿਚ ਉਗੀ ਹੋਈ ਦੱਭ ਵਰਗਾ ਜੀਵਨ ਬਣਾ ਲੈ।

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥ (ਪੰਨਾ ੧੩੭੮)*

ਹੇ ਫਰੀਦ! ਤੂੰ ਜੰਗਲ ਜੰਗਲ ਕਿਉਂ ਭਾਉਂਦਾ ਫਿਰ ਰਿਹਾ ਹੈਂ! ਰੱਬ ਤਾਂ ਤੇਰੇ ਦਿਲ ਵਿਚ ਵਸ ਰਿਹਾ ਹੈ ਤੇ ਤੂੰ ਉਸ ਨੂੰ ਜੰਗਲਾਂ ਵਿਚ ਲੱਭ ਰਿਹਾ ਹੈਂ।

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥ (ਪੰਨਾ ੧੩੭੯)*

ਭਗਤ ਸ਼ੇਖ ਫਰੀਦ ਜੀ ਫੁਰਮਾਉਂਦੇ ਹਨ ਕਿ ਮੇਰੇ ਪਿਆਰੇ ਦਾ ਘਰ ਬਹੁਤ ਹੀ ਦੂਰ ਹੈ। ਮੇਰਾ ਉਸ ਨਾਲ ਨੇਹੁ ਵੀ ਪੱਕਾ ਹੈ। ਗਲੀਆਂ ਦੇ ਵਿਚ ਚਿੱਕੜ ਵੀ ਬਹੁਤ ਹੈ, ਪਾਣੀ ਵੀ ਖੜ੍ਹਾ ਹੈ ਤੇ ਉਤੋਂ ਬਾਰਸ਼ ਵੀ ਹੋ ਰਹੀ ਹੈ। ਜੇ ਮੈਂ ਚਲਦਾ ਹਾਂ ਤਾਂ ਨਾਲ ਮੇਰੀ ਕੰਬਲੀ ਭਿੱਜਦੀ

ਹੈ ਤੇ ਜੇ ਮੈਂ ਰੁਕ ਜਾਂਦਾ ਹਾਂ ਤਾਂ ਮੇਰੇ ਪਿਆਰੇ ਨਾਲੋਂ ਨੇਹੁ ਟੁੱਟਦਾ ਹੈ।

*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥ (ਪੰਨਾ ੧੩੭੯)*

ਅਗਲੇ ਹੀ ਪਲ ਭਗਤ ਫਰੀਦ ਜੀ ਫੁਰਮਾਉਂਦੇ ਹਨ, "ਇਹ ਮੀਂਹ ਵੀ ਤਾਂ ਉਸ ਦੇ ਹੁਕਮ ਅਨੁਸਾਰ ਹੀ ਪੈ ਰਿਹਾ ਹੈ। ਮੈਂ ਜ਼ਰੂਰ ਆਪਣੇ ਪਿਆਰੇ (ਪ੍ਰੀਤਮ) ਨੂੰ ਮਿਲਾਂਗਾ ਭਾਵੇਂ ਮੇਰੀ ਕੰਬਲੀ ਕਿਉਂ ਨਾ ਭਿੱਜ ਜਾਵੇ। ਮੈਂ ਪਿਆਰੇ ਨਾਲੋਂ ਨਿਹੁ ਨਹੀਂ ਟੁੱਟਣ ਦੇਵਾਂਗਾ।

*ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥*
*ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥੩੮॥ (ਪੰਨਾ ੧੩੭੯)*

ਹੇ ਫਰੀਦ! ਤੂੰ ਚਾਰ ਪਹਿਰ ਦਿਨ ਦੇ ਐਵੇਂ ਹੀ ਗੁਜ਼ਾਰ ਦਿੱਤੇ। ਚਾਰ ਪਹਿਰ ਰਾਤ ਦੇ ਸੌਂ ਕੇ ਗਵਾ ਲਏ। ਪਰ ਰੱਬ ਨੇ ਤਾਂ ਤੇਰੇ ਕੋਲੋਂ ਲੇਖਾ (ਪੂਰਾ ਹਿਸਾਬ-ਕਿਤਾਬ) ਲੈਣਾ ਹੈ, ਭਈ ਮੈਂ ਤਾਂ ਤੈਨੂੰ ਦੁਨੀਆ ਵਿਚ ਕਿਸ ਕੰਮ ਲਈ ਘਲਿਆ ਸੀ ਤੇ ਤੂੰ ਉਹ ਸਮਾ ਵਿਅਰਥ ਹੀ ਗੁਆ ਦਿੱਤਾ। ਇਕ ਪਲ ਵੀ ਰੱਬ ਦਾ ਨਾਮ ਨਹੀਂ ਲਿਆ।

*ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥*
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥ (ਪੰਨਾ ੧੩੮੧)*

ਹੇ ਫਰੀਦ! ਜੇ ਤੂੰ ਚਾਕਰੀ ਹੀ ਕਰਨੀ ਹੈ ਤਾਂ ਸਾਹਿਬ ਦੀ ਕਰ। ਇਸ ਤੋਂ ਪਹਿਲਾਂ ਆਪਣੇ ਦਿਲ 'ਚੋਂ ਸਭ ਭਰਮ-ਭੁਲੇਖੇ ਦੂਰ ਕਰ ਲੈ ਕਿ ਇਹ ਧਨ ਦੌਲਤ, ਧੀਆਂ-ਪੁੱਤਰ ਤੇਰਾ ਸਾਥ ਦੇਣਗੇ। ਅੰਤ ਸਮੇਂ ਦਰਗਹ ਵਿਚ ਤੇਰੀ ਹਾਮੀ ਭਰਣਗੇ। ਅਰਥਾਤ ਉਸ ਰੱਬ ਦੀ ਬੰਦਗੀ ਕਰ। ਜਿਸ ਨੇ ਅੰਤ ਵੇਲੇ ਸਹਾਈ ਹੋਣਾ ਹੈ। ਦਰਵੇਸ਼ਾਂ ਨੂੰ ਤਾਂ ਰੁੱਖਾਂ ਵਰਗਾ ਦਿਲ ਰੱਖਣਾ ਚਾਹੀਦਾ ਹੈ। ਜਿਵੇਂ ਕਿ ਉਹ ਬਿਨਾਂ ਕਿਸੇ ਵਿਤਕਰੇ ਦੇ ਸਭ ਨੂੰ ਫਲ ਤੇ ਛਾਂ ਦਿੰਦੇ ਹਨ। ਆਪਣੇ ਅੰਗ ਕੱਟੇ ਜਾਣ 'ਤੇ ਵੀ ਬੁਰਾ ਨਹੀਂ ਮਨਾਉਂਦੇ।

*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥*
*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥ (ਪੰਨਾ ੧੩੮੧)*

ਭਗਤ ਸ਼ੇਖ ਫਰੀਦ ਜੀ ਆਪਣੇ ਆਪ ਨੂੰ ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ ਹੇ ਫਰੀਦ! ਤੇਰੇ ਕੱਪੜੇ, ਤੇਰਾ ਵੇਸ, ਬਸਤਰ, ਪਹਿਰਾਵਾ ਤਾਂ ਕਾਲਾ ਫਕੀਰਾਂ ਵਰਗਾ ਹੈ। ਪਰ ਅੰਦਰ ਗੁਨਾਹਾਂ, ਵਿਕਾਰਾਂ ਨਾਲ ਭਰਿਆ ਪਿਆ ਹੈ। ਦਿਲ ਰੁੱਖਾਂ ਵਰਗਾ ਨਹੀਂ ਹੈ। ਉਤੋਂ ਲੋਕ ਦਰਵੇਸ਼ ਕਹਿ ਕੇ ਪੁਕਾਰਦੇ ਹਨ, ਮਾਣ ਵਡਿਆਈ ਦਿੰਦੇ ਹਨ।

ਕਾਸ਼! ਅਸੀਂ ਵੀ ਭਗਤ ਸ਼ੇਖ ਫਰੀਦ ਜੀ ਵਰਗੇ ਗੁਣ ਧਾਰਨ ਕਰ ਸਕੀਏ! ਸਾਡੇ ਅੰਦਰ ਹਲੀਮੀ, ਸਹਿਜ, ਨਿਮਰਤਾ ਤੇ ਬੋਲੀ ਵਿਚ ਮਿਠਾਸ ਆ ਜਾਵੇ। ਅਵਸਥਾ 'ਰੁਖਾਂ ਦੀ ਜੀਰਾਂਦਿ' ਵਰਗੀ ਹੋ ਜਾਵੇ।

■

# ਗੁਰਬਾਣੀ ਅੰਦਰ ਵਰਣਿਤ ਪਸ਼ੂ, ਪੰਛੀ ਅਤੇ ਜੀਵਾਂ ਤੋਂ ਮਿਲਦੀਆਂ ਸਿੱਖਿਆਵਾਂ

*-ਸ. ਕਰਮ ਸਿੰਘ**

ਮਲਾਰ ਕੀ ਵਾਰ ਦੇ ਸਲੋਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪਸ਼ੂ, ਪੰਛੀ ਅਤੇ ਜੀਵਾਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਪੂਰਾ ਸਲੋਕ ਹੇਠ ਲਿਖੇ ਅਨੁਸਾਰ ਹੈ:

*ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥*
*ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥*
*ਅੰਧੀ ਫੂਕਿ ਮੁਈ ਦੇਵਾਨੀ॥ ਖਸਮਿ ਮਿਟੀ ਫਿਰਿ ਭਾਨੀ॥*
*ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥*
*ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥*
*ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ॥*
*ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ॥*
*ਅੰਧਾ ਕਿਸ ਨੋ ਬੁਕਿ ਸੁਣਾਵੈ॥ ਖਸਮੈ ਮੂਲਿ ਨ ਭਾਵੈ॥*
*ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥*
*ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ॥*
*ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥*
*ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ॥ ਮਖੀ ਮਿਠੈ ਮਰਣਾ॥*
*ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ॥੨॥*

*(ਪੰਨਾ ੧੨੮੬)*

ਗਹੁ ਨਾਲ ਸਮਝਣ ਉਪਰੰਤ ਪਤਾ ਲਗਦਾ ਹੈ ਕਿ ਉਕਤ ਸਲੋਕ ਦੀ ਬਣਤਰ ਨਿਮਨ ਪ੍ਰਕਾਰ ਹੈ: ੧. ਪਹਿਲੀਆਂ ਛੇ ਪੰਕਤੀਆਂ ਹਾਥੀ ਅਤੇ ਚਿੜੀ ਦੇ ਜੀਵਨ ਨਾਲ ਸੰਬੰਧਿਤ ਹਨ। ੨. ਅਗਲੀਆਂ ਛੇ ਪੰਕਤੀਆਂ ਵਿਚ ਸ਼ੇਰ ਅਤੇ ਅਕਤਿੱਡੇ ਦੇ ਜੀਵਨ ਦੀ ਤੁਲਨਾ ਕੀਤੀ ਗਈ ਹੈ। ੩. ਅੰਤਮ ਚਾਰ ਪੰਕਤੀਆਂ ਰਾਹੀਂ ਗੁਰੂ ਸਾਹਿਬ ਦੁਆਰਾ ਸਾਨੂੰ ਸਹੀ ਜੀਵਨ ਜੀਉਣ ਦੀ ਜਾਂਚ ਸਿਖਾਈ ਗਈ ਹੈ। ਵਿਚਾਰਧੀਨ ਉਪਰੋਕਤ ਸਲੋਕ ਦੇ ਅਰਥ ਹੇਠ ਲਿਖੇ ਹਨ:

੧. ਹਾਥੀ ਕਿਤਨਾ ਹੀ ਘਿਓ, ਗੁੜ ਤੇ ਕਈ ਮਣਾਂ ਦਾਣਾ ਖਾਂਦਾ ਹੈ ਅਤੇ ਰੱਜ ਕੇ ਡਕਾਰਦਾ ਤੇ ਸ਼ੂਕਦਾ ਹੈ ਅਤੇ ਮਿੱਟੀ ਸੁੰਡ ਨਾਲ ਉਡਾਂਦਾ ਹੈ, ਪਰ ਜਦੋਂ ਉਸ ਦਾ ਸਾਹ ਨਿਕਲ ਜਾਂਦਾ ਹੈ ਤਾਂ ਉਸਦਾ ਡਕਾਰਨਾ ਅਤੇ ਸ਼ੂਕਣਾ ਮੁੱਕ ਜਾਂਦਾ ਹੈ। ਧਨ-ਪਦਾਰਥ ਦੇ ਮਾਣ ਵਿਚ ਅੰਨ੍ਹੀ ਤੇ ਕਮਲੀ ਹੋਈ ਦੁਨੀਆ ਭੀ ਹਾਥੀ ਵਾਂਗ ਫੂਕਰਾਂ ਮਾਰ ਕੇ ਮਰਦੀ ਹੈ ਅਤੇ ਆਤਮਿਕ ਮੌਤ ਸਹੇੜਦੀ ਹੈ ਪਰ ਜੇ ਅਹੰਕਾਰ ਗਵਾ ਕੇ ਖਸਮ ਵਿਚ ਸਮਾਏ ਤਾਂ ਖਸਮ ਨੂੰ ਭਾਉਂਦੀ ਹੈ। ਚਿੜੀ ਥੋੜਾ ਜਿਹਾ ਚੋਗਾ ਚੁਗ ਕੇ ਆਕਾਸ਼ ਵਿਚ ਉੱਡਦੀ ਹੈ ਤੇ ਬੋਲਦੀ ਹੈ। ਜੇ ਉਹ ਮਾਲਕ

*ਪਿੰਡ ਤੇ ਡਾਕ: ਖੁੱਡਾ, ਜ਼ਿਲ੍ਹਾ: ਹੁਸ਼ਿਆਰਪੁਰ (ਪੰਜਾਬ) ਮੋ: +੯੧੯੮੧੫੬-੭੬੪੫੩

ਪ੍ਰਭੂ ਨੂੰ ਯਾਦ ਕਰਦੀ ਹੈ ਤੇ ਉਸ ਨੂੰ ਭਾਉਂਦੀ ਹੈ ਤਾਂ ਡਕਾਰਣ ਅਤੇ ਫੂਕਰਾਂ ਮਾਰਨ ਵਾਲੇ ਹਾਥੀ ਨਾਲੋਂ ਇਹ ਨਿੱਕੀ ਜਿਹੀ ਚਿੜੀ ਚੰਗੀ ਹੈ।

**੨.** ਇਕ ਬਲੀ ਸ਼ੇਰ ਸੈਂਕੜੇ ਮਿਰਗਾਂ ਨੂੰ ਮਾਰਦਾ ਹੈ, ਉਸ ਸ਼ੇਰ ਪਿੱਛੇ ਕਈ ਹੋਰ ਜੰਗਲੀ ਪਸ਼ੂ ਭੀ ਪੇਟ ਭਰਦੇ ਹਨ। ਤਾਕਤ ਦੇ ਮਾਣ ਵਿਚ ਉਹ ਸ਼ੇਰ ਆਪਣੇ ਘੁਰਨੇ ਵਿਚ ਨਹੀਂ ਸਮਾਂਦਾ, ਪਰ ਜਦੋਂ ਉਸ ਦਾ ਸਾਹ ਨਿਕਲ ਜਾਂਦਾ ਹੈ ਤਾਂ ਉਸ ਦਾ ਸੂਕਣਾ ਮੁੱਕ ਜਾਂਦਾ ਹੈ। ਉਹ ਅੰਨ੍ਹਾ ਕਿਸ ਨੂੰ ਬੁੱਕ ਬੁੱਕ ਕੇ ਸੁਣਾਂਦਾ ਹੈ? ਖਸਮ ਪ੍ਰਭੂ ਨੂੰ ਉਸ ਦਾ ਬੁਕੱਣਾ ਚੰਗਾ ਨਹੀਂ ਲੱਗਦਾ। ਅਕਤਿੱਡਾ ਅੱਕ ਨਾਲ ਪਿਆਰ ਕਰਦਾ ਹੈ ਅਤੇ ਅੱਕ ਦੀ ਡਾਲੀ ਉੱਤੇ ਬੈਠ ਕੇ ਅੱਕ ਹੀ ਖਾਂਦਾ ਹੈ, ਪਰ ਜੇ ਉਹ ਮਾਲਕ-ਪ੍ਰਭੂ ਨੂੰ ਯਾਦ ਕਰਦਾ ਹੈ ਤੇ ਉਸ ਨੂੰ ਭਾਉਂਦਾ ਹੈ ਤਾਂ ਬੁੱਕ-ਬੁੱਕ ਕੇ ਹੋਰਨਾਂ ਨੂੰ ਡਰਾਉਣ ਵਾਲੇ ਸ਼ੇਰ ਨਾਲੋਂ ਉਹ ਅਕ-ਤਿੱਡਾ ਹੀ ਚੰਗਾ ਹੈ।

**੩.** ਹੇ ਨਾਨਕ! ਦੁਨੀਆ ਵਿਚ ਜੀਊਣ ਚਾਰ ਦਿਨਾਂ ਦਾ ਹੈ, ਇੱਥੇ ਮੌਜ ਮਾਣਿਆਂ ਦੁੱਖ ਹੀ ਨਿਕਲਦਾ ਹੈ। ਇਹ ਦੁਨੀਆ ਦੀ ਮਿਠਾਸ ਐਸੀ ਹੈ ਕਿ ਜ਼ਬਾਨੀ ਗਿਆਨ ਦੀਆਂ ਗੱਲਾਂ ਕਰਨ ਵਾਲੇ ਤਾਂ ਬੜੇ ਹਨ ਪਰ ਇਸ ਮਿਠਾਸ ਨੂੰ ਕੋਈ ਛੱਡ ਨਹੀਂ ਸਕਦਾ। ਮੱਖੀਆਂ ਇਸ ਮਿਠਾਸ ਉੱਤੇ ਮਰਦੀਆਂ ਹਨ। ਪਰ, ਹੇ ਪ੍ਰਭੂ! ਜਿਨ੍ਹਾਂ ਨੂੰ ਤੂੰ ਬਚਾਵੇਂ ਉਨ੍ਹਾਂ ਦੇ ਇਹ ਮਿਠਾਸ ਨੇੜੇ ਨਹੀਂ ਢੁਕਦੀ, ਉਹ ਸੰਸਾਰ-ਸਮੁੰਦਰ ਤੋਂ ਸਾਫ ਤਰ ਕੇ ਲੰਘ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੁਸ਼ੋਭਿਤ ਬਾਣੀ ਧਿਆਨ ਨਾਲ ਪੜ੍ਹਨ ਤੇ ਪਤਾ ਲਗਦਾ ਹੈ ਕਿ ਇਸ ਵਿਚ ਜਿਨ੍ਹਾਂ ਪਸ਼ੂ, ਪੰਛੀਆਂ ਅਤੇ ਜੀਵਾਂ ਦਾ ਉਲੇਖ ਕੀਤਾ ਗਿਆ ਹੈ ਉਹ ਨਿਮਨ ਪ੍ਰਕਾਰ ਹਨ:

ਅਕਤਿਡਾ, ਇਲ, ਸੀਚਾਨਾ, ਹਰਣੀ, ਕੂੰਜ, ਕੁਹੀ, ਕਛੂਆ, ਕੁੰਮੀ, ਗਰੁੜ, ਗਿਰਝ, ਗੈਂਡਾ, ਘੀਸ, ਚਕਵੀ, ਚਕੋਰ, ਚਿੜੀ, ਚੀਤਾ, ਚਰਗ, ਜੋਕ, ਤੰਦੂਆ, ਨਾਗਿਨ, ਪਤੰਗ, ਬਕਰਾ, ਬਾਜ, ਬਿਛੂਅ, ਭਾਂਭੀਰੀ, ਭੈਸਾ, ਮਛਰ, ਮੋਰ, ਮੁਰਗੀ, ਮੁਰਗਾਈ ਅਤੇ ਮਗਰਮਛ।

ਗੁਰਬਾਣੀ ਵਿਚ ਵਰਣਿਤ ਪਸ਼ੂ, ਪੰਛੀ ਅਤੇ ਜੀਵਾਂ ਦੇ ਨਾਂ ਅਜਿਹੇ ਵੀ ਹਨ ਜੋ ਆਮ ਬੋਲ-ਚਾਲ ਵਿਚ ਬੋਲੇ ਜਾਂਦੇ ਉਨ੍ਹਾਂ ਦੇ ਨਾਂਵਾਂ ਤੋਂ ਭਿੰਨ ਹਨ ਜਿਵੇਂ ਕਿ:

| ਪਸ਼ੂ, ਪੰਛੀ ਅਤੇ ਜੀਵਾਂ ਦੇ ਪ੍ਰਚਲਿਤ ਨਾਂ | ਗੁਰਬਾਣੀ ਅਨੁਸਾਰ |
|---|---|
| ਕਬੂਤਰ | ਕਪੋਤ |
| ਗਿੱਦੜ | ਜੰਬੁਕ |
| ਚਿੱਚੜ | ਪਿਸਨ |
| ਚੂਹੀ | ਮੂਸਰੀ |
| ਭੈਂਸ | ਮਾਂਝ |
| ਮੱਕੜੀ | ਮਾਕੁਰੀ |
| ਲੂੰਬੜ | ਲੂਬਰਾ |

ਗੁਰਬਾਣੀ ਦੇ ਅਰਥ ਸਮਝਣ ਉਪਰੰਤ ਪਤਾ ਲਗਦਾ ਹੈ ਕਿ ਕਈ ਪਸ਼ੂ, ਪੰਛੀ ਅਤੇ ਜੀਵਾਂ ਨੂੰ ਇੱਕ ਤੋਂ ਵੱਧ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ ਜਿਵੇਂ ਕਿ:

ਅਸ਼ਟਪਦ ਸਿੰਗਾਰਿ: ਸਿੰਘਾਤਾ, ਸਿਆਰ     ਊਠ : ਕਰਹਲ, ਊਠ

ਸੱਪ : ਸਾਪ, ਸਾਪਨਿ, ਸਪੁ, ਅਜਗਰ, ਸਰਪ, ਬਿਸੀਅਰ, ਭੁਯੰਗ, ਭੁਇਅੰਗਮ, ਬਿਆਲ, ਸੇਸਨਾਗ

ਸ਼ੇਰ : ਸੀਂਹ, ਸਿੰਘ, ਸਾਰਦੂਲ, ਕੇਹਰ, ਬਾਘ, ਮ੍ਰਿਗਾਚ

ਸੂਰ : ਸੂਕਰ, ਸੂਅਰ

ਹਾਥੀ : ਹਸਤੀ, ਕੁੰਚਰ, ਹਾਥੀ, ਗਜ, ਫੀਲੁ, ਮੈਗਲ, ਹਸਤਿ, ਗਜਿੰਦ, ਗਜਇੰਦ੍ਰ, ਸਾਰੰਗ

ਹੰਸ : ਹੰਸਾ, ਹੰਸੁਲਾ, ਹੰਸ

ਕਾਂ : ਕਾਂਵ, ਕਾਗ, ਕਊਆ, ਕਾਗਾ, ਕਾਂ, ਕਾਂਉ

ਕੀੜਾ : ਕਿਰਮ, ਕੀੜਾ, ਕੀਟ

ਕੁੱਤਾ : ਕੂਕਰ, ਸੁਆਨ, ਕੁਤਾ

ਕੀੜੀ : ਕੀਟੀ, ਚੀਟੀ

ਕੋਇਲ: ਕੋਕਿਲ, ਕੋਇਲ

ਗਧਾ : ਗਦਹਾ, ਖਰ, ਗਰਧਬ, ਗਦਹੁ, ਗਰਧਭ

ਗਾਂ : ਗਊ, ਧੇਨ, ਕਾਮਧੇਨ, ਗਾਇ, ਸੁਰਹ, ਗਾਇਤ੍ਰੀ, ਗਾਈ

ਘੋੜਾ : ਘੋਰ, ਘੋੜੜਾ, ਘੋੜੇ

ਘੋੜੀ : ਤਾਜਨਿ, ਘੋੜੀ, ਘੋੜੇ

ਚੂਹਾ : ਮੂਸਾ, ਚੂਹਾ

ਡੱਡੂ : ਦਾਦਰ, ਦਾਦਿਰਾ, ਮੇਂਡਕ

ਤੋਤਾ : ਸੂਆ, ਸੂਹਟ, ਸੂਹਟਾ, ਤੋਤ, ਸੂਅਟਾ

ਪਪੀਹਾ: ਚਾਤ੍ਰਿਕ, ਚਾਤਕ, ਸਾਰੰਗ, ਬਬੀਹਾ, ਪਪੀਹਾ

ਬੱਕਰੀ: ਅਜ, ਬਕਰੀ

ਬਗਲਾ: ਬਗ, ਬਗੁਲਾ, ਬਗਲਾ, ਹੰਝ

ਬਲਦ : ਬੈਲ, ਬਲਦ, ਬਰਦ

ਬਾਂਦਰ: ਮਰਕਟ, ਬੰਤਰ

ਬਿੱਲਾ : ਮੰਜਾਰ, ਮਾਜਾਰਾ

ਬਿੱਲੀ : ਬਿਲਾਈ, ਬਿਲਈਆ

ਭੇਡ : ਗਾਡਰ, ਭੇਡ

ਭੌਰਾ : ਭਉਰ, ਭ੍ਰਿੰਗ, ਮਧੁਕਰ, ਭਵਰਲਾ, ਭਵਰਾ

ਮੱਛੀ : ਮੀਨ, ਮਛੀ, ਮਛੁਲੀ, ਮੀਨਾ, ਮਾਛਲੋ

ਮੱਖੀ : ਮਖੁ, ਮਖੀ

ਮੁਰਗਾ: ਕੁਰਕਟ, ਕੁਕੜ

ਮਿਰਗ: ਮ੍ਰਿਗ, ਹਰਣ, ਮਿਰਗ, ਮਿਰਿਆ, ਕੁਰੰਕ

ਮੀਢਾ : ਛਤ੍ਰਾ, ਛਤਾਰਾ, ਛਤੜਾ

ਲੇਲਾ : ਛੇਲ, ਛੇਲਾ

ਵੱਛਾ : ਬਛਰਾ, ਬਾਛ, ਬਛਰੂ, ਬਛਰਾਕ, ਬਾਛਾ

ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੁਆਰਾ ਕਰੀਬ ੭੦ ਤੋਂ ਵੱਧ ਪਸ਼ੂ, ਪੰਛੀ ਅਤੇ ਜੀਵਾਂ ਦੇ ਉਦਾਹਰਨ ਦੇ ਕੇ ਉਚਾਰੀ ਬਾਣੀ ਰਾਹੀਂ ਸਾਡੇ ਮਾਰਗ-ਦਰਸ਼ਨ ਲਈ ਅਨੇਕ ਸਿੱਖਿਆਵਾਂ ਪ੍ਰਦਾਨ ਕੀਤੀਆਂ ਗਈਆ ਹਨ, ਜਿਨ੍ਹਾਂ ਵਿੱਚੋਂ ਕੁਝ ਨਿਮਨ ਪ੍ਰਕਾਰ ਹਨ:

**੧.** ਬਾਂਦਰ ਦਾ ਉਦਾਹਰਨ ਦੇ ਕੇ ਭਗਤ ਕਬੀਰ ਜੀ ਸਾਨੂੰ ਮਾਇਆ ਦੇ ਮੋਹ ਤੋਂ ਬਚਣ ਦਾ ਉਪਦੇਸ਼ ਬਖਸ਼ਦੇ ਹਨ। ਭਗਤ ਜੀ ਸਮਝਾਉਂਦੇ ਹਨ ਕਿ ਕਿਸ ਤਰ੍ਹਾਂ ਮੁੱਠੀ ਭਰ ਅਨਾਜ ਕੁੱਜੀ ਵਿੱਚੋਂ ਕੱਢਣ ਦਾ ਯਤਨ ਕਰਦਾ ਹੋਇਆ ਬਾਂਦਰ, ਮਦਾਰੀ ਦੇ ਵੱਸ ਪੈ ਜਾਂਦਾ ਹੈ ਅਤੇ ਲਾਲਚ ਵੱਸ ਫਸੇ ਉਸ ਮੂਰਖ ਨੂੰ ਹਰੇਕ ਘਰ ਦੇ ਬੂਹੇ ਅੱਗੇ ਨੱਚਣਾ ਪੈਂਦਾ ਹੈ। ਭਗਤ ਜੀ ਦੁਆਰਾ ਇਸ ਸੰਬੰਧੀ ਉਚਾਰੇ ਬਚਨ ਨਿਮਨ ਪ੍ਰਕਾਰ ਹਨ:

*ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ॥*

*ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ॥*

*(ਪੰਨਾ ੩੩੬)*

**੨.** ਹਾਥੀ ਦਾ ਉਦਾਹਰਨ ਦੇ ਕੇ ਸ੍ਰੀ ਗੁਰੂ ਰਾਮਦਾਸ ਜੀ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਹਾਥੀ ਨੂੰ ਸਹੀ ਦਿਸ਼ਾ ਵਿਚ ਚਲਾਉਣ ਲਈ ਮਹਾਵਤ ਦੇ ਕੁੰਡੇ ਦੀ ਲੋੜ ਪੈਂਦੀ ਹੈ ਠੀਕ ਉਸੇ ਤਰ੍ਹਾਂ ਗੁਰੂ ਸਿੱਖਿਆ ਹੀ ਸਾਨੂੰ ਜੀਵਨ ਦੇ ਸਹੀ ਰਸਤੇ 'ਤੇ ਚਲਾ ਸਕਦੀ ਹੈ। ਅਜਿਹੀ ਸਿੱਖਿਆ ਪ੍ਰਦਾਨ ਕਰਨ ਵਾਲੇ ਗੁਰੂ ਸਾਹਿਬ ਦੇ ਅਨਮੋਲ ਬਚਨ ਇਸ ਪ੍ਰਕਾਰ ਹਨ:

*ਮਨ ਗੁਰਮਤਿ ਚਾਲ ਚਲਾਵੈਗੋ॥*
*ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ॥*

*(ਪੰਨਾ ੧੩੧੦)*

**੩.** ਹੰਸ ਅਤੇ ਕਾਂ ਦਾ ਉਲੇਖ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ ਸਮਝਾਉਂਦੇ ਹਨ ਕਿ ਜਿਸ ਵਿਅਕਤੀ ਉੱਪਰ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ, ਉਹ ਗੰਦੇ ਆਚਰਨ ਵਾਲਾ ਵੀ ਉੱਜਲ-ਬੁੱਧੀ ਵਾਲਾ ਬਣ ਜਾਂਦਾ ਹੈ। ਇਸ ਪ੍ਰਥਾਇ ਗੁਰੂ ਸਾਹਿਬ ਦੁਆਰਾ ਉਚਾਰੇ ਅਨਮੋਲ ਬਚਨ ਨਿਮਨ ਪ੍ਰਕਾਰ ਹਨ:

*ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥*
*ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥* *(ਪੰਨਾ ੯੧)*

**੪.** ਗਉੜੀ ਰਾਗ ਵਿਚ ਉਚਾਰੇ ਇਕ ਸ਼ਬਦ ਦੁਆਰਾ ਭਗਤ ਕਬੀਰ ਜੀ ਸਮਝਾਉਂਦੇ ਹਨ ਕਿ ਪ੍ਰਭੂ ਦਾ ਨਾਮ ਅੰਮ੍ਰਿਤ ਪ੍ਰਾਪਤ ਕਰ ਕੇ ਵਿਅਕਤੀ ਆਪਣੇ ਆਪ ਨੂੰ ਇਸ ਤਰ੍ਹਾਂ ਸੁਰੱਖਿਅਤ ਮਹਿਸੂਸ ਕਰਦਾ ਹੈ ਜਿਸ ਤਰ੍ਹਾਂ ਪਿੰਜਰੇ ਵਿਚ ਪਿਆ ਤੋਤਾ ਜਮ-ਰੂਪੀ ਬਿੱਲੇ ਤੋਂ ਨਹੀਂ ਡਰਦਾ। ਇਸ ਸੰਬੰਧੀ ਭਗਤ ਜੀ ਦੁਆਰਾ ਉਚਾਰੇ ਬਚਨ ਇਸ ਪ੍ਰਕਾਰ ਹਨ:

*ਤੂੰ ਪਿੰਜਰੁ ਹਉ ਸੁਅਟਾ ਤੋਰ॥ ਜਮੁ ਮੰਜਾਰੁ ਕਹਾ ਕਰੈ ਮੋਰ॥* *(ਪੰਨਾ ੩੨੩)*

**੫.** ਸ੍ਰੀ ਗੁਰੂ ਅਮਰਦਾਸ ਜੀ ਸਾਨੂੰ ਸਮਝਾਉਂਦੇ ਹਨ ਕਿ ਪ੍ਰਭੂ ਦਾ ਨਾਮ-ਅੰਮ੍ਰਿਤ ਪ੍ਰਾਪਤ ਕਰਨ ਲਈ ਪ੍ਰਭੂ ਅੱਗੇ ਇਸ ਤਰ੍ਹਾਂ ਬੇਨਤੀ ਕਰਨੀ ਚਾਹੀਦੀ ਹੈ ਜਿਸ ਤਰ੍ਹਾਂ ਜੀਅ ਦਾਨ ਲਈ ਪਪੀਹਾ ਬੇਨਤੀ ਕਰਦਾ ਹੈ। ਇਸ ਪ੍ਰਥਾਇ ਗੁਰੂ ਸਾਹਿਬ ਦੁਆਰਾ ਉਚਾਰੇ ਅਨਮੋਲ ਬਚਨ ਨਿਮਨ ਪ੍ਰਕਾਰ ਹਨ:

*ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ॥*
*ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ॥*
*ਤੂ ਸੁਖਦਾਤਾ ਬੇਅੰਤੁ ਹੈ ਗੁਣਦਾਤਾ ਨੇਧਾਨੁ॥*
*ਨਾਨਕ ਗੁਰਮੁਖਿ ਬਖਸਿ ਲਏ ਅੰਤਿ ਬੇਲੀ ਹੋਇ ਭਗਵਾਨੁ॥* *(ਪੰਨਾ ੧੨੮੪)*

**੬.** ਕੂੰਜ ਦਾ ਉਦਾਹਰਨ ਦੇ ਕੇ ਸ੍ਰੀ ਗੁਰੂ ਅਮਰਦਾਸ ਜੀ ਸਾਨੂੰ ਵਿਕਾਰਾਂ ਦੇ ਹੋਣ ਵਾਲੇ ਹੱਲਿਆਂ ਤੋਂ ਸੁਚੇਤ ਰਹਿਣ ਦਾ ਉਪਦੇਸ਼ ਇਸ ਪ੍ਰਕਾਰ ਬਖਸ਼ਦੇ ਹਨ:

*ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ॥*
*ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ॥* *(ਪੰਨਾ ੩੪)*

■

# ਗੁਰੂ ਬੋਲੀ ਪੰਜਾਬੀ

*-ਸ. ਜਗਮੋਹਨ ਸਿੰਘ**

ਮਾਂ ਬੋਲੀ ਪੰਜਾਬੀ ਸੰਸਾਰ ਦੀਆਂ ਪੁਰਾਣੀਆਂ ਸੰਵਰੀਆਂ ਅਤੇ ਉੱਨਤਸ਼ੀਲ ਭਾਸ਼ਾਵਾਂ ਵਿੱਚੋਂ ਇੱਕ ਹੈ। ਇਹ ਸਿੰਧ ਨਦੀ ਅਤੇ ਯਮੁਨਾ ਨਦੀ ਦੇ ਵਿਚਕਾਰ ਵੱਸਣ ਵਾਲੇ ਲੋਕਾਂ ਦੀ ਬੋਲੀ ਹੈ। ਇਹ ਬੋਲੀ ਬੋਲਣ ਵਾਲਾ ਵਧੇਰੇ ਹਿੱਸਾ ਅੱਜ ਦੇ ਪਾਕਿਸਤਾਨ ਵਿਚ ਚਲਾ ਗਿਆ ਹੈ। ਭਾਰਤ ਦੇ ਹਰ ਪ੍ਰਾਂਤ ਅਤੇ ਦੁਨੀਆ ਦੇ ਹਰ ਕੋਨੇ ਵਿਚ ਪੰਜਾਬੀ ਬੋਲਣ ਵਾਲੇ ਲੋਕ ਮਿਲ ਹੀ ਜਾਂਦੇ ਹਨ। ਅਜਿਹੇ ਲੋਕ ਜਨਮ ਤੋਂ ਹੀ ਬਾਹਰ ਰਹਿੰਦੇ ਹੋਏ ਵੀ ਆਪਣੀ ਵਿਰਾਸਤ ਨੂੰ ਕਾਇਮ ਰੱਖਦੇ ਹਨ। ਪੰਜਾਬੀ ਬੋਲ-ਚਾਲ, ਰਹੁ ਰੀਤਾਂ, ਲੋਕ ਗੀਤਾਂ ਅਤੇ ਲੋਕ ਨਾਵਾਂ ਨੂੰ ਉਹ ਰੂਹ ਦੀ ਖੁਰਾਕ ਸਮਝਦੇ ਹਨ। ਇਸ ਨੂੰ ਅਮੀਰ ਬਣਾਉਣ ਵਿਚ ਗੁਰੂ ਸਾਹਿਬਾਨ, ਸੂਫੀ, ਸੰਤਾਂ ਮਹਾਂਪੁਰਖਾਂ, ਕਵੀਆਂ ਅਤੇ ਲਿਖਾਰੀਆਂ ਦੀ ਬਹੁਤ ਵੱਡੀ ਦੇਣ ਹੈ। ਇਸ ਬੋਲੀ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ ਹੈ। ਇਹ ਮਹਾਨ ਗ੍ਰੰਥ ਸਿੱਖ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀ ਮਨੁੱਖੀ ਬਰਾਬਰਤਾ, ਹੱਕ-ਸੱਚ ਅਤੇ ਕੁੱਲ ਕਾਇਨਾਤ ਦਾ ਭਲਾ ਮੰਗਣ ਵਾਲੀ ਬਾਣੀ ਦਾ ਸੰਗ੍ਰਹਿ ਹੈ। ਇਹ ਸਾਰੀ ਦੁਨੀਆ ਦਾ ਇਕ ਨਿਵੇਕਲਾ ਉਦਾਹਰਨ ਹੈ। ਇਸ ਪਾਵਨ ਗ੍ਰੰਥ ਨੂੰ ਸਿੱਖ ਜਾਗਤ ਜੋਤ ਗੁਰੂ ਮੰਨਦੇ ਹਨ ਅਤੇ ਸ਼ਬਦ ਦੀ ਸਿੱਖਿਆ ਨੂੰ ਆਪਣਾ ਮਾਰਗ-ਦਰਸ਼ਕ ਸਮਝਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪੰਜਾਬੀ ਬੋਲੀ ਨੂੰ ਦੁਨੀਆ ਦੀਆਂ ਅਮੀਰ ਭਾਸ਼ਾਵਾਂ ਵਿਚ ਸ਼ੁਮਾਰ ਕਰਵਾਇਆ ਹੈ। ਇਸ ਵਿਚ ਜੀਵਨ ਦੇ ਫ਼ਲਸਫ਼ੇ ਤੋਂ ਲੈ ਕੇ ਕਲਾ, ਸਾਹਿਤ, ਵਿਗਿਆਨ ਦੇ ਗਿਆਨ ਦਾ ਭੰਡਾਰ ਹੈ।

ਭਗਤ ਸ਼ੇਖ ਫਰੀਦ ਜੀ ਤੋਂ ਲੈ ਕੇ ਹੁਣ ਤਕ ਦੇ ਅਨੇਕਾਂ ਮਹਾਂਪੁਰਖਾਂ, ਕਵੀਆਂ, ਲਿਖਾਰੀਆਂ, ਨਾਵਲਕਾਰਾਂ, ਨਾਟਕਕਾਰਾਂ, ਸੰਗੀਤਕਾਰਾਂ ਨੇ ਪੰਜਾਬੀ ਬੋਲੀ ਵਿਚ ਸਿਰਜਣਾ ਕੀਤੀ ਤੇ ਇਸ ਦੀ ਸ਼ੋਭਾ ਵਧਾਉਣ ਵਿਚ ਕੋਈ ਕਸਰ ਨਹੀਂ ਛੱਡੀ। ਇਸ ਨਾਲ ਪੰਜਾਬੀ ਸੱਭਿਆਚਾਰ ਦਾ ਬਹੁ-ਮੁਖੀ ਵਿਕਾਸ ਹੋਇਆ ਹੈ। ਬੋਲੀ ਤੇ ਸੱਭਿਆਚਾਰ ਇਕ ਦੂਜੇ ਦੇ ਪੂਰਕ ਹੁੰਦੇ ਹਨ।

**ਪੂਰਬੀ ਭਾਰਤ- ਪੰਜਾਬੀ ਬੋਲੀ:** ਮੇਰਾ ਸਰੋਕਾਰ ਪੂਰਬੀ ਭਾਰਤ ਵਿਚ ਪੰਜਾਬੀ ਬੋਲੀ ਦੇ ਪਿਛਲੇ ਇਤਿਹਾਸ ਤੋਂ ਲੈ ਕੇ ਅੱਜ ਦੀ ਹਾਲਤ ਅਤੇ ਸੰਭਾਵਨਾਵਾਂ ਵੱਲ ਹੈ। ਪੂਰਬੀ ਭਾਰਤ ਦੀ ਕੁਝ ਵੱਸੋਂ ਵਿਚ ਇਹ ਜ਼ਬਾਨ ਸਦੀਆਂ ਤੋਂ ਬੋਲੀ ਜਾਂਦੀ ਹੈ। ਪੰਜਾਬੀ ਬੋਲਣ ਵਾਲਿਆਂ ਨੂੰ ਅਸੀਂ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ। ਪਹਿਲੇ ਵਰਗ ਵਿਚ ਪੰਜਾਬ ਨਾਲ ਸੰਬੰਧਿਤ ਲੋਕ ਹਨ। ਇਹ ਬੜੇ ਪੁਰਾਣੇ ਸਮਿਆਂ ਤੋਂ ਵਪਾਰ ਅਤੇ ਰੁਜ਼ਗਾਰ ਖਾਤਰ ਪੂਰਬੀ ਭਾਰਤ ਵੱਲ ਆਉਣ ਲੱਗੇ। ਕਈ ਹੌਲੀ-ਹੌਲੀ ਪੱਕੇ ਤੌਰ 'ਤੇ ਇਸ ਖਿੱਤੇ ਦੇ ਵਸਨੀਕ ਬਣ ਗਏ ਸਨ। ਉਹ ਆਪਣੇ ਨਾਲ ਮਹਾਨ ਬੋਲੀ ਅਤੇ ਸੱਭਿਆਚਾਰ ਨੂੰ ਵੀ ਨਾਲ ਲੈ ਕੇ ਆਏ। ਦੂਜੇ ਹਿੱਸੇ ਵਿਚ

**ਜਨਰਲ ਸਕੱਤਰ/ਇੰਚਾਰਜ (Hony) ਸਿੱਖ ਮਿਸ਼ਨ ਕਲਕੱਤਾ (ਪੂਰਬੀ ਭਾਰਤ) ਧਰਮ ਪ੍ਰਚਾਰ ਕਮੇਟੀ, (ਸ਼੍ਰੋ.ਗੁ.ਪ੍ਰ. ਕਮੇਟੀ), ਸ੍ਰੀ ਅੰਮ੍ਰਿਤਸਰ। ਮੋ: +੯੧੯੮੩੧੦-੫੯੬੭੫*

ਉਹ ਮਹੱਤਵਪੂਰਨ ਤਬਕਾ ਹੈ ਜਿਹੜਾ ਪੰਜਾਬੀ ਬੋਲੀ ਨੂੰ "ਗੁਰੂ ਬੋਲੀ" ਜਾਂ ਦੇਵ ਭਾਸ਼ਾ ਦਾ ਦਰਜਾ ਦਿੰਦਾ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦੇ ਹਨ। ਇਹ ਸਥਾਨਕ ਖਿੱਤੇ ਦੇ ਲੋਕ ਹਨ। ਇਨ੍ਹਾਂ ਵਿਚ ਕੁਝ ਸਿੱਖ "ਖਾਲਸਾ" ਅਤੇ ਕੁਝ "ਨਾਨਕ ਸ਼ਾਹ ਪੰਥੀ" ਵੀ ਅਖਵਾਉਂਦੇ ਹਨ।

**ਪੰਜਾਬ ਪਿਛੋਕੜ ਵਾਲੇ ਪਰਵਾਸੀ:** ਪੰਜਾਬੀਆਂ ਦਾ ਪੂਰਬੀ ਭਾਰਤ ਵੱਲ ਪਰਵਾਸ ਕਾਫੀ ਪੁਰਾਣਾ ਹੈ। ਪਰ ਵਧੇਰੇ ਪੁਖਤਾ ਸਬੂਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਦੇ ਆਸ-ਪਾਸ ਦੇ ਵਕਤ ਦੇ ਹਨ, ਇਸ ਦੀ ਇਕ ਉਦਾਹਰਨ ਸਾਲਸ ਰਾਇ ਜੌਹਰੀ (ਖੱਤਰੀ) ਅਤੇ ਅਦਰਕਾ ਅਰੋੜਾ ਨਾਲ ਉਨ੍ਹਾਂ ਦੀ ਪਟਨੇ ਵਿਚ ਮੁਲਾਕਾਤ ਹੋਣਾ ਹੈ। ਉਸ ਕਾਲ ਵਿਚ ਪੰਜਾਬੀ ਖੱਤਰੀ ਢਾਕੇ, ਮਦਰਾਸ, ਸ੍ਰੀ ਲੰਕਾ ਵਰਗੇ ਦੂਰ ਦੇ ਇਲਾਕਿਆਂ ਵਿਚ ਵਪਾਰ ਲਈ ਜਾਂਦੇ ਸਨ। ੧੭ਵੀਂ ਤੋਂ ੧੯ਵੀਂ ਸਦੀ ਤਕ ਬਹੁਤੇ ਪੰਜਾਬੀ (ਵਧੇਰੇ ਖੱਤਰੀ, ਅਰੋੜੇ, ਸਾਰਸਵਤ ਬ੍ਰਾਹਮਣ, ਕੁਝ ਮੁਸਲਮਾਨ ਰਾਜਪੂਤ ਅਤੇ ਪਠਾਨ) ਵਪਾਰ ਅਤੇ ਨੌਕਰੀਆਂ ਦੀ ਭਾਲ ਵਿਚ ਇਸ ਖਿੱਤੇ ਵੱਲ ਆਉਣ ਲੱਗੇ। ਉਹ ਛੋਟੇ ਵਪਾਰ, ਸਥਾਨਕ ਸ਼ਾਸਕਾਂ ਕੋਲ ਮੁਨੀਮੀ, ਤਾਲੁਕਦਾਰ, ਕਾਨੂੰਗੋ, ਗੋਮਾਸਤੇ, ਫੌਜਦਾਰ ਅਤੇ ਹੋਰ ਪ੍ਰਸ਼ਾਸਨਿਕ ਕੰਮਾਂ ਤੋਂ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਨ ਲੱਗੇ। ਮਗਰੋਂ ਇਨ੍ਹਾਂ ਵਿੱਚੋਂ ਕਈ ਬਹੁਤ ਵੱਡੇ ਧਨਾਢ, ਜ਼ਿੰਮੀਦਾਰ, ਰਾਜੇ ਅਤੇ ਨਵਾਬ ਵੀ ਬਣੇ। ਇਹ ਪੰਜਾਬੀ ਇੱਥੋਂ ਦੇ ਵਸਨੀਕ ਬਣ ਗਏ ਸਨ। ਅੱਜ ਵੀ ਇਸ ਦਾ ਅਹਿਮ ਜਿਊਂਦਾ ਜਾਗਦਾ ਸਬੂਤ ਬੰਗਾਲ ਦੇ ਬਰਦਵਾਨ ਦਾ ਰਾਜ ਘਰਾਣਾ ਹੈ। ੧੬ਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਲਾਹੌਰ ਤੋਂ ਸੰਗਮ ਰਾਏ ਬਰਦਵਾਨ ਆ ਕੇ ਵੱਸ ਗਏ ਅਤੇ ਵਪਾਰ ਕਰਨ ਲੱਗੇ। ਹੌਲੀ-ਹੌਲੀ ਉਨ੍ਹਾਂ ਦੀ ਔਲਾਦ ਬਰਦਵਾਨ ਦੇ ਦੀਵਾਨ, ਰਾਜੇ, ਮਹਾਰਾਜੇ ਅਤੇ ਮਹਾਰਾਜ ਧਿਰਾਜ ਵਰਗੇ ਖਿਤਾਬਾਂ ਨਾਲ ਨਿਵਾਜੇ ਗਏ। ਇਨ੍ਹਾਂ ਨੇ ਤਕਰੀਬਨ ੩੫੦ ਸਾਲ ਮੁਗ਼ਲ ਅਤੇ ਅੰਗਰੇਜ਼ਾਂ ਦੀ ਸਰਪ੍ਰਸਤੀ ਵਿਚ ਬੰਗਾਲ ਦੇ ਬਹੁਤ ਉਪਜਾਊ ਤੇ ਖਣਿਜ ਪਦਾਰਥਾਂ ਦੀ ਭਰਮਾਰ ਵਾਲੇ ਇਲਾਕੇ ਵਿਚ ਰਾਜ ਕੀਤਾ। ਇਹ ਬਰਦਵਾਨ ਰਾਜ ਦੇ ਨਾਂ ਨਾਲ ਪ੍ਰਸਿੱਧ ਹੈ। ਆਪਣੇ ਭਾਈਚਾਰੇ ਦੇ ਪੰਜਾਬ ਤੋਂ ਹਜ਼ਾਰਾਂ ਪਰਵਾਰ ਇੱਥੇ ਵਸਾਏ, ਇਨ੍ਹਾਂ ਦੀਆਂ ਕੁਝ ਨਿਸ਼ਾਨੀਆਂ ਅੱਜ ਵੀ ਮੌਜੂਦ ਹਨ। ੨੦ਵੀਂ ਸਦੀ ਦੇ ਸ਼ੁਰੂ ਤਕ ਵੀ ਇਹ ਪੂਰਨ ਤੌਰ 'ਤੇ ਪੰਜਾਬੀ ਬੋਲੀ, ਰੀਤ-ਰਿਵਾਜਾਂ, ਸੱਭਿਆਚਾਰ ਅਤੇ ਰਿਸ਼ਤੇ ਨਾਤੇ ਰਾਹੀਂ ਪੰਜਾਬ ਨਾਲ ਜੁੜੇ ਸਨ। ਇਸ ਰਾਜ ਪਰਵਾਰ ਦੀ ਸਰਪ੍ਰਸਤੀ ਹੇਠ ਹੀ ਮਸ਼ਹੂਰ ਬੰਗਾਲੀ ਆਗੂ ਰਾਜਾ ਰਾਮ ਮੋਹਨ ਰਾਏ ਅੰਦਰ ਨਵੀਂ ਚੇਤਨਾ ਦਾ ਵਿਕਾਸ ਹੋਇਆ। (ਇਨ੍ਹਾਂ ਦੇ ਪਿਤਾ ਸ੍ਰੀ ਰਾਮਾਕਾਂਤਾ ਰਾਏ ਬਰਦਵਾਨ ਰਾਜ ਦੇ ਦੀਵਾਨ ਸਨ) ਇਨ੍ਹਾਂ ਨੇ ਹੀ ਬੰਗਾਲ ਵਿਚ ਬ੍ਰਹਮੋ ਸਮਾਜ ਦਾ ਗਠਨ ਕਰ ਕੇ ਬੰਗਾਲੀਆਂ ਵਿਚ ਨਵੀਂ ਜਾਗ੍ਰਿਤੀ ਲਿਆਂਦੀ। ਮਹਾਂਕਵੀ ਰਾਬਿੰਦਰਨਾਥ ਟੈਗੋਰ ਦੇ ਦਾਦਾ ਦਵਾਰਕਾਨਾਥ ਟੈਗੋਰ ਵੀ ਇਸ ਰਾਜ ਦੇ ਦੇਖ-ਰੇਖ ਵਿਚ ਹੀ ਬਹੁਤ ਵੱਡੇ ਧਨਾਢ ਵਜੋਂ ਉਭਰੇ।

ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੇ ਪਤਨ ਮਗਰੋਂ ਬਹੁਤ ਸਾਰੇ ਪੇਂਡੂ ਪਿਛੋਕੜ ਵਾਲੇ (ਖਾਸ ਕਰਕੇ ਚੜ੍ਹਦੇ ਪੰਜਾਬ ਤੋਂ) ਪੰਜਾਬੀ ਵੀ ਪੂਰਬੀ ਭਾਰਤ ਵੱਲ ਮੂੰਹ ਕਰਨ

ਲੱਗੇ। ਇਨ੍ਹਾਂ ਆਮ ਤੌਰ 'ਤੇ ਅੰਗਰੇਜ਼ ਸਰਕਾਰ ਦੀ ਫੌਜ, ਕਾਰਖਾਨਿਆਂ ਦੇ ਕੰਮ, ਰੇਲਵੇ ਦੇ ਜਾਲ ਵਿਛਾਉਣ, ਖਾਣਾਂ ਤੋਂ ਖਣਿਜ ਪੁੱਟਣ, ਟਰਾਂਸਪੋਰਟ, ਢਾਬਿਆਂ ਅਤੇ ਹੋਰ ਬੁਨਿਆਦੀ ਕੰਮਾਂ ਤੋਂ ਆਪਣੀ ਜ਼ਿੰਦਗੀ ਦਾ ਸਫਰ ਸ਼ੁਰੂ ਕੀਤਾ। ਮਿਹਨਤਕਸ਼ ਪੰਜਾਬੀਆਂ ਨੇ ਇਨ੍ਹਾਂ ਸਾਰੇ ਖੇਤਰਾਂ ਵਿਚ ਆਪਣੀ ਹੁਨਰਮੰਦੀ ਰਾਹੀਂ ਵੱਖਰੀ ਪਛਾਣ ਕਾਇਮ ਕਰ ਲਈ ਸੀ। ਹੌਲੀ-ਹੌਲੀ ਇਹ ਲੋਕ ਆਪਣੇ ਪਰਵਾਰਾਂ ਸਹਿਤ ਪੱਕੇ ਤੌਰ 'ਤੇ ਵੱਸਣ ਲੱਗ ਪਏ ਅਤੇ ਆਪਣੇ ਨਾਲ ਮਾਂ ਬੋਲੀ ਅਤੇ ਸੱਭਿਆਚਾਰ ਦਾ ਅਨਮੋਲ ਖ਼ਜ਼ਾਨਾ ਵੀ ਲੈ ਕੇ ਆਏ। ਪੰਜਾਬ ਨਾਲ ਹਮੇਸ਼ਾਂ ਰਿਸ਼ਤੇ ਬਣਾਏ ਰੱਖੇ ਉਸ ਦੀ ਤਰੱਕੀ ਵਿਚ ਇਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਅੱਜ ਵੀ ਇਹ ਠੇਠ ਬੋਲੀ ਰਾਹੀਂ ਆਪਣੇ ਪੰਜਾਬੀ ਭਾਈਚਾਰੇ ਨਾਲ ਤਾਲਮੇਲ ਰੱਖਦੇ ਹਨ।

ਇਨ੍ਹਾਂ ਪੰਜਾਬੀਆਂ ਦੇ ਇਕ ਹਿੱਸੇ ਦੀ ਕਾਫੀ ਅਰਸੇ ਤੋਂ ਆਪਣੇ ਭਾਈਚਾਰੇ ਨਾਲ ਰਿਸ਼ਤੇ ਵਿਚ ਦੂਰੀ ਆ ਗਈ ਹੈ। ਆਪਣੇ ਰਿਸ਼ਤੇ ਨਾਤੇ ਸਥਾਨਕ ਲੋਕਾਂ ਨਾਲ ਕਾਇਮ ਕਰ ਲਏ ਹਨ। ਇਸ ਕਾਰਨ ਕੁਝ ਪੀੜੀਆਂ ਮਗਰੋਂ ਇਨ੍ਹਾਂ ਲੋਕਾਂ ਦੇ ਇਨ੍ਹਾਂ ਖੇਤਰਾਂ ਦੇ ਸੱਭਿਆਚਾਰ ਦਾ ਪ੍ਰਭਾਵ ਪੈਣ ਲੱਗ ਪਿਆ। ਇਨ੍ਹਾਂ ਉੱਪਰ ਵੱਖ-ਵੱਖ ਤਰੀਕੇ ਦੇ ਦਬਾਅ ਕਾਰਨ ਉਨ੍ਹਾਂ ਦੀ ਵੱਖਰਤਾ ਅਲੋਪ ਹੋ ਗਈ ਹੈ ਅਤੇ ਆਪਣੀ ਬੋਲੀ ਅਤੇ ਸੱਭਿਆਚਾਰ ਤੋਂ ਦੂਰ ਚਲੇ ਗਏ ਹਨ। ਇਕ ਹਿੱਸਾ ਉਨ੍ਹਾਂ ਲੋਕਾਂ ਦਾ ਹੈ, ਜਿਹੜੇ ਅੱਜ ਵੀ ਆਪਣੇ ਮੁੱਢ ਬੋਲੀ, ਸੱਭਿਆਚਾਰ ਤੇ ਭਾਈਚਾਰੇ ਨਾਲ ਪੂਰਾ ਤਾਲਮੇਲ ਰੱਖਦੇ ਹਨ। ਰਾਜਸੀ, ਸਮਾਜਿਕ, ਸੱਭਿਆਚਾਰ ਅਤੇ ਪੌਣ ਪਾਣੀ ਦੀਆਂ ਮੁਸ਼ਕਿਲਾਂ ਦੇ ਬਾਵਜੂਦ ਅੱਜ ਤਕ ਆਪਣੀ ਪੰਜਾਬੀ ਬੋਲੀ ਨੂੰ ਸਾਂਭਣ ਦਾ ਹੰਭਲਾ ਮਾਰਦੇ ਰਹਿੰਦੇ ਹਨ।

**ਪੰਜਾਬੀ ਬੋਲੀ-ਗੁਰੂ ਬੋਲੀ:** ਪੂਰਬੀ ਭਾਰਤ ਦਾ ਇਕ ਅਹਿਮ ਤਬਕਾ ਸਦੀਆਂ ਤੋਂ ਪੰਜਾਬੀ ਬੋਲੀ ਨਾਲ ਪੱਕੀ ਤਰ੍ਹਾਂ ਜੁੜਿਆ ਹੋਇਆ ਹੈ। ਇਸ ਗੱਲ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਵੇਲੇ ਪੂਰਬੀ ਭਾਰਤ ਦੇ ਪ੍ਰਚਾਰ ਹਿੱਤ ਯਾਤਰਾ ਤੋਂ ਸ਼ੁਰੂ ਹੁੰਦੀ ਹੈ। ਇੱਥੋਂ ਦੇ ਲੋਕਾਂ ਅੰਦਰ ਹੱਕ, ਸੱਚ, ਮਨੁੱਖੀ ਬਰਾਬਰੀ, ਸਮਾਜ ਵਿਚ ਪਏ ਊਚ-ਨੀਚ ਦੇ ਪਾੜੇ ਦਾ ਖਾਤਮਾ ਅਤੇ ਸਰਬੱਤ ਦੇ ਭਲੇ ਵਰਗੇ ਅਕਾਲ ਪੁਰਖ ਦੇ ਕਲਿਆਣਕਾਰੀ ਸੁਨੇਹੇ ਦਾ ਬਹੁਤ ਹੀ ਡੂੰਘਾ ਪ੍ਰਭਾਵ ਹੈ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਮਗਰੋਂ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਵੀ ਇਧਰਲੀ ਸੰਗਤ ਨਾਲ ਰਾਬਤਾ ਰੱਖਿਆ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੂੰ ਆਪਣੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਸੌਂਪ ਕੇ ਪੂਰਬੀ ਭਾਰਤ ਵਿਚ ਸਿੱਖੀ ਪ੍ਰਚਾਰ ਦਾ ਨਵਾਂ ਅਧਿਆਏ ਖੋਲ੍ਹ ਦਿੱਤਾ। ਭਗਤ ਭਗਵਾਨ ਗਿਰੀ ਵਰਗੇ ਬਿਹਾਰ ਦੇ ਬਾਸ਼ਿੰਦੇ ਨੇ ਇਸ ਨਿਰਮਲ ਪੰਥ ਦਾ ਡਟ ਕੇ ਪ੍ਰਚਾਰ ਕੀਤਾ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਪਰਵਾਰ ਅਤੇ ਸਿੱਖਾਂ ਨਾਲ ਇਸ ਇਲਾਕੇ ਵਿਚ ਲੰਮੇ ਵਕਤ ਲਈ ਆਏ। ਉਸ ਵੇਲੇ ਸਿੱਖੀ ਪ੍ਰਚਾਰ ਸ਼ਿਖਰ 'ਤੇ ਪਹੁੰਚ ਗਿਆ। ਪੁਰਾਣੇ ਰਿਸ਼ਤਿਆਂ ਨੂੰ ਤਸਦੀਕ ਕਰਦਿਆਂ ਇਕ ਨਵੇਂ ਦੌਰ ਦੀ ਸ਼ੁਰੂਆਤ ਹੋਣ ਲੱਗੀ। ਗੁਰੂ ਜੀ ਦੇ ਪਾਵਨ ਸੰਦੇਸ਼ ਦਾ ਥਾਂ-ਥਾਂ ਪ੍ਰਚਾਰ ਹੋਣ ਲੱਗਿਆ। ਗੁਰੂ ਸਾਹਿਬ ਨੇ ਆਪਣੇ ਪਰਵਾਰ ਨੂੰ ਪਟਨੇ ਛੱਡ ਕੇ ਸਿੱਖਾਂ

ਸਮੇਤ ਪੂਰਬੀ ਭਾਰਤ ਵਿਚ ਸਿੱਖੀ ਦੇ ਪ੍ਰਚਾਰ ਲਈ ਤੁਰ ਪਏ। ਪਟਨਾ ਸਾਹਿਬ ਵਿਚ ਹੀ ਗੁਰੂ ਜੀ ਦੇ ਸਪੁੱਤਰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸ਼ੁਭ ਆਗਮਨ ਹੋਇਆ। ਉਨ੍ਹਾਂ ਦਾ ਬਾਲਪਨ ਵੀ ਇੱਥੇ ਬਤੀਤ ਹੋਇਆ। ਉਸ ਵਕਤ ਤਕ ਪਟਨਾ ਸਾਹਿਬ ਵਿਚ ਪੰਜਾਬੀਆਂ ਦਾ ਤਕੜਾ ਪ੍ਰਭਾਵ ਪੈਣ ਲੱਗ ਪਿਆ ਸੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੱਖ ਵਿਦਵਾਨਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਕਾਂਸ਼ੀ ਭੇਜਿਆ। ਇਨ੍ਹਾਂ ਨੂੰ ਗੁਰੂ ਸਾਹਿਬ ਨੇ ਗੁਰਬਾਣੀ, ਸ਼ਸ਼ਤਰ ਅਤੇ ਬ੍ਰਹਮ ਵਿੱਦਿਆ ਵਿਚ ਮਾਹਿਰ ਬਣਾਇਆ। ਇਨ੍ਹਾਂ ਨੂੰ ਅਸੀਂ ਨਿਰਮਲੇ ਪ੍ਰਚਾਰਕਾਂ ਵਜੋਂ ਜਾਣਦੇ ਹਾਂ। ਪੂਰਬੀ ਭਾਰਤ ਵਿਚ ਇਨ੍ਹਾਂ ਨੇ ਸਿੱਖੀ ਰਾਹੀਂ ਪੰਜਾਬੀਅਤ ਦਾ ਪ੍ਰਚਾਰ ਕੀਤਾ। ਸਿੱਖੀ ਦੇ ਜ਼ੋਰਦਾਰ ਪ੍ਰਚਾਰ ਸਦਕਾ ਇਸ ਇਲਾਕੇ ਵਿਚ ਦੂਰ ਦੂਰ ਤਕ ਸਿੱਖ ਸੰਗਤਾਂ ਕਾਇਮ ਹੋਣ ਲੱਗੀਆਂ, ਧਰਮਸ਼ਾਲਵਾਂ ਬਣਨ ਲੱਗੀਆਂ। ਬੜੀ ਸੰਗਤ, ਛੋਟੀ ਸੰਗਤ, ਪੁਰਾਣੀ ਸੰਗਤ, ਨਈਂ ਸੰਗਤ, ਕੱਚੀ ਸੰਗਤ, ਪੱਕੀ ਸੰਗਤ, ਟਕਸਾਲ ਸੰਗਤ ਅਤੇ ਹੋਰ ਅਜਿਹੇ ਨਾਵਾਂ ਨਾਲ ਗੁਰਦੁਆਰਾ ਸਾਹਿਬਾਨ ਜਾਂ ਉਦਾਸੀ ਅਤੇ ਨਿਰਮਲੇ ਡੇਰੇ ਹੋਂਦ ਵਿਚ ਆਏ। ਉਸ ਸਮੇਂ ਉਦਾਸੀ ਅਤੇ ਨਿਰਮਲੇ ਸਾਧ ਨਿਰੋਲ ਸਿੱਖੀ ਦੇ ਪ੍ਰਚਾਰਕ ਸਨ। ਯੂਰਪੀ, ਦੇਸੀ ਅਤੇ ਸਿੱਖ ਇਤਿਹਾਸਕਾਰਾਂ ਨੇ ਕਈ ਥਾਵਾਂ 'ਤੇ ਇਸ ਗੱਲ ਦਾ ਜ਼ਿਕਰ ਕੀਤਾ ਹੈ। ਸਥਾਨਕ ਲੋਕਾਂ ਉੱਪਰ ਸਿੱਖੀ ਦਾ ਡੂੰਘਾ ਅਸਰ ਪੈਣ ਲੱਗਿਆ ਅਤੇ ਸਿੱਖ ਫ਼ਲਸਫ਼ੇ ਦੇ ਪਵਿੱਤਰ ਆਦਰਸ਼ਾਂ ਨਾਲ ਜੁੜਦੇ ਗਏ।

ਪੂਰਬੀ ਯੂ.ਪੀ. ਦੇ ਆਜਮਗੜ੍ਹ, ਨਿਜ਼ਾਮਾਬਾਦ, ਬਲੀਆ, ਬਸਤੀ, ਮਿਰਜਾਪੁਰ, ਬਨਾਰਸ, ਬਿਹਾਰ ਦੇ ਸਾਸਾਰਾਮ, ਪਟਨਾ, ਆਰਾ, ਮਧੂਡੀਹ (ਮਧੂਬਨੀ), ਸ਼ਿਵ ਨਗਰ, (ਵੈਸ਼ਾਲੀ), ਅਰਵੱਲ, ਜਹਾਨਾਬਾਦ, ਰਾਜਗਿਰੀ, ਨਵਾਦਾ, ਗਯਾ ਤੋਂ ਲੈ ਕੇ ਭਾਗਲਪੁਰ, ਕਟਿਹਾਰ ਜ਼ਿਲ੍ਹੇ ਵਿਚ ਵਸਦੇ ਕਈ ਪੁਰਾਤਨ ਸਿੱਖਾਂ ਦੇ ਪਿੰਡ, ਪੂਰਨੀਆਂ ਤੇ ਅਰਰੀਆ ਦੀਆਂ ਕਈ ਥਾਵਾਂ ਵਿਚ ਸਿੱਖੀ ਦਾ ਅਸਰ ਅੱਜ ਵੀ ਮਿਲਦਾ ਹੈ। ਇਸ ਦੇ ਨਾਲ ਹੀ ਝਾਰਖੰਡ ਦਾ ਹੰਟਰਗੰਜ, ਆਸਾਮ ਦੇ ਵਿਚ ਕਈ ਪਿੰਡ, ਉੜੀਸਾ ਦਾ ਝਾੜਸੁਗੁੜਾ ਨੇੜੇ ਅਤੇ ਬੰਗਾਲ ਦੇ ਮੁਰਾਰਾਈ, ਕੋਟਾਈ, ਕਲਕੱਤਾ ਅਤੇ ਢਾਕੇ ਤਕ ਵੀ ਸਥਾਨਕ ਸਿੱਖੀ ਦਾ ਪ੍ਰਭਾਵ ਮਿਲਦਾ ਹੈ। ਜ਼ਿਕਰ ਕੀਤਿਆਂ ਬਹੁਤੀਆਂ ਥਾਵਾਂ 'ਤੇ ਅੱਜ ਵੀ ਸਿੱਖੀ ਦਾ ਜਾਹ-ਓ-ਜਲਾਲ ਕਾਇਮ ਹੈ। ਨਾਨਕ ਸ਼ਾਹ ਪੰਥੀਆਂ ਦੀ ਗਿਣਤੀ ਕਾਫੀ ਜ਼ਿਆਦਾ ਘੱਟ ਗਈ ਹੈ। ਖਾਲਸਈ ਸਿੱਖਾਂ ਨੇ ਅੱਜ ਵੀ ਆਪਣੀ ਸਿੱਖੀ ਨੂੰ ਸੰਭਾਲ ਕੇ ਰੱਖਿਆ ਹੈ ਅਤੇ ਪੰਥ ਦਾ ਅਹਿਮ ਅੰਗ ਹਨ।

ਬਿਹਾਰ ਦੇ ਕਾਫੀ ਲੋਕਾਂ ਨੇ ਆਪਣੀ ਰੋਜ਼ੀ ਰੋਟੀ ਲਈ ਪੰਜਾਬ ਵੱਲ ਰੁਖ਼ ਕੀਤਾ ਹੈ। ਇਨ੍ਹਾਂ ਉੱਪਰ ਵੀ ਸਿੱਖੀ ਅਤੇ ਪੰਜਾਬੀ ਬੋਲੀ ਦਾ ਅਸਰ ਸਾਫ਼-ਸਾਫ਼ ਝਲਕਦਾ ਹੈ। ਸਿੱਖ ਧਰਮ ਦੀ ਰਹਿਣੀ-ਬਹਿਣੀ ਨੂੰ ਅਪਣਾਉਂਦਿਆਂ ਹੋਇਆਂ ਖੰਡੇ-ਬਾਟੇ ਦੀ ਪਾਹੁਲ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ ਹਨ। ਇਸ ਦੀ ਵੱਡੀ ਮਿਸਾਲ ਅਰਰੀਆ ਜ਼ਿਲ੍ਹੇ ਦੇ ਹਲਹਲੀਆ ਅਤੇ ਆਸ-ਪਾਸ ਦੇ ਪਿੰਡਾਂ ਵਿਚ ਮਿਲਦੀ ਹੈ।

ਇਨ੍ਹਾਂ ਖੇਤਰੀ ਸਿੱਖਾਂ ਦੀ ਮਾਂ ਬੋਲੀ ਭੋਜਪੁਰੀ, ਮੈਥਿਲੀ, ਮਘੀ, ਖੜੀ ਬੋਲੀ, ਆਸਾਮੀ, ਬੰਗਾਲੀ ਜਾਂ ਉੜੀਆ ਹੈ। ਇਸ ਕਰਕੇ ਇਨ੍ਹਾਂ ਨੂੰ ਆਪਾਂ ਬਿਹਾਰੀ ਸਿੱਖ, ਆਸਾਮੀ ਸਿੱਖ ਜਾਂ

ਬੰਗਾਲੀ ਸਿੱਖ ਕਹਿੰਦੇ ਹਾਂ। ਇਹ ਸਾਰੇ ਪੰਜਾਬੀ ਬੋਲੀ ਨੂੰ ਬੋਲ ਪੜ੍ਹ ਲੈਂਦੇ ਹਨ। ਬੇਸ਼ਕ ਉਨ੍ਹਾਂ ਵਿਚ ਕਈਆਂ ਦਾ ਪੰਜਾਬੀ ਬੋਲਣ ਦੇ ਲਹਿਜ਼ੇ ਉੱਪਰ ਉਨ੍ਹਾਂ ਦੀ ਮਾਂ ਬੋਲੀ ਦਾ ਅਸਰ ਹੈ, ਪਰ ਪੰਜਾਬੀ ਬੋਲੀ ਉੱਪਰ ਪੂਰੀ ਪਕੜ ਹੈ। ਉਹ ਸਿੱਖੀ ਸੱਭਿਆਚਾਰ ਦੇ ਅਟੁੱਟ ਅੰਗ ਬਣ ਗਏ ਹਨ।

ਇਸ ਸਾਰੇ ਖੇਤਰ ਦੀ ਖੋਜ ਤੋਂ ਪਤਾ ਚੱਲਦਾ ਹੈ ਕਿ ੧੭ਵੀਂ, ੧੮ਵੀਂ ਅਤੇ ੧੯ਵੀਂ ਸਦੀ ਦੌਰਾਨ ਖਾਸ ਕਰ ਬਿਹਾਰ, ਯੂ. ਪੀ. ਵਿਚ ਪੰਜਾਬੀ ਬੋਲੀ ਦੀ ਪਕੜ ਕਾਫੀ ਮਜ਼ਬੂਤ ਸੀ। ਉਦਾਸੀ, ਨਿਰਮਲੇ ਅਤੇ ਗਿਆਨੀ ਪ੍ਰਚਾਰਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਦੇਸ਼ ਦਾ ਡਟ ਕੇ ਪ੍ਰਚਾਰ ਕੀਤਾ ਹੈ। ਗੁਰਦੁਆਰਾ ਸਾਹਿਬਾਨ, ਸੰਗਤਾਂ ਅਤੇ ਡੇਰਿਆਂ ਰਾਹੀਂ ਸਮਾਜ ਦੇ ਹਰ ਵਰਗ ਤਕ ਪਹੁੰਚ ਕੀਤੀ। ਅਗ੍ਰਹਰੀ, ਕਲਵਾਰ, ਕਾਇਸਤ, ਕੇਸਰਵਾਨੀ, ਕੁਸਵਾਹਾ, ਸੁਨਾਰ, ਬ੍ਰਾਹਮਣ, ਤੇਲੀ, ਕੇਵਟ, ਮਛੂਆਰੇ, ਭੂਮੀਹਾਰ ਅਤੇ ਹੋਰ ਜਾਤਾਂ ਦੇ ਲੋਕ ਵੀ ਸਿੱਖ ਜਗਤ ਦਾ ਅਹਿਮ ਹਿੱਸਾ ਬਣ ਗਏ।। ਉਸ ਵਕਤ ਉਨ੍ਹਾਂ ਵਿਚ ਕਈ ਲੋਕ ਲੜੀਵਾਰ ਸ਼ਬਦਾਂ ਵਿਚ ਲਿਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਬੇਰੋਕ ਪੜ੍ਹ ਲੈਂਦੇ ਸਨ। ਨਿੱਤਨੇਮ ਦਾ ਰੋਜ਼ਾਨਾ ਪਾਠ ਕੀਤਾ ਜਾਂਦਾ ਸੀ। ਪੰਜਾਬੀ ਬੋਲੀ ਅਤੇ ਮੁਹਾਰਨੀ ਦਾ ਪੂਰਾ ਗਿਆਨ ਸੀ। ਇਹ ਗੱਲਾਂ ਅਸਾਂ ਕਈ ਪੁਰਾਣੇ ਬਜ਼ੁਰਗਾਂ ਤੋਂ ਵੀ ਸੁਣੀਆਂ ਹਨ। ਕਈ ਇਤਿਹਾਸਕਾਰਾਂ ਨੇ ਬਿਹਾਰ ਖਾਸਕਰ ਪਟਨਾ ਸਾਹਿਬ ਵਿਚ ਸਿੱਖਾਂ ਦੀ ਵੱਡੀ ਗਿਣਤੀ ਵਿਚ ਦੋ ਵਰਗ ਖਾਲਸਾ (ਰਹਿਤ ਬਹਿਤ ਵਾਲੇ) ਅਤੇ ਖੋਲਾਸਾ (ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਬਗੈਰ ਰਹਿਤ ਵਾਲੇ ਨਾਨਕ ਸ਼ਾਹ ਪੰਥੀਆਂ ਦਾ ਜ਼ਿਕਰ ਵੀ ਕੀਤਾ ਹੈ।

ਦੁਨੀਆ ਦੇ ਕਿਤੇ ਵੀ ਵੱਸਦੇ ਸਿੱਖਾਂ ਤੋਂ ਉਨ੍ਹਾਂ ਦਾ ਖਾਲਸਈ ਜੀਵਨ ਘੱਟ ਨਹੀਂ ਹੈ। ਇਨ੍ਹਾਂ ਗੁਰੂ ਪਿਆਰਿਆਂ ਨੂੰ ਪਤਾ ਹੈ ਕਿ ਜਿਸ ਪ੍ਰਕਾਰ ਇਕ ਗਿਆਨਵਾਨ ਹਿੰਦੂ ਨੂੰ ਸੰਸਕ੍ਰਿਤ ਅਤੇ ਮੁਸਲਮਾਨ ਨੂੰ ਅਰਬੀ, ਫ਼ਾਰਸੀ ਦਾ ਇਲਮ ਹੋਣਾ ਜ਼ਰੂਰੀ ਹੈ, ਠੀਕ ਉਸ ਤਰੀਕੇ ਨਾਲ ਦੁਨੀਆ ਦੇ ਹਰ ਸਿੱਖ ਨੂੰ ਪੰਜਾਬੀ ਬੋਲੀ ਦਾ ਗਿਆਨ ਵੀ ਲਾਜ਼ਮੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ੍ਰੀਵ ਭਾਵ ਨੂੰ ਸਮਝਣ ਲਈ ਪੰਜਾਬੀ ਬੋਲੀ ਦੀ ਸੋਝੀ ਜ਼ਰੂਰੀ ਹੈ। ਪੰਜਾਬੀ ਬੋਲੀ ਦਾ ਬਹੁਤ ਹੀ ਸਤਿਕਾਰ ਕਰਦੇ ਹਨ ਅਤੇ ਮਾਂ ਬੋਲੀ ਤੋਂ ਵਧੇਰੇ ਉਪਰਲਾ ਦਰਜ਼ਾ ਦਿੰਦੇ ਹਨ। ਇਨ੍ਹਾਂ ਕਾਰਨਾਂ ਕਰਕੇ "ਪੰਜਾਬੀ ਬੋਲੀ" ਇਨ੍ਹਾਂ ਲੋਕਾਂ ਦੀ "ਗੁਰੂ ਬੋਲੀ" ਬਣ ਜਾਂਦੀ ਹੈ।

**ਪੂਰਬੀ ਭਾਰਤ ਵਿਚ ਪੰਜਾਬੀਆਂ ਦਾ ਪੰਜਾਬੀ ਅਤੇ ਹੋਰ ਬੋਲੀਆਂ ਦੇ ਵਿਕਾਸ ਵਿਚ ਯੋਗਦਾਨ:** ਪੰਜਾਬੀਆਂ ਨੇ ਦੇਸ਼ ਦੇ ਇਸ ਹਿੱਸੇ ਵਿਚ ਪੰਜਾਬੀ, ਹਿੰਦੀ, ਬ੍ਰਜ, ਸੰਸਕ੍ਰਿਤ, ਬੰਗਲਾ ਆਦਿਕ ਬੋਲੀਆਂ ਦੇ ਵਿਕਾਸ ਵਿਚ ਵਧ-ਚੜ੍ਹ ਦੇ ਹਿੱਸਾ ਪਾਇਆ ਹੈ। ਇਸ ਖਿੱਤੇ ਨਾਲ ਜੁੜੇ ਸਿੱਖ ਬੁੱਧੀਜੀਵੀਆਂ ਨੇ ਸਿੱਖਾਂ ਦੇ ਵੰਨ-ਸੁਵੰਨੇ ਇਤਿਹਾਸ ਨੂੰ ਆਪਣੇ ਤਰੀਕੇ ਨਾਲ ਲਿਖਿਆ ਹੈ। ਪਹਿਲੇ ਲਿਖਾਰੀਆਂ ਵਿੱਚੋਂ ਪਟਨਾ ਸਾਹਿਬ ਦੇ ਗ੍ਰੰਥੀ ਸਾਹਿਬਾਨ ਭਾਈ ਸੁੱਖਾ ਸਿੰਘ ਦਾ ਨਾਮ ਲਿਆ ਜਾ ਸਕਦਾ ਹੈ। ਉਨ੍ਹਾਂ ਨੇ 'ਗੁਰੂ ਬਿਲਾਸ ਪਾਤਸ਼ਾਹੀ ਦਸਵੀਂ' ਦਾ ਸੰਪਾਦਨ ਕੀਤਾ। ਇਸ ਵਿਚ ਬ੍ਰਜ ਭਾਸ਼ਾ ਦੀ ਵਧੇਰੇ ਵਰਤੋਂ ਕੀਤੀ ਗਈ ਹੈ, ਪਰ ਇਹ ਲਿਖਿਆ ਗੁਰਮੁਖੀ ਲਿਪੀ ਵਿਚ ਹੈ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ

ਬਿਰਤਾਂਤ ਬੜੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ।

ਪੰਜਾਬ ਤੋਂ ਪਰਵਾਸ ਕਰ ਕੇ ਪੂਰਬੀ ਭਾਰਤ ਵਿਚ ਸਿੱਖਾਂ ਦਾ ਬਹੁਤ ਹੀ ਅਹਿਮ ਪਰਵਾਰ ਵੱਸਿਆ ਸੀ। ਇਹ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਦੀ ਕੁਲ ਤੋਂ ਬਾਵਾ ਸਰੂਪ ਚੰਦ ਦਾ ਪਰਵਾਰ ਹੈ। ਇਹ ੧੮ਵੀਂ ਸਦੀ ਵਿਚ ਪੂਰਬੀ ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਵਿਚ ਪੈਂਦਾ ਨਿਜਾਮਾਬਾਦ ਨਾਮਕ ਸ਼ਹਿਰ ਵਿਚ ਪੱਕੇ ਤੌਰ 'ਤੇ ਵੱਸ ਗਏ ਸੀ। ਉਨ੍ਹਾਂ ਨੇ ਸਿੱਖ ਗੁਰੂ ਸਾਹਿਬਾਨ ਦੇ ਬਾਰੇ ਇਕ ਦਸਤਾਵੇਜ਼ੀ ਗ੍ਰੰਥ ਵੀ ਲਿਖਿਆ। ਇਸ ਨੂੰ 'ਮਹਿਮਾ ਪ੍ਰਕਾਸ਼' ਵਜੋਂ ਜਾਣਿਆ ਜਾਂਦਾ ਹੈ ਅਤੇ ਸਿੱਖ ਧਰਮ ਦੇ ਮੁੱਢਲੇ ਇਤਿਹਾਸਿਕ ਸ੍ਰੋਤ ਵਜੋਂ ਮੰਨਿਆ ਜਾਂਦਾ ਹੈ। ਇਨ੍ਹਾਂ ਦੇ ਸਪੁੱਤਰ ਬਾਵਾ ਕ੍ਰਿਪਾਲ ਦਿਆਲ ਜੀ, ਪੋਤਰੇ ਬਾਵਾ ਸਾਧੂ ਸਿੰਘ ਅਤੇ ਪੜਪੋਤੇ ਬਾਵਾ ਸੁਮੇਰ ਸਿੰਘ ਜੀ ਨਿਜਾਮਬਾਦ ਵਿਚ ਵੱਸਦੇ ਰਹੇ। ਬਾਵਾ ਸੁਮੇਰ ਸਿੰਘ ਆਪਣੇ ਵਕਤ ਦੇ ਸਿਰਮੌਰ ਬਹੁ-ਭਾਸ਼ੀ ਵਿਦਵਾਨ ਸਨ। ਉਸ ਕਾਲ ਵਿਚ ਉਨ੍ਹਾਂ ਨੂੰ ਵਿਦਵਤਾ ਦਾ ਸਮੁੰਦਰ ਸਮਝਿਆ ਜਾਂਦਾ ਸੀ। ਫਰੀਦਕੋਟੀ ਟੀਕੇ ਦਾ ਸੰਪਾਦਨ ਵੀ ਬਾਵਾ ਜੀ ਦੀ ਨਿਗਰਾਨੀ ਹੇਠ ਹੋਇਆ। ਉਨ੍ਹਾਂ ਵੱਲੋਂ ਲਿਖਿਆ "ਗੁਰ ਬਿਲਾਸ ਪਾਤਸਾਹੀ ਦਸਵੀਂ", "ਗੁਰੂ ਗੋਬਿੰਦ ਚਰਿੱਤਰ", "ਸੁਮੇਰ ਭੂਸ਼ਨ", "ਖਾਲਸ ਸਤਕ", "ਚਿੰਤਾ ਮਣੀ", "ਸਮਵੱਤ ਪ੍ਰਕਾਸ਼", "ਗੁਰੂ ਚਰਿਤ੍ਰ ਦਰਪਣ" ਵਰਗੀਆਂ ਬੇਸ਼ੁਮਾਰ ਲਿਖਤਾਂ ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਈਆਂ ਹਨ। ਉਹ ਆਪਣੇ ਵੇਲੇ ਦੇ ਮਹਾਂਕਵੀਆਂ ਦੇ ਮਹਾਂਕਵੀ ਸਨ। ਹਿੰਦੀ ਜਗਤ ਦੇ ਵੱਡੇ ਕਵੀ ਅਯੋਧਿਆ ਸਿੰਘ ਉਪਾਧਿਆਏ ਹਰੀਓਧ (ਇਨ੍ਹਾਂ ਦੇ ਪਰਵਾਰ ਕਈ ਪੀੜ੍ਹੀਆਂ ਤੋਂ ਨਾਨਕ ਸ਼ਾਹੀ ਪੰਥ ਨਾਲ ਸੰਬੰਧਿਤ ਸਿੱਖ ਸਨ) ਮਾਰਕੰਡੇ, ਰਤਨਾਕਰ ਕਵੀ ਜਗਨਨਾਥ ਦਾਸ ਵਰਗੇ ਮਹਾਨ ਕਵੀਆਂ ਦੀਆਂ ਕਵਿਤਾਵਾਂ ਦੀ ਸੁਧਾਈ ਕਰਦੇ ਸਨ। ਇਹ ਸਾਰੇ ਬਾਵਾ ਸੁਮੇਰ ਸਿੰਘ ਨੂੰ ਆਪਣਾ ਉਸਤਾਦ ਮੰਨਦੇ ਸਨ। ਮਸ਼ਹੂਰ ਬੰਗਾਲੀ ਇਤਿਹਾਸਕਾਰ ਜੇ. ਐਨ. ਭੱਟਾਚਾਰ ਜੀ (ਹਿੰਦੂ ਕਾਸਟ ਐਂਡ ਟ੍ਰਾਈਬਜ਼-੧੮੯੬ ਦੇ ਲੇਖਕ) ਨੇ ਬਾਵਾ ਜੀ ਤੋਂ ਉਨ੍ਹਾਂ ਦੀ ਕਲਕੱਤਾ ਫੇਰੀ ਸਮੇਂ ਕਾਫੀ ਜਾਣਕਾਰੀ ਪ੍ਰਾਪਤ ਕੀਤੀ। ਬਾਵਾ ਜੀ ਤਕਰੀਬਨ ੨੦ ਸਾਲ ਤਖਤ ਸ੍ਰੀ ਪਟਨਾ ਸਾਹਿਬ ਦੇ ਮਹੰਤ (ਜਥੇਦਾਰ) ਰਹੇ। ਉਸ ਸਮੇਂ ਬਹੁਤ ਸਾਰੇ ਨਾਨਕ ਪੰਥੀ ਸਿੱਖਾਂ ਨੂੰ ਪ੍ਰੇਰਿਤ ਕਰਕੇ ਖੰਡੇ-ਬਾਟੇ ਦੀ ਪਾਹੁਲ ਛਕਵਾ ਕੇ ਖਾਲਸਾ ਪੰਥ ਦਾ ਹਿੱਸਾ ਬਣਾਇਆ। ਉਹ ਬੜੇ ਤਕੜੇ ਬੁਲਾਰੇ ਅਤੇ ਸਟੇਜ ਨੂੰ ਬੰਨ੍ਹਣ ਦੀ ਕਾਬਲੀਅਤ ਰੱਖਦੇ ਸਨ। ਇਸੇ ਤਰ੍ਹਾਂ ਆਪਣੇ ਜ਼ਮਾਨੇ ਦੇ ਸਤਿਕਾਰਤ ਨਿਰਮਲੇ ਪ੍ਰਚਾਰਕ ਪੰਡਿਤ ਨਾਰਾਇਣ ਸਿੰਘ ਰਿਸ਼ੀਕੇਸ਼ ਵਾਲੇ ਸੰਨ ੧੮੮੩ ਈ. ਦੇ ਆਸ ਪਾਸ ਬੰਗਾਲ ਦੀ ਯਾਤਰਾ ਨੂੰ ਆਏ। ਇਨ੍ਹਾਂ ਨੇ ਬੰਗਲਾ ਭਾਸ਼ਾ ਸਿੱਖ ਕੇ ਬੰਗਾਲੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਚਾਰ ਕੀਤਾ।

ਪੰਜਾਬੀ ਸਾਰਸਵਤ ਬ੍ਰਾਹਮਣ ਯੋਗਾਧਿਆਨ ਮਿਸਰ (ਜੇਟਲੀ) ੧੯ਵੀਂ ਸਦੀ ਦੇ ਸ਼ੁਰੂ ਵਿਚ ਸੰਸਕ੍ਰਿਤ, ਹਿੰਦੀ ਅਤੇ ਬੰਗਲਾ ਭਾਸ਼ਾ ਦੇ ਮਹਾਨ ਵਿਦਵਾਨ ਹੋਏ ਹਨ। ਉਹ ੧੮੨੬ ਈ. ਵਿਚ ਕਲਕੱਤੇ ਦੇ ਮਸ਼ਹੂਰ ਸੰਸਕ੍ਰਿਤ ਕਾਲਜ ਦੇ ਜੋਤਿਸ਼ ਅਤੇ ਗਣਿਤ ਵਿਭਾਗ ਦੇ ਪਹਿਲੇ ਮੁਖੀ ਬਣੇ। ਬੰਗਾਲੀਆਂ ਦੇ ਟੀਸੀ ਤੇ ਬਿਰਾਜੇ ਬਹੁਤ ਹੀ ਅਹਿਮ ਬੁੱਧੀਜੀਵੀ ਈਸ਼ਵਰ ਚੰਦਰ

"ਵਿਦਿਆਸਾਗਰ" ਵੀ ਇਨ੍ਹਾਂ ਦੇ ਹੋਣਹਾਰ ਵਿਦਿਆਰਥੀ ਸਨ। ਪੰਡਤ ਯੋਗਾਧਿਆਨ ਨੇ ਹਿੰਦੀ ਅਤੇ ਸੰਸਕ੍ਰਿਤ ਦੀ ਛਪਾਈ ਲਈ "ਸਾਰ ਸੁਧਾਨਿਧੀ" ਨਾਮਕ ਪ੍ਰੈੱਸ ਵੀ ਲਾਈ। ੧੯ਵੀਂ ਸਦੀ ਦੇ ਵਿਚ ਹੀ ਪੰਜਾਬੀ ਪਿਛੋਕੜ ਵਾਲੇ ਬਾਬੂ ਦੇਵਕੀ ਨੰਦਨ ਖੱਤਰੀ ਹਿੰਦੀ ਜਗਤ ਦੇ ਮੋਢੀ ਨਾਵਲਕਾਰ ਹੋਏ ਹਨ। ਇਨ੍ਹਾਂ ਦਾ ਜਨਮ ਬਿਹਾਰ ਦੇ ਸਮਸਤੀਪੁਰ ਵਿਖੇ ਹੋਇਆ ਸੀ। ਭਾਗਲਪੁਰ ਦੇ ਲਾਲ ਬਿਹਾਰੀ ਸਿੰਘ ਖੱਤਰੀ ਨੇ ਬੰਗਲਾ ਵਿਚ ਜਪੁਜੀ ਸਾਹਿਬ ਦਾ ਉਸ ਵਕਤ ਅਨੁਵਾਦ ਕੀਤਾ। ਉਸੇ ਸਦੀ ਵਿਚ ਪੰਜਾਬੀ ਪਿਛੋਕੜ ਵਾਲੇ ਲੇਖਕ ਕਿਸ਼ਨ ਲਾਲ ਬਰਮਨ ਨੇ ਬੰਗਲਾ ਵਿਚ ਬਹੁਤ ਨਾਮਵਰ ਹਾਸ ਵਿਅੰਗ ਗੋਪਾਲ ਭਾਂੜ ਦੀ ਰਚਨਾ ਕੀਤੀ। ਹਿੰਦੀ ਭਾਸ਼ਾ ਦੇ ਮੁੱਢਲੇ ਵਿਕਾਸ ਦਾ ਸਿਹਰਾ ਪੰਜਾਬੀ ਪਿਛੋਕੜ ਵਾਲੇ ਖੱਤਰੀ ਅਤੇ ਸਾਰਸਵੱਤ ਬ੍ਰਾਹਮਣਾਂ ਨੂੰ ਜਾਂਦਾ ਹੈ। ਕਲਕੱਤਾ, ਬਨਾਰਸ, ਅਲਾਹਾਬਾਦ ਅਤੇ ਪਟਨਾ ਵਿਖੇ ਇਨ੍ਹਾਂ ਪੰਜਾਬੀਆਂ ਦੀ ਸਰਪ੍ਰਸਤੀ ਵਿਚ ਹਿੰਦੀ ਦਾ ਮੁੱਢ ਬੰਨ੍ਹਿਆ ਗਿਆ।

ਸਿੱਖੀ ਤੋਂ ਪ੍ਰੇਰਿਤ ਹੋ ਕੇ ਬੰਗਾਲੀ ਤੇ ਹਿੰਦੀ ਵਿਦਵਾਨ ਪੰਜਾਬੀ ਬੋਲੀ ਸਿੱਖਣ ਅਤੇ ਪੜ੍ਹਣ ਲੱਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕੁਝ ਬਾਣੀਆਂ ਬੰਗਲਾ ਅਤੇ ਹਿੰਦੀ ਵਿਚ ਸਟੀਕ ਸਮੇਤ ਅਨੁਵਾਦ ਹੋਈਆਂ। ਗੁਰੂ ਸਾਹਿਬਾਨ ਅਤੇ ਸਿੱਖਾਂ ਦਾ ਇਤਿਹਾਸ ਵੀ ਲਿਖਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅਧਿਆਤਮਕਤਾ ਦੀ ਸੋਝੀ ਦੇ ਆਧਾਰ 'ਤੇ ਖੇਤਰੀ ਸਮਾਜ 'ਤੇ ਅਸਰ ਹੋਣ ਲੱਗਿਆ। ਬ੍ਰਹਮੋ ਸਮਾਜ ਦੇ ਬਾਨੀ ਰਾਜਾ ਰਾਮ ਮੋਹਨ ਰਾਏ, ਕੇਸਬ ਚੰਦਰ ਸੇਨ, ਦੇਵੇਂਦਰ ਨਾਥ ਟੈਗੋਰ, ਰਾਬਿੰਦਰ ਨਾਥ ਟੈਗੋਰ ਤੋਂ ਲੈ ਕੇ ਰਾਮਕਿਸ਼ਨ ਪਰਮਹੰਸ (ਇਨ੍ਹਾਂ ਦਾ ਅਧਿਆਤਮਕ ਗੁਰੂ ਨਾਨਕ ਪੰਥੀ ਸਾਧ ਤੋਤਾਪੁਰੀ ਸੀ) ਅਤੇ ਉਨ੍ਹਾਂ ਦੇ ਚੇਲੇ ਸਵਾਮੀ ਵਿਵੇਕਾਨੰਦ ਵਰਗੀਆਂ ਸ਼ਖ਼ਸੀਅਤਾਂ ਉੱਪਰ ਵੀ ਸਿੱਖੀ ਦਾ ਡੂੰਘਾ ਪ੍ਰਭਾਵ ਦਿੱਸਦਾ ਹੈ। ਬ੍ਰਹਮੋ ਸਮਾਜ ਦੇ ਆਗੂ ਕੇਸਬ ਚੰਦਰ ਸੇਨ ਇਸ ਤੋਂ ਪ੍ਰੇਰਿਤ ਹੋ ਕੇ ਨੌਜਵਾਨਾਂ ਅੰਦਰ ਧਾਰਮਿਕ ਅਤੇ ਆਦਰਸ਼ਕ ਜੀਵਨ ਦੀ ਚੇਤਨਾ ਪੈਦਾ ਕਰਨ ਲਈ ਸੰਨ ੧੮੬੦ ਈ. ਵਿਚ ਸੰਗਤ ਸਭਾ ਨਾਮਕ ਸੰਸਥਾ ਦਾ ਗਠਨ ਕੀਤਾ। ਉਨ੍ਹਾਂ ਨੇ ਮਹਿੰਦਰ ਨਾਥ ਬੋਸ ਵਰਗੇ ਵਿੱਦਿਆ ਸਾਸ਼ਤਰੀ ਨੂੰ ਪੰਜਾਬੀ ਵਿਚ ਲਿਖਿਆ ਸਿੱਖ ਧਰਮ ਅਤੇ ਇਤਿਹਾਸ ਨੂੰ ਗਹਿਰਾਈ ਨਾਲ ਅਧਿਐਨ ਕਰਨ ਲਈ ਪੰਜਾਬ ਭੇਜਿਆ। ਅਜਿਹੇ ਬਹੁਤ ਸਾਰੇ ਬੰਗਾਲੀ, ਆਸਾਮੀ, ਉੜੀਏ ਅਤੇ ਹਿੰਦੀ ਦੇ ਬੁੱਧੀਜੀਵੀਆਂ ਨੇ ਬਹੁਤ ਕੁਝ ਲਿਖਿਆ। ਇਸ ਬਾਰੇ ਵਧੇਰੇ ਜਾਣਕਾਰੀ ਕਲਕੱਤੇ ਦੇ ਸਿੱਖ ਇਤਿਹਾਸਕਾਰ ਡਾ. ਹਿਮਾਦਰੀ ਬੈਨਰਜੀ ਦੀ ਕਿਤਾਬ "ਦੀ ਅਦਰ ਸਿੱਖਸ" ਵਿੱਚੋਂ ਮਿਲ ਸਕਦੀ ਹੈ।

ਸਥਾਨਕ ਇਤਿਹਾਸਕਾਰ ਤਿਨਕੁੜੀ ਬੈਨਰਜੀ, ਇੰਦੂ ਭੂਸ਼ਨ ਬੈਨਰਜੀ, ਐਨ. ਕੇ. ਸਿਨ੍ਹਾ, ਅਨਿਲ ਬੈਨਰਜੀ, ਹਰਾਨਾਥ ਬੋਸ ਤੋਂ ਲੈ ਕੇ ਅੱਜ ਤਕ ਦੇ ਬਹੁਤ ਵਿਦਵਾਨਾਂ ਨੇ ਖੋਜ ਕਾਰਜ ਕੀਤਾ ਹੈ। ਪੰਜਾਬ ਤੋਂ ਬਹੁਤ ਗਿਆਨੀ, ਇਤਿਹਾਸਕਾਰਾਂ ਨੇ ਸਿੱਖੀ ਨਾਲ ਜੁੜੀ ਦਸਤਾਵੇਜ਼ੀ ਤੱਥ ਲੱਭਣ ਲਈ ਪੂਰਬੀ ਭਾਰਤ ਵੱਲ ਆਉਣ ਦੀ ਰਵਾਇਤ ਬਣਾਈ ਹੋਈ ਹੈ। ਇਨ੍ਹਾਂ ਵਿਚ ਗਿਆਨੀ ਗਿਆਨ ਸਿੰਘ, ਡਾ. ਜੀ. ਬੀ. ਸਿੰਘ, ਡਾ. ਗੰਡਾ ਸਿੰਘ, ਡਾ. ਤਿਰਲੋਚਨ ਸਿੰਘ, ਸਿਰਦਾਰ ਕਪੂਰ ਸਿੰਘ, ਸ. ਕ੍ਰਿਪਾਲ ਸਿੰਘ ਤੋਂ ਅੱਜ ਦੇ ਕਈ ਇਤਿਹਾਸਕਾਰ

ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਅਤੇ ਕਈ ਹੋਰ ਸੰਸਥਾਵਾਂ ਤੋਂ ਬਹੁਤ ਸਾਰੇ ਖੋਜੀ ਗਿਆਨ ਸ਼ਾਸਤਰੀਆਂ ਦਾ ਇਸ ਖਿੱਤੇ ਨਾਲ ਸਦਾ ਰਾਬਤਾ ਬਣਿਆ ਰਿਹਾ ਹੈ। ਕਈ ਯੂਰਪੀ ਅਤੇ ਹੋਰ ਵਿਦੇਸ਼ੀ ਇਤਿਹਾਸਕਾਰਾਂ ਨੇ ਵੀ ਇਸ ਖਿੱਤੇ ਦੇ ਸਿੱਖੀ ਦੀ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ।

੨੦ਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਬੋਲੀ ਵਾਲਿਆਂ ਅੰਦਰ ਨਵੀਂ ਤਬਦੀਲੀ ਦਿੱਸਣ ਲੱਗੀ। ਪੇਂਡੂ ਪੰਜਾਬ ਖਾਸ ਕਰਕੇ ਲਹਿੰਦੇ ਵਾਲੇ ਪਾਸੇ ਤੋਂ ਬਹੁਤ ਸਾਰੇ ਪੰਜਾਬੀ ਰੁਜਗਾਰ ਲਈ ਦੁਨੀਆ ਦੇ ਕੋਨੇ-ਕੋਨੇ ਤਕ ਪਰਵਾਸ ਕਰਨ ਲੱਗੇ। ਉਸ ਵੇਲੇ ਪੂਰਬੀ ਭਾਰਤ ਫੌਜ, ਖਾਣਾਂ, ਸਨਅਤਾਂ ਅਤੇ ਰੇਲਵੇ ਦਾ ਮੁੱਖ ਕੇਂਦਰ ਬਣ ਚੁਕਿਆ ਸੀ। ਰੋਜਗਾਰ ਦੇ ਅਵਸਰ ਪੈਦਾ ਹੋਣ ਲੱਗੇ। ਇਸ ਨਾਲ ਇਧਰ ਪੰਜਾਬੀਆਂ ਦਾ ਸਰੂਪ ਬਦਲਣ ਲੱਗਿਆ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵੱਧਣ ਲੱਗੀ ਅਤੇ ਥਾਂ-ਥਾਂ ਨਵੇਂ ਗੁਰਦੁਆਰਾ ਸਾਹਿਬਾਨ ਹੋਂਦ ਵਿਚ ਆਉਣ ਲੱਗੇ। ਇਧਰ ਗੁਰਦੁਆਰਾ ਸਾਹਿਬ ਸਿਰਫ ਸਿੱਖਾਂ ਦੇ ਧਾਰਮਿਕ ਕੇਂਦਰ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀਆਂ ਅਤੇ ਦੇਸ਼-ਵਾਸੀਆਂ ਦਾ ਸਮਾਜਿਕ, ਸਾਹਿਤਕ ਅਤੇ ਵਿਦੇਸ਼ੀ ਰਾਜ ਦੇ ਖ਼ਿਲਾਫ਼ ਸੋਚ ਤੇ ਅੰਦੋਲਨ ਦਾ ਕੇਂਦਰ ਬਣ ਗਏ ਸਨ। ਇੱਥੇ ਗੁਰਪੁਰਬ ਜਾਂ ਐਤਵਾਰ ਨੂੰ ਸਾਰੇ ਪੰਜਾਬੀ ਇਕੱਠੇ ਹੋ ਕੇ ਦੇਸ਼ ਭਗਤੀ ਅਤੇ ਕੌਮੀ ਕਵਿਤਾਵਾਂ, ਲੈਕਚਰ, ਛੋਟੇ ਟ੍ਰੈਕਟਾਂ ਅਤੇ ਸਾਹਿਤ ਰਾਹੀਂ ਗੁਰਬਾਣੀ, ਸਿੱਖਾਂ ਦੀ ਕੁਰਬਾਨੀਆਂ ਅਤੇ ਆਪਣੇ ਇਤਿਹਾਸ ਦੇ ਸੁਨਹਿਰੀ ਪਿਛੋਕੜ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਸਨ। ਭਵਿੱਖ ਦੇ ਮਨਸੂਬੇ ਘੜੇ ਜਾਂਦੇ ਸਨ। ਗੁਰਦੁਆਰਾ ਸਾਹਿਬ ਰੁਹਾਨੀ ਮਿਸ਼ਨ ਦੇ ਨਾਲ-ਨਾਲ ਪੰਜਾਬੀ ਭਾਸ਼ਾ ਅਤੇ ਇਨਕਲਾਬੀ ਸੋਚ ਦੇ ਥੰਮ ਬਣ ਗਏ ਸਨ। ਇਸ ਵਿੱਚੋਂ ਹੀ ਜਨਮ ਲਿਆ ਦੁਨੀਆ ਦੀ ਸਭ ਤੋਂ ਪੁਰਾਣੀ ਪੰਜਾਬੀ ਬੋਲੀ ਦੀ ਸੱਥ 'ਕਵੀ ਕੁਟੀਆ' ਨੇ ਜਿਸ ਦੀ ਪੰਜਾਬੀ ਮਾਂ ਬੋਲੀ ਅਤੇ ਅਜ਼ਾਦੀ ਸੰਗਰਾਮ ਵਿਚ ਵਿਲੱਖਣ ਦੇਣ ਹੈ। ਇਸ ਸੱਥ ਦੀ ਧਾਰਾਵਾਹਿਕਤਾ ਨੂੰ ਪੰਜਾਬੀ ਸਾਹਿਤ ਸਭਾ ਕਲਕੱਤਾ ਨੇ ਅੱਗੇ ਤੋਰਿਆ। ਦੇਸ਼-ਵਿਦੇਸ਼ ਤੋਂ ਬਹੁਤ ਪੰਜਾਬੀ ਸਾਹਿਤ ਪ੍ਰੇਮੀਆਂ ਦਾ ਅੱਜ ਵੀ ਇਸ ਨਾਲ ਸੰਪਰਕ ਹੈ। ਦਿੱਲੀ ਦੀ ਪੰਜਾਬੀ ਸਾਹਿਤ ਅਕੈਡਮੀ, ਪੰਜਾਬੀ ਅਕੈਡਮੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਭਾਸ਼ਾ ਵਿਭਾਗ ਪੰਜਾਬ ਸਰਕਾਰ ਤੇ ਹੋਰ ਦੁਨੀਆ ਦੀ ਪੰਜਾਬੀ ਬੋਲੀ ਦੇ ਵਾਧੇ ਨਾਲ ਜੁੜੀਆਂ ਸੰਸਥਾਵਾਂ ਅਤੇ ਪੰਜਾਬੀ ਬੁੱਧੀਜੀਵੀਆਂ ਨਾਲ ਰਲ ਕੇ ਇੱਥੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਗ਼ਦਰੀ ਆਗੂ ਅਤੇ ਪੰਜਾਬੀ ਸਾਹਿਤਕਾਰ ਮੁਨਸ਼ਾ ਸਿੰਘ ਦੁਖੀ, ਸੁਦਾਗਰ ਸਿੰਘ ਭਿਖਾਰੀ ਤੋਂ ਲੈ ਕੇ ਅੱਜ ਦੇ ਸ਼੍ਰੋਮਣੀ ਕਵੀ ਵਜੋਂ ਨਿਵਾਜੇ ਸ. ਹਰਦੇਵ ਸਿੰਘ (ਗਰੇਵਾਲ) (ਇਨ੍ਹਾਂ ਨੇ ਪੂਰਬੀ ਭਾਰਤ ਖਾਸ ਕਰਕੇ ਕਲਕੱਤੇ ਦੇ ਪੰਜਾਬੀ ਸਾਹਿਤਕ ਸਫਰ ਉੱਪਰ ਡੂੰਘੀ ਖੋਜ ਕੀਤੀ ਹੈ) ਤਕ ਸੈਂਕੜੇ ਮਾਂ ਬੋਲੀ ਪ੍ਰੇਮੀਆਂ ਨੇ ਸਾਹਿਤ ਤੋਂ ਇਲਾਵਾ ਛਾਪੇ, ਪ੍ਰੈੱਸ, ਸੰਪਾਦਨਾ, ਖੋਜ, ਬੋਲੀ ਸਿਖਾਉਣ ਵਿਚ ਅਹਿਮ ਹਿੱਸਾ ਪਾਇਆ ਹੈ। ਸ਼੍ਰੋਮਣੀ ਸਾਹਿਤਕਾਰ ਵਜੋਂ ਨਿਵਾਜੇ ਪੰਜਾਬੀ ਦੇ ਮਸ਼ਹੂਰ ਨਾਵਲਕਾਰ ਸ੍ਰੀ ਮੋਹਣ ਕਾਹਲੋਂ ਕਲਕੱਤੇ ਵਿਚ ਰਹਿ ਕੇ ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਦੇ ਵਾਧੇ ਲਈ ਸੇਵਾ ਕਰ ਰਹੇ ਹਨ। (ਇਨ੍ਹਾਂ ਦੇ

ਨਾਵਲ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਛਪ ਚੁੱਕੇ ਹਨ) ਗੁਰਦੁਆਰਾ ਸਾਹਿਬਾਨ, ਉਦਾਸੀ ਅਤੇ ਨਿਰਮਲੇ ਡੇਰਿਆਂ ਰਾਹੀਂ ਪੁਰਾਣੇ ਵੇਲਿਆਂ ਤੋਂ ਹੀ ਪੰਜਾਬੀ ਸਿਖਾਈ ਜਾਂਦੀ ਸੀ। ਹੌਲੀ-ਹੌਲੀ ਇਹ ਪਰੰਪਰਾ ਸਿਰਫ ਗੁਰਦੁਆਰਾ ਸਾਹਿਬਾਨ ਤਕ ਹੀ ਸੀਮਿਤ ਰਹਿ ਗਈ। ਗੁਰਦੁਆਰਾ ਕਮੇਟੀਆਂ ਅਧੀਨ ਕਈ ਸਕੂਲਾਂ ਵਿਚ ਪੰਜਾਬੀ ਦੀ ਸਿੱਖਿਆ ਮਿਲਦੀ ਹੈ, ਯੂਨੀਵਰਸਿਟੀ ਦੇ ਪੱਧਰ ਤਕ ਪੰਜਾਬੀ ਵਿਦਵਾਨ ਹੀਰਾ ਲਾਲ ਚੋਪੜਾ (ਇਹ ਕਲਕੱਤੇ ਵਿਚ ਫ਼ਾਰਸੀ ਬੋਲੀ ਦੇ ਮਾਹਿਰ ਵੀ ਸਨ) ਅਧੀਨ ਪੰਜਾਬੀ ਪੜ੍ਹਾਈ ਜਾਂਦੀ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਿਛਲੇ ਕਾਫੀ ਅਰਸੇ ਤੋਂ ਇਸ ਖਿੱਤੇ ਵਿਚ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਵਿਚ ਲੱਗੀ ਹੋਈ ਹੈ। ਅਕਾਲੀ ਕੌਰ ਸਿੰਘ ਅਤੇ ਗਿ. ਫੌਜਾ ਸਿੰਘ ਤੋਂ ਅੱਜ ਤਕ ਇਹ ਉਪਰਾਲਾ ਚੱਲ ਰਿਹਾ ਹੈ। ਜਥੇਦਾਰ ਅਵਤਾਰ ਸਿੰਘ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਨ ੨੦੦੬ ਵਿਚ ਕਲਕੱਤੇ ਦੇ ਗੁਰਦੁਆਰਾ ਸਿੱਖ ਸੰਗਤ ਡਨਲਪ ਬਰਿਜ ਵਿਖੇ ਸਿੱਖ ਮਿਸ਼ਨ ਪੂਰਬੀ ਭਾਰਤ ਦਾ ਉਦਘਾਟਨ ਕਰਕੇ ਇਕ ਨਵੀਂ ਸ਼ੁਰੂਆਤ ਕੀਤੀ। ਇਸ ਮਿਸ਼ਨ ਰਾਹੀਂ ਸਾਰੇ ਪੂਰਬੀ ਭਾਰਤ ਦੇ ਇਲਾਕੇ ਵਿਚ ਜਿੱਥੇ ਵੀ ਪੰਜਾਬੀ ਬੋਲੀ ਪ੍ਰੇਮੀ ਰਹਿੰਦੇ ਹਨ ਵਿਖੇ ਗੁਰਮਤਿ ਕੈਂਪ ਲਾਏ ਜਾ ਰਹੇ ਹਨ। ਇਸ ਵਿਚ ਪੰਜਾਬੀ ਬੋਲੀ ਦੀ ਸਿਖਲਾਈ ਨੂੰ ਵਿਸ਼ੇਸ਼ ਤਵੱਜੋਂ ਦਿੱਤੀ ਜਾਂਦੀ ਹੈ। ਸਿੱਖ ਮਿਸ਼ਨ ਦੇ ਪ੍ਰਚਾਰਕ ਦੂਰ-ਦੂਰ ਤਕ ਪੂਰਬੀ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਪਹੁੰਚ ਕਰਦੇ ਹਨ ਅਤੇ ਅਜਿਹੇ ਕੈਂਪ ਲਗਾਉਂਦੇ ਹਨ। ਤਕਰੀਬਨ ਸੈਂਕੜੇ ਕੈਂਪ ਲੱਗ ਚੁੱਕੇ ਹਨ। ਸਥਾਨਕ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਦਾ ਹੋਰ ਭਾਸ਼ਾਈ ਤੇ ਸਿੱਖ ਧਰਮ ਨਾਲ ਜੁੜੀਆਂ ਸੰਸਥਾਵਾਂ ਅਤੇ ਸੰਗਤਾਂ ਦਾ ਭਰਪੂਰ ਸਹਿਯੋਗ ਮਿਲਦਾ ਰਹਿੰਦਾ ਹੈ। ਇਸ ਪ੍ਰਚਾਰ ਦਾ ਵਧੀਆ ਅਸਰ ਪਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਭਾਈਚਾਰਾ ਆਪਣੀ ਪਵਿੱਤਰ ਬੋਲੀ ਦੀ ਸਿੱਖਿਆ ਲੈ ਕੇ ਆਪਣੇ ਧੁਰੇ ਨਾਲ ਜੁੜ ਰਹੇ ਹਨ। ਇਹ ਅਸਰ ਬੱਚਿਆਂ ਵਿਚ ਜਿਨ੍ਹਾਂ ਦੀ ਮਾਂ ਬੋਲੀ ਪੰਜਾਬੀ ਨਹੀਂ ਵਿਚ ਵਧੇਰੇ ਮਿਲਦਾ ਹੈ। ਉਹ ਸੰਗਤਾਂ ਨਾਲ ਭਰੇ ਦੀਵਾਨ ਵਿਚ ਪੰਜਾਬੀ ਬੋਲੀ ਸਿੱਖੀ ਸਿਧਾਂਤਾਂ ਅਤੇ ਇਨਸਾਨੀ ਨੈਤਿਕਤਾ ਦਾ ਬਹੁਤ ਵਧੀਆ ਵਖਿਆਨ ਕਰਨ ਲੱਗ ਪਏ ਹਨ।

ਇਸ ਦੇ ਨਾਲ ਹੀ ਹੋਰ ਬਹੁਤ ਅਹਿਮ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ ਆਪਣੀ ਪੱਧਰ ਤੇ ਬਹੁਤ ਲੰਮੇ ਸਮੇਂ ਤੋਂ ਗੁਰਮਤਿ ਕੈਂਪ ਗੁਰਬਾਣੀ ਕੀਰਤਨ ਦੇ ਪ੍ਰਚਾਰਨ ਦੀ ਸੇਵਾ ਵਿਚ ਲੱਗੇ ਹੋਏ ਹਨ। ਕਲਕੱਤੇ ਤੋਂ ਕਾਫੀ ਚਿਰ ਤੋਂ ਦੋ ਰੋਜ਼ਾਨਾ ਪੰਜਾਬੀ ਅਖ਼ਬਾਰ 'ਦੇਸ਼ ਦਰਪਣ' ਅਤੇ 'ਨਵੀਂ ਪ੍ਰਭਾਤ' ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਹਨ। ਸਿੱਖ ਜਗਤ ਦੀ ਇੱਕੋ-ਇੱਕ ਅੰਗਰੇਜ਼ੀ ਮਾਸਿਕ ਪੱਤ੍ਰਿਕਾ ਦੀ ਸਿੱਖ ਰੀਵੀਊ ਰਾਹੀਂ ਪਹਿਲਾਂ ਕੈਪਟਨ ਭਾਗ ਸਿੰਘ ਤੇ ਹੁਣ ਸ. ਸਰਨ ਸਿੰਘ I.A.S. (Retd.) ਨੇ ਸਿੱਖੀ ਅਤੇ ਪੰਜਾਬੀ ਬੋਲੀ ਦੇ ਖੋਜੀਆਂ ਅਤੇ ਵਿਦਵਾਨਾਂ ਦੀਆਂ ਲਿਖਤਾਂ ਨੂੰ ਛਾਪ ਕੇ ਸਾਰੀ ਦੁਨੀਆਂ ਕੋਲ ਸਿੱਖ ਫ਼ਲਸਫ਼ੇ, ਇਤਿਹਾਸ ਅਤੇ ਅੱਜ ਦੇ ਹਾਲਾਤਾਂ ਬਾਰੇ ਜਾਣੂ ਕਰਵਾ ਰਹੇ ਹਨ।

**ਸੰਭਾਵਨਾ:** ਪੂਰਬੀ ਭਾਰਤ ਦੇ ਪੰਜਾਬੀ ਬੋਲੀ ਵਾਲੇ ਲੋਕਾਂ ਤੇ ਬਹੁ-ਕੌਮੀ ਅਤੇ ਬਹੁ-ਭਾਸ਼ੀ ਵਰਤਾਰੇ ਦਾ ਕਾਫੀ ਅਸਰ ਪਿਆ ਹੈ। ਇਸ ਕਾਰਨ ਇਹ ਲੋਕ ਆਪਣੀ ਬੋਲੀ ਤੋਂ ਦੂਰ ਹੁੰਦੇ

ਜਾ ਰਹੇ ਹਨ। ਪਰ ਇਸ ਦੇ ਨੇੜੇ ਆਉਣ ਦੀਆਂ ਸੰਭਾਵਨਾਵਾਂ ਅੱਜ ਵੀ ਕਾਫੀ ਹਨ। ਸਾਨੂੰ ਆਪਣੀ ਜ਼ਬਾਨ, ਸੱਭਿਆਚਾਰ ਅਤੇ ਅਮੀਰ ਵਿਰਾਸਤ ਨੂੰ ਬਚਾਉਣ ਲਈ ਹਰ ਹੀਲਾ-ਵਸੀਲਾ ਵਰਤਣਾ ਚਾਹੀਦਾ ਹੈ। ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਾਸਾਰ ਵਿਚ ਨਿਰੰਤਰਤਾ ਦੀ ਲੋੜ ਹੈ।

ਪੰਜਾਬ ਤੋਂ ਜੁੜੇ ਹੋਏ ਲੋਕ, ਲੋਕਲ ਸਿੱਖ ਅਤੇ ਕਈ ਪੁਸ਼ਤਾਂ ਤੋਂ ਇਧਰ ਵੱਸਦੇ ਸਥਾਨਕ ਲੋਕਾਂ ਨਾਲ ਰਿਸ਼ਤੇ ਕਾਇਮ ਕਰਨ ਵਾਲੇ ਲੋਕਾਂ ਨੂੰ ਵੱਖ-ਵੱਖ ਵਰਗੀਕਰਨ ਕਰ ਕੇ ਉਨ੍ਹਾਂ ਦੀ ਲੋੜ ਅਤੇ ਸਹੂਲਤ ਮੁਤਾਬਕ ਪੰਜਾਬੀ ਬੋਲੀ ਦੀ ਸਿੱਖਿਆ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੇ ਪੰਜਾਬੀ ਬੋਲੀ ਵਿਚ ਖੇਤਰੀ ਉਚਾਰਨ ਨੂੰ ਮਾਨਤਾ ਦਿੱਤੀ ਜਾਵੇ। ਇਸ ਸਮੱਸਿਆ ਨੂੰ ਮੈਂ ਨੇੜਿਉਂ ਗੌਰ ਨਾਲ ਦੇਖਿਆ ਹੈ। ਲੋਕ ਜਦ ਪੰਜਾਬੀ ਬੋਲਦੇ ਹਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਹਨ ਜਾਂ ਗੁਰਬਾਣੀ ਦੀ ਕਥਾ ਜਾਂ ਕੀਰਤਨ ਕਰਦੇ ਹਨ ਤਾਂ ਆਮ ਪੰਜਾਬੀ ਉਨ੍ਹਾਂ ਦਾ ਮਜ਼ਾਕ ਬਣਾਉਂਦੇ ਹਨ। ਕਈ ਵਾਰ ਵੇਖਣ ਵਿਚ ਆਇਆ ਹੈ ਕਿ ਪੰਜਾਬੀ ਉਨ੍ਹਾਂ ਨੂੰ ਸੁਣਨਾ ਵੀ ਪਸੰਦ ਨਹੀਂ ਕਰਦੇ। ਇਹ ਗੱਲ ਹਕੀਕਤ ਹੈ, ਮੇਰੇ ਇਨ੍ਹਾਂ ਵੀਰਾਂ ਦਾ ਪੰਜਾਬੀ ਬੋਲੀ ਤੋਂ ਲੈ ਕੇ ਸਿੱਖੀ ਦਾ ਗਿਆਨ ਆਮ ਪੰਜਾਬੀ ਦੇ ਮੁਕਾਬਲੇ ਕਈ ਥਾਈਂ ਯੋਗਤਾ ਦੇ ਆਧਾਰ 'ਤੇ ਘੱਟ ਨਹੀਂ ਹੈ। ਅਜਿਹੇ ਪਿਛਾਂਹ-ਖਿੱਚੂ ਵਿਚਾਰਾਂ ਤੋਂ ਬਚਣਾ ਹੈ।

ਪੰਜਾਬੀ ਬੋਲੀ ਦੇ ਮੁਹਾਂਦਰੇ ਵਿਚ ਕਾਫੀ ਫਰਕ ਹੋਣ ਦੇ ਬਾਵਜੂਦ ਵੀ ਆਪਾਂ ਪੋਠੋਹਾਰੀ, ਪਸ਼ੋਰੀ, ਹਿੰਦਕੋ, ਮਲਵਈ, ਪੁਆਧੀ ਅਤੇ ਬਾਂਗਰੂ ਨੂੰ ਪੰਜਾਬੀ ਨੂੰ ਵੀ ਜ਼ਰੂਰੀ ਅੰਗ ਸਮਝਣਾ ਚਾਹੀਦਾ ਹੈ। ਸਥਾਨਕ ਬੋਲੀ ਨੂੰ ਅਸੀਂ "ਉੜੀਆ-ਪੰਜਾਬੀ", "ਬੰਗਲਾ-ਪੰਜਾਬੀ", "ਬਿਹਾਰੀ-ਪੰਜਾਬੀ", "ਆਸਾਮੀਆ-ਪੰਜਾਬੀ" ਵਜੋਂ ਮਾਨਤਾ ਦੇ ਸਕਦੇ ਹਾਂ। ਇਸ ਨਾਲ ਪੰਜਾਬੀ ਦਾ ਹੋਰ ਵੀ ਵਿਕਾਸ ਹੋਵੇਗਾ। ਪੰਜਾਬੀ ਬੋਲੀ ਦੀ ਗੱਲ ਸਥਾਨਕ ਸੱਭਿਆਚਾਰ ਨੂੰ ਮੁੱਖ ਰੱਖ ਕੇ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਇਸ ਕਦਰ ਤਿਆਰ ਕਰਨਾ ਅਤੇ ਅਭਿਆਸ ਕਰਾਇਆ ਜਾਣਾ ਚਾਹੀਦਾ ਹੈ ਤਾਂਕਿ ਆਪਣੀ ਵਿਰਾਸਤ, ਪਹਿਰਾਵੇ, ਧਾਰਮਿਕ, ਸੱਭਿਆਚਾਰਕ ਤੇ ਇਤਿਹਾਸਿਕ ਕਦਰਾਂ-ਕੀਮਤਾਂ ਨਾਲ ਕੋਈ ਧੱਕਾ ਨਾ ਹੋ ਸਕੇ। ਪੰਜਾਬੀ ਸਾਹਿਤ ਵਿਸ਼ੇਸ਼ ਕਰਕੇ ਸ੍ਰੀ ਗੁਰੂ ਗ੍ਰੰਥ ਗ੍ਰੰਥ ਸਾਹਿਬ ਦਾ ਪ੍ਰਚਾਰ ਹੋਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਪੰਜਾਬੀਅਤ ਦੀ ਇਕਜੁੱਟਤਾ ਨੂੰ ਅਧਿਆਤਮਕ ਸਹਿਜ ਜੀਵਨ ਦਾ ਰਾਹ ਦਿਖਾਇਆ ਹੈ। ਇਹ ਮਹਾਨ ਗ੍ਰੰਥ ਗਿਆਨ ਸ਼ਾਸਤਰੀ ਸੋਮੇ ਦਾ ਮੁਖੀ ਹੈ। ਇਹ ਵਿਲੱਖਣ ਪੰਜਾਬੀ ਸੱਭਿਆਚਾਰ, ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਪੰਜਾਬੀਅਤ ਦੇ ਵਿਕਾਸ ਵਿਚ ਇਕ ਨਿਰਾਲਾ ਉਦਾਹਰਨ ਹੈ।

ਅਜਿਹੀਆਂ ਬਹੁਤ ਸਾਰੀਆਂ ਔਕੜਾਂ ਦੇ ਬਾਵਜੂਦ ਇਹ ਸਾਰੇ ਲੋਕ ਪੂਰਬੀ ਭਾਰਤ ਵਿਚ ਪੰਜਾਬੀ ਬੋਲੀ ਦੇ ਝੰਡਾ-ਬਰਦਾਰ ਹਨ। ਪੰਜਾਬੀ ਬੋਲੀ ਅਤੇ ਵਿਰਸੇ ਦੇ ਇਸ ਅਣਗੋਲੇ ਪੱਖ ਨੂੰ ਸਾਰੀ ਦੁਨੀਆ ਦੇ ਪੰਜਾਬੀ ਬੋਲੀ ਪ੍ਰੇਮੀਆਂ ਕੋਲ ਰੱਖਣਾ ਜ਼ਰੂਰੀ ਸਮਝਦੇ ਹਾਂ। ਆਪਣੀ ਵਿਰਾਸਤ, ਸੱਭਿਆਚਾਰ ਅਤੇ ਕੁਦਰਤ ਦੇ ਰਹੱਸਾਂ ਦੀ ਜਾਣਕਾਰੀ ਸਾਹਿਤਕ ਖੇਤਰ ਨਾਲ ਜੁੜ ਕੇ ਹੀ ਸੰਭਵ ਹੈ।

■

# ਗੁਰਦੁਆਰਾ ਨਾਨਕ ਝੀਰਾ ਬਿਦਰ (ਕਰਨਾਟਕਾ)

*-ਡਾ. ਰਛਪਾਲ ਸਿੰਘ**

*ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣਿ ਥਾਪਣਿ ਸੋਆ* ਭਾਈ ਗੁਰਦਾਸ ਜੀ ਦੇ ਇਸ ਸੱਚ-ਬਚਨ ਅਨੁਸਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਚਰਨ ਜਿਸ ਵੀ ਵਸਤੂ ਨਾਲ ਛੂਹ ਗਏ, ਉਸ ਦੇ ਭਾਗ ਜਾਗ ਗਏ, ਕੱਖਾਂ ਦੀ ਵਸਤੂ ਲੱਖਾਂ ਦੀ (ਅਮੋਲਕ) ਬਣ ਗਈ। ਜਿਸ ਧਰਤੀ 'ਤੇ ਗੁਰੂ ਸਾਹਿਬ ਨੇ ਪੈਰ ਰੱਖਿਆ, ਉਹ ਧਰਤੀ ਲੋਕਾਈ ਲਈ ਪੂਜਣਯੋਗ ਅਸਥਾਨ ਬਣ ਗਈ। ਜਿਸ ਵਿਅਕਤੀ ਵੱਲ ਗੁਰੂ ਪਾਤਸ਼ਾਹ ਜੀ ਨੇ ਮਿਹਰ ਦੀ ਨਿਗ੍ਹਾ ਨਾਲ ਵੇਖਿਆ, ਉਸ ਨੂੰ ਨਦਰੀ ਨਦਰਿ ਨਿਹਾਲ ਕਰ ਕੇ, ਉਸ ਦੀ ਜਨਮਾਂ-ਜਨਮਾਂ ਦੀ ਭੁੱਖ ਅਤੇ ਦੁੱਖ ਸਦਾ ਲਈ ਖਤਮ ਕਰ ਦਿੱਤੇ। ਜਿਸ ਭਾਗਾਂ ਵਾਲੇ ਵਿਅਕਤੀ ਨੇ ਨਿਰੰਕਾਰੀ ਗੁਰੂ-ਬਾਬੇ ਦਾ ਬਚਨ ਕਮਾ ਲਿਆ, ਉਸ ਦਾ ਲੋਕ-ਪ੍ਰਲੋਕ ਸੰਵਰ ਗਿਆ। ਠੱਗਾਂ, ਐਬੀਆਂ, ਦੁਰਾਚਾਰੀਆਂ, ਪਖੰਡੀਆਂ, ਲੋਕਾਂ ਨੂੰ ਲੁੱਟਣ ਵਾਲਿਆਂ, ਤਪਦੇ ਹਿਰਦਿਆਂ, ਰਾਖਸ਼ਾਂ ਆਦਿ ਜਿਸ ਨੇ ਵੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਅੱਗੇ ਸੀਸ ਝੁਕਾਇਆ, ਪਿਛਲੇ ਗੁਨਾਹਾਂ ਦੀ ਤੌਬਾ ਕਰ ਕੇ, ਅੱਗੇ ਤੋਂ ਗੁਰੂ-ਮਤਿ ਧਾਰਨ ਦੀ ਇੱਛਾ ਜਾਹਰ ਕੀਤੀ, ਬਖਸ਼ੰਦ ਗੁਰੂ ਸਾਹਿਬ ਨੇ *ਅਸੰਖ ਖਤੇ ਖਿਨ ਬਖਸਨਹਾਰਾ* ਦੇ ਮਹਾਂਵਾਕ ਅਨੁਸਾਰ ਬਖਸ਼ਣ ਵਿਚ ਰਤੀ ਵੀ ਦੇਰ ਨਾ ਲਾਈ ਤੇ ਜਿਸ ਨੇ ਇਸ ਪਤਿਤ-ਪਾਵਨ ਸਤਿਗੁਰੂ ਨਾਲ ਦਵੈਤ ਪਾਈ, ਈਰਖਾ ਕੀਤੀ, ਧੌਣ ਉੱਚੀ ਕਰਨ ਦਾ ਯਤਨ ਕੀਤਾ, ਉਸ ਅੜੇ ਨੂੰ ਝੜਨ ਵਿਚ ਅਤੇ ਅਰਸ਼ ਤੋਂ ਫਰਸ਼ 'ਤੇ ਡਿੱਗਣ ਵਿਚ ਵੀ ਦੇਰ ਨਾ ਲੱਗੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਸੰਸਾਰ 'ਤੇ ਜੀਵਾਂ ਦੇ ਭਲੇ ਲਈ ਆਏ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਪ੍ਰਗਟ ਹੋਣ ਤੋਂ ਲੈ ਕੇ ਜੋਤੀ ਜੋਤਿ ਸਮਾਉਣ ਤਕ (੧੪੬੯ ਈ. ਤੋਂ ੧੫੩੯ ਈ.) ਲੱਗਭਗ ੭੦ ਸਾਲ ਤਕ, ਜੋ ਵੀ ਮੁਖ ਤੋਂ ਬਚਨ ਕੀਤਾ, ਉਹ ਅਟੱਲ ਹੋਇਆ।

*ਚੜ੍ਹਿਆ ਸੋਧਣਿ ਧਰਤਿ ਲੁਕਾਈ* ਅਨੁਸਾਰ ਜਗਤ ਕਲਿਆਣ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਪ੍ਰੈਲ ੧੫੧੨ ਈ. ਨੂੰ ਦੱਖਣ ਵਿਚ ਬਿਦਰ (ਕਰਨਾਟਕ) ਦੇ ਸਥਾਨ 'ਤੇ ਗਏ। ਬਿਦਰ ਉਸ ਸਮੇਂ ਛੋਟਾ ਜਿਹਾ ਪਿੰਡ ਸੀ। ਪਿੰਡ ਤੋਂ ਬਾਹਰਵਾਰ ਇਕ ਪਹਾੜੀ ਲਾਗੇ ਗੁਰੂ ਜੀ ਨੇ ਪੜਾਅ ਕੀਤਾ। ਸਾਰਾ ਇਲਾਕਾ ਖੁਸ਼ਕ ਸੀ। ਪਾਣੀ ਦੀ ਘਾਟ ਕਰਕੇ, ਇਸ ਇਲਾਕੇ ਵਿਚ ਕਿਧਰੇ ਵੀ ਹਰੀ ਬਨਸਪਤੀ ਦਿਖਾਈ ਨਹੀਂ ਸੀ ਦਿੰਦੀ। ਸਾਫ-ਸੁਥਰਾ ਪਾਣੀ ਵੀ ਇੱਥੋਂ ਦੇ ਲੋਕਾਂ ਨੂੰ ਨਸੀਬ ਨਹੀਂ ਸੀ ਹੁੰਦਾ। ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਆਖਿਆ- "ਭਾਈ ਮਰਦਾਨਾ ਜੀ! ਬਾਣੀ ਆਈ ਹੈ। ਛੇੜ ਰਬਾਬ।" ਧੁਰ ਕੀ ਬਾਣੀ ਅਤੇ ਭਾਈ ਮਰਦਾਨਾ ਜੀ ਦੀ ਰਬਾਬ ਦੀਆਂ ਮਧੁਰ ਧੁਨਾਂ ਗੂੰਜੀਆਂ। ਇਹ ਮਿੱਠੀ ਅਵਾਜ਼ ਨੇੜੇ ਰਹਿੰਦੇ ਮੁਸਲਮਾਨ ਫਕੀਰ ਜਲਾਲਦੀਨ ਦੇ ਕੰਨਾਂ ਵਿਚ ਪਈ। ਉਸ ਨੂੰ ਪਤਾ ਲੱਗਾ ਕਿ ਇਸ ਬੰਜਰ ਧਰਤੀ 'ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਚਰਨ ਪਏ ਹਨ। ਉਸ ਨੇ ਆਪਣੇ ਧੰਨ ਭਾਗ ਸਮਝੇ। ਫਕੀਰ ਜਲਾਲਦੀਨ ਨੇ ਸੁਣਿਆ ਹੋਇਆ ਸੀ, ਗੁਰੂ ਜੀ ਜਗਤ-ਜਲੰਦੇ ਨੂੰ ਤਾਰਦੇ ਹੋਏ ਆ ਰਹੇ ਹਨ। ਉਸ ਨੇ ਆਪਣੇ ਸਾਥੀ ਫਕੀਰਾਂ ਨੂੰ

**ਮਾਰਫਤ ਜੋਗਾ ਸਿੰਘ ਦੀ ਹੱਟੀ, ਪਿੰਡ ਕੈਲੇ ਕਲਾਂ, ਡਾਕ: ਘੁੰਮਣ ਕਲਾਂ, ਵਾਇਆ ਨੌਸ਼ਹਿਰਾ ਮੱਝਾ ਸਿੰਘ, ਗੁਰਦਾਸਪੁਰ-੧੪੩੫੧੮; ਮੋ: +੯੧੯੮੫੫੮-੫੧੦੧੪*

ਕਿਹਾ:-

"ਸਾਡੇ ਵੱਡੇ ਭਾਗ ਹਨ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਖ਼ੁਦ ਅਲਾਹ, ਖ਼ੁਦਾਵੰਦ ਕਰੀਮ ਆਏ ਹੋਏ ਹਨ। ਉਨ੍ਹਾਂ ਦਰਸ਼ਨਾਂ ਨੂੰ ਸਭ ਰਿਸ਼ੀ, ਮੁਨੀ ਦੇਵਤੇ ਤਰਸਦੇ ਫਿਰਦੇ ਹਨ। ਆਓ! ਆਪਾਂ ਸਾਰੇ ਸਤਿਕਾਰ ਸਹਿਤ, ਉਸ ਬਖਸ਼ੰਦ ਦੇ ਦਰਸ਼ਨ-ਦੀਦਾਰੇ ਕਰ ਕੇ ਆਪਣੇ ਹਿਰਦੇ ਠੰਢੇ ਕਰੀਏ।"

ਗੁਰੂ ਜੀ ਦੇ ਦਰਸ਼ਨ ਕਰ ਕੇ ਸਭ ਦੀਆਂ ਅੱਖਾਂ ਤੇ ਧੌਣਾਂ ਸਤਿਕਾਰ ਨਾਲ ਝੁਕ ਗਈਆਂ। ਧੁਰ ਕੀ ਬਾਣੀ ਦਾ ਅਨੰਦ ਮਾਣ ਕੇ ਸਾਰੇ ਸੁੰਨ-ਸਮਾਧ ਹੋ ਗਏ। ਸਤਿਗੁਰੂ ਜੀ ਨੇ ਨੇਤਰ ਖੋਲੇ ਤੇ ਰਸਨਾਂ ਤੋਂ ਬੋਲੇ:

*ਧੰਨ ਨਿਰੰਕਾਰ! ਧੰਨ ਨਿਰੰਕਾਰ!! ਧੰਨ ਨਿਰੰਕਾਰ!!!*

ਪੀਰ ਜਲਾਲਦੀਨ ਨੇ ਬੇਨਤੀ ਕੀਤੀ:

"ਸੱਚੇ ਪਾਤਸ਼ਾਹ! ਆਪ ਜੀ ਦੇ ਦੀਦਾਰੇ ਕਰ ਕੇ ਸਾਡੇ ਤਪਦੇ ਮਨ ਸ਼ਾਂਤ ਹੋਏ ਹਨ। ਕਈ ਚਿਰਾਂ ਤੋਂ ਸੁਣਿਆ ਹੋਇਆ ਸੀ ਕਿ ਆਪ ਜੀ ਪਾਪੀ ਜੀਵਾਂ ਦੇ ਭਲੇ ਲਈ, ਦੱਖਣ ਦੀ ਧਰਤੀ ਨੂੰ ਭਾਗ ਲਾ ਰਹੇ ਹੋ। ਅੱਜ ਅਸੀਂ ਆਪ ਜੀ ਦੇ ਪ੍ਰਤੱਖ ਦਰਸ਼ਨ-ਦੀਦਾਰੇ ਕਰ ਕੇ ਅਨੰਦ-ਪ੍ਰਸੰਨ ਹੋਏ ਹਾਂ। ਮਿਹਰ ਕਰੋ! ਸਾਡੀਆਂ ਪਿਛਲੀਆਂ ਭੁੱਲਾਂ ਬਖਸ਼ ਕੇ, ਅੱਗੇ ਤੋਂ ਸੁਮੱਤ ਬਖਸ਼ੋ ਜੀ, ਜਿਸ ਨਾਲ ਸਾਡਾ ਵੀ ਲੋਕ-ਪ੍ਰਲੋਕ ਸੰਵਰ ਜਾਵੇ।"

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਉਨ੍ਹਾਂ ਨੂੰ ਗੁਰਮਤਿ ਦਾ ਉਪਦੇਸ਼ ਦਿੱਤਾ। ਸਾਰੇ ਫਕੀਰ ਗੁਰੂ ਜੀ ਦੇ ਪੱਕੇ ਸ਼ਰਧਾਲੂ ਬਣ ਗਏ। ਹੌਲੀ-ਹੌਲੀ ਆਲੇ-ਦੁਆਲੇ ਦੇ ਲੋਕ ਵੀ ਹੁੰਮ-ਹੁੰਮਾ ਕੇ ਆਉਣ ਲੱਗ ਪਏ। ਇਲਾਕੇ ਦੀ ਸੰਗਤ ਅਤੇ ਪੀਰ ਨੇ ਗੁਰੂ ਜੀ ਨੂੰ ਬੇਨਤੀ ਕੀਤੀ- "ਸਤਿਗੁਰ ਜੀਓ! ਇਸ ਇਲਾਕੇ ਦਾ ਪਾਣੀ ਖਾਰਾ ਹੈ। ਬਹੁਤ ਸਾਰੇ ਖੂਹ ਵੀ ਪੁਟਵਾਏ ਹਨ ਪਰ ਕਿਤਿਓਂ ਤਾਂ ਪਾਣੀ ਨਿਕਲਿਆ ਹੀ ਨਹੀਂ ਪਰ ਜੇਕਰ ਨਿਕਲਿਆ ਵੀ ਹੈ ਤਾਂ ਉਹ ਪੀਣ ਯੋਗ ਨਹੀਂ (ਖਾਰਾ) ਹੈ ਜੀ। ਇਸ ਇਲਾਕੇ ਦੇ ਪਸ਼ੂ, ਪੰਛੀ ਵੀ ਪਾਣੀ ਨੂੰ ਤਰਸਦੇ ਹਨ। ਕਿਰਪਾ ਕਰੋ! ਆਪ ਸਰਬ ਕਲਾ ਸਮਰੱਥ ਹੋ, ਜੀਵਾਂ ਦੇ ਭਲੇ ਦੀ ਖਾਤਰ ਹੋ। ਮਿਹਰ ਕਰਕੇ ਇਕ ਸਵੱਛ (ਮਿੱਠੇ) ਪਾਣੀ ਦਾ ਝਰਨਾ" ਇੱਥੇ ਵੀ ਚਲਾ ਦਿਓ ਜੀ। ਪੀਰ ਅਤੇ ਤਰਸਦੀ ਲੋਕਾਈ ਦੀ ਤਰਲੇ ਭਰੀ ਅਵਾਜ਼ ਸੁਣ ਕੇ ਮਿਹਰਾਂ ਦੇ ਸਾਂਈ ਤਰੁੱਠ ਪਏ, ਮਿਹਰ ਵਿਚ ਆਏ ਅਤੇ ਮਿਠੇ ਪਾਣੀ ਦਾ ਝਰਨਾ ਪ੍ਰਗਟ ਕੀਤਾ।

ਇਹ ਗੱਲ ਅਪ੍ਰੈਲ ੧੫੧੨ ਈ. ਦੀ ਹੈ। ਉਦੋਂ ਤੋਂ ਇਹ ਝਰਨਾ ਨਿਰੰਤਰ ਚੱਲ ਰਿਹਾ ਹੈ। ਝਰਨੇ ਨੂੰ ਉੱਥੋਂ ਦੀ ਲੋਕਲ ਭਾਸ਼ਾ ਵਿਚ "ਝੀਰਾ" ਆਖਦੇ ਹਨ। ਇਸੇ ਕਰਕੇ ਹੀ ਇਸ ਸਥਾਨ ਦਾ ਨਾਮ "ਨਾਨਕ ਝੀਰਾ" ਪੈ ਗਿਆ। ਇੱਥੇ ਗੁਰੂ ਜੀ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦੀ ਯਾਤਰਾ ਨੂੰ ਜਾਣ ਵਾਲੇ ਸ਼ਰਧਾਲੂ ਇਸ ਪਾਵਨ ਅਸਥਾਨ ਦੇ ਦਰਸ਼ਨ ਵੀ ਕਰਦੇ ਹਨ। ਇਹ ਅਸਥਾਨ ਸ੍ਰੀ ਹਜ਼ੂਰ ਸਾਹਿਬ ਤੋਂ ਲੱਗਭਗ ੨੦੦ ਕਿਲੋਮੀਟਰ ਹੈ। ਗੁਰਦੁਆਰਾ ਨਾਨਕ ਝੀਰਾ ਬਿਦਰ ਰਮਣੀਕ ਸਥਾਨ ਹੈ। ਇੱਥੇ ਇਕ ਵਿਸ਼ਾਲ ਸਰੋਵਰ ਵੀ ਹੈ। ਯਾਤਰੀਆਂ ਦੇ ਰਹਿਣ ਲਈ ਨਿਵਾਸ ਸਥਾਨ ਵੀ ਬਣੇ ਹੋਏ ਹਨ। ਗੁਰੂ ਕਾ ਲੰਗਰ ਨਿਰੰਤਰ ਚੱਲਦਾ ਰਹਿੰਦਾ ਹੈ। ਇੱਥੇ ਹਰ ਸਾਲ ੨੬ ਤੋਂ ੨੯ ਅਪ੍ਰੈਲ ਤਕ ਸਲਾਨਾ ਜੋੜ ਮੇਲ ਸ਼ਰਧਾ-ਭਾਵਨਾ ਨਾਲ ਮਨਾਇਆ ਜਾਂਦਾ ਹੈ। ■

# ਰੁੱਖਾਂ ਨੂੰ ਸੰਭਾਲੀਏ!

*-ਸ. ਜਸਵੰਤ ਸਿੰਘ ਈਸੇਵਾਲ**

ਸਾਰੀ ਸ੍ਰਿਸ਼ਟੀ-ਰਚਨਾ ਉਸ ਪਰਮਾਤਮਾ ਦੁਆਰਾ ਸਿਰਜੀ ਗਈ ਹੋਣ ਕਰਕੇ ਨਾ ਅੱਡ ਕੀਤੀ ਜਾਣ ਯੋਗ ਇਕ ਇਕਾਈ ਹੈ। ਪੌਣ, ਪਾਣੀ, ਅੱਗ, ਮਿੱਟੀ ਅਤੇ ਅਕਾਸ਼ ਆਦਿ ਸ੍ਰਿਸ਼ਟੀ ਅਤੇ ਵਿਨਾਸ਼ ਦਾ ਇਕ ਕੁਦਰਤੀ ਚੱਕਰ ਚਲਾ ਰਹੇ ਹਨ। ਸ੍ਰਿਸ਼ਟੀ-ਰਚਨਾ ਵਿਚ ਬਨਸਪਤੀ ਅਤਿਅੰਤ ਮਹੱਤਵਪੂਰਨ ਹੈ। ਰਚਨਾਕਾਰ ਪਰਮਾਤਮਾ ਨੇ ਬਨਸਪਤੀ ਨੂੰ ਵਿਸਮਾਦੀ ਵੰਨ-ਸੁਵੰਨਤਾ 'ਚ ਰਚਿਆ ਹੈ। ਬਨਸਪਤੀ ਵਿੱਚੋਂ ਨਜ਼ਰ ਆਉਣ ਵਾਲੀ ਹਰਿਆਵਲ ਜੀਵ-ਜਗਤ ਨੂੰ ਅਤੇ ਵਿਸ਼ੇਸ਼ ਕਰਕੇ ਮਨੁੱਖ-ਮਾਤਰ ਨੂੰ ਸੁਖਦਾਇਕ ਅਨੁਭਵ ਪ੍ਰਦਾਨ ਕਰਦੀ ਹੈ। ਇਹਦੇ 'ਚੋਂ ਪ੍ਰਗਟ ਹੁੰਦੇ ਬਹੁਭਾਂਤੀ ਰੰਗਾਂ ਦੇ ਫੁੱਲ ਆਪਣੀਆਂ ਸੂਰਤਾਂ ਤੇ ਮਹਿਕ ਨਾਲ ਮਨੁੱਖ ਨੂੰ ਵਿਸਮਾਦ ਬਖਸ਼ਦੇ ਹਨ। ਇਸ ਨਾਲੋਂ ਵੀ ਵਧ ਕੇ ਵਿਗਿਆਨਕ ਨਜ਼ਰ ਤੋਂ ਵੇਖੀਏ ਤਾਂ ਬਨਸਪਤੀ ਬਿਨਾ ਇਨਸਾਨ ਦੀ ਜਾਤ ਦਾ ਇਸ ਧਰਤੀ 'ਤੇ ਜੀਵਨ ਕਾਇਮ ਰਹਿਣਾ ਮੁਸ਼ਕਲ ਹੈ। ਹਰ ਯੁੱਗ ਦੇ ਸੁਘੜ ਮਹਾਂਪੁਰਖ ਮਨੁੱਖ-ਮਾਤਰ ਨੂੰ ਇਸ ਸੱਚ ਦੇ ਸਾਹਵੇਂ ਬਨਸਪਤੀ ਦੇ ਵਧਣ-ਫੁਲਣ ਤੇ ਮੌਲਣ 'ਚ ਅੜਚਨ ਨਾ ਬਣਨ ਵਾਸਤੇ ਚੰਗੀ ਨਰੋਈ ਸੇਧ ਪ੍ਰਦਾਨ ਕਰਦੇ ਆ ਰਹੇ ਹਨ। ਬਾਪ-ਦਾਦੇ ਦੇ ਅਮੁੱਲ ਖਜ਼ਾਨੇ ਸਰਬ-ਸਾਂਝੀ ਗੁਰਬਾਣੀ ਅੰਦਰ ਕਈ ਵੱਖ-ਵੱਖ ਪ੍ਰਸੰਗਾਂ ਵਿਚ ਮਨੁੱਖ-ਮਾਤਰ ਨੂੰ ਬਨਸਪਤੀ ਦੀ ਵਧੀਆ ਸਾਂਭ-ਸੰਭਾਲ ਤੇ ਸਦਵਰਤੋਂ ਸਬੰਧੀ ਸੁਚੇਤਨਤਾ ਬਖਸ਼ੀ ਗਈ ਹੈ। ਉਸ ਯੁੱਗ ਅੰਦਰ ਜਦੋਂ ਕਿ ਹਾਲੇ ਬਨਸਪਤੀ ਨੂੰ ਅੱਜ ਦੀ ਮੌਜੂਦਾ ਹਾਲਤ ਜਿਹੀ ਸੰਕਟ-ਸਥਿਤੀ ਦਾ ਸਾਹਮਣਾ ਨਹੀਂ ਸੀ ਕਰਨਾ ਪੈਂਦਾ। ਦਸ ਗੁਰੂ ਸਾਹਿਬਾਨ ਸਿੱਖ ਸੰਗਤ ਅਤੇ ਸਮੁੱਚੀ ਲੋਕਾਈ ਨੂੰ ਬਨਸਪਤੀ ਉਪਜਾਉਣ ਤੇ ਇਹਦੀ ਸੰਭਾਲ ਦੇ ਸਬੰਧ 'ਚ ਖਾਸ ਸੇਧਾਂ ਬਖਸ਼ਦੇ ਹਨ। ਸਾਡੇ ਗੁਰੂ ਸਾਹਿਬਾਨ ਦੀ ਪਵਿੱਤਰ ਯਾਦ 'ਚ ਉਸਾਰੇ ਗੁਰਦੁਆਰਾ ਸਾਹਿਬਾਨ ਰੁੱਖਾਂ ਦੇ ਨਾਂ ਨਾਲ ਸੁਭਾਇਮਾਨ ਵੇਖਣ, ਪੜ੍ਹਨ, ਸੁਣਨ 'ਚ ਆਉਂਦੇ ਹਨ, ਜਿਵੇਂ ਗੁਰਦੁਆਰਾ ਜੰਡ ਸਾਹਿਬ, ਗੁਰਦੁਆਰਾ ਪਿੱਪਲੀ ਸਾਹਿਬ, ਗੁਰਦੁਆਰਾ ਤੂਤ ਸਾਹਿਬ, ਗੁਰਦੁਆਰਾ ਟਾਹਲੀਆਣਾ ਸਾਹਿਬ, ਗੁਰਦੁਆਰਾ ਵਣ ਸਾਹਿਬ, ਗੁਰਦੁਆਰਾ ਬੇਰ ਸਾਹਿਬ, ਗੁਰਦੁਆਰਾ ਅੰਬ ਸਾਹਿਬ, ਗੁਰਦੁਆਰਾ ਰੇਰੂ ਸਾਹਿਬ, ਗੁਰਦੁਆਰਾ ਨਿੰਮ ਸਾਹਿਬ ਆਦਿ। ਇਹ ਸਾਰੇ ਸਾਨੂੰ ਗੁਰੂ-ਘਰ ਅਤੇ ਰੁੱਖਾਂ ਦੀ ਡੂੰਘੀ ਸਾਂਝ ਮਹਿਸੂਸ ਕਰਵਾਉਂਦੇ ਹਨ। ਇਹ ਚੇਤੇ ਰੱਖੀਏ ਕਿ ਸਿੱਖ ਮਤ ਵਿਚ ਰੁੱਖਾਂ ਦੀ ਪੂਜਾ-ਅਰਚਨਾ ਦਾ ਕੋਈ ਵਿਧਾਨ ਨਹੀਂ ਹੈ ਐਪਰ ਇਸ ਵਿਚ ਇਨ੍ਹਾਂ ਦੀ ਤਨੋਂ-ਮਨੋਂ ਪਾਲਣਾ ਕਰਨ ਵਾਸਤੇ ਸੇਧ ਜ਼ਰੂਰ ਮੌਜੂਦ ਹੈ ਜੋ ਕਿ ਰੁੱਖਾਂ ਪ੍ਰਤੀ ਭਾਵੁਕ ਪਿਆਰ-ਭੇਵ ਦੇ ਨਾਲ-ਨਾਲ ਵਿਹਾਰਕ ਨਜ਼ਰੀਏ ਨੂੰ ਪ੍ਰਟਾਉਂਦਾ ਹੈ।

ਗੁਰਦੁਆਰਾ ਸਾਹਿਬਾਨ ਵਿਚ ਜੋ ਰੁੱਖ ਅਜੇ ਹੋਂਦ ਵਿਚ ਹਨ ਉਨ੍ਹਾਂ ਦੀ ਸੇਵਾ-

*੨੬੦, ਗਲੀ ਨੰ-੫, ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ-੧੪੩੦੦੧। ਮੋ: +੯੧੯੮੭੨੧-੧੨੫੦੦

ਸੰਭਾਲ ਵਾਸਤੇ ਹਰ ਸੰਭਵ ਉਪਰਾਲਾ ਜ਼ਰੂਰੀ ਹੈ। ਇਸ ਵਾਸਤੇ ਪ੍ਰੇਰਨਾ-ਸ੍ਰੋਤ ਦੇ ਰੂਪ 'ਚ ਸਾਡੇ ਕੋਲ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ 'ਚ ਬੇਰ ਬਾਬਾ ਬੁੱਢਾ ਸਾਹਿਬ, ਦੁੱਖ ਭੰਜਨੀ ਬੇਰ ਅਤੇ ਇਲਾਇਚੀ ਬੇਰ ਆਦਿ ਦੀਆਂ ਵਧੀਆ ਮਿਸਾਲਾਂ ਹਨ ਅਤੇ ਕਿਸੇ ਚੰਗੀ ਮਿਸਾਲ ਨੂੰ ਸਾਹਮਣੇ ਰੱਖਣਾ ਸਦਾ ਹੀ ਲਾਹੇਵੰਦ ਹੁੰਦਾ ਹੈ।

ਵੇਲਾਂ, ਨਿੱਕੇ, ਦਰਮਿਆਨੇ ਅਤੇ ਵੱਡੇ ਅਕਾਰ ਦੇ ਵੰਨ-ਸੁਵੰਨੇ ਫੁੱਲ, ਕਲੀਆਂ ਅਤੇ ਸੁਹਣੀਆਂ-ਸੁਹਣੀਆਂ ਪੱਤੀਆਂ ਦਰਸਾਉਣ ਵਾਲੇ ਬੂਟੇ, ਫਲ ਤੇ ਛਾਂ ਦੇਣ ਵਾਲੇ ਰੁੱਖ, ਘਾਹ ਦੇ ਰੂਪ ਵਿਚ ਫੈਲੀ ਜ਼ਮੀਨ 'ਤੇ ਕੁਦਰਤੀ ਵਿਛਾਈ ਆਦਿ ਸਾਡੇ ਆਪਣੀ-ਆਪਣੀ ਥਾਂ ਲਾਹੇਵੰਦ ਹਨ। ਉਨ੍ਹਾਂ ਸਭਨਾ ਨੂੰ ਕਾਇਮ ਰੱਖਣਾ ਇਨਸਾਨੀਅਤ ਦੇ ਵੱਡੇ ਭਲੇ ਹਿੱਤ ਹੈ। ਆਓ! ਰੁੱਖਾਂ-ਬੂਟਿਆਂ ਨੂੰ ਪਿਆਰ ਕਰੀਏ, ਇਨ੍ਹਾਂ ਨੂੰ ਉਪਜਾਉਣ 'ਚ ਸਹਾਇਕ ਹੋਈਏ, ਇਨ੍ਹਾਂ ਦੀ ਵਧੀਆ ਪਾਲਣਾ ਕਰੀਏ। ਇਸ ਵਿਚ ਮਨੁੱਖਤਾ ਦੀ ਮੁੱਢ-ਕਦੀਮੀ ਸਾਂਝ ਹੈ ਜਿਸ ਨੂੰ ਪਛਾਣਨਾ ਅੱਜ ਦੀ ਮੁੱਖ ਲੋੜ ਹੈ। ੧੭ਵੀਂ ਸਦੀ ਦੇ ਵਿਚਾਰਵਾਨ 'ਥਾਮਸ ਫੂਲਰ' ਨੇ ਆਖਿਆ ਕਿ "ਉਹ ਜਿਹੜਾ ਕਿ ਬੂਟਿਆਂ ਨੂੰ ਪਿਆਰ ਕਰਦਾ ਹੈ, ਆਪਣੇ ਆਪ ਦੇ ਇਲਾਵਾ ਦੂਜਿਆਂ ਨੂੰ ਪਿਆਰ ਕਰਦਾ ਹੈ।" ਜਾਇਸ ਕਿਲਮਰ ਦਾ ਕਥਨ ਹੈ, "ਮੇਰੀ ਅਜਿਹੀ ਸੋਚਣੀ ਹੈ ਕਿ ਮੈਂ ਕਦੇ ਵੀ ਇੰਨੀ ਪਿਆਰੀ ਕਵਿਤਾ ਨਹੀਂ ਦੇਖ ਸਕਣੀ ਜਿੰਨਾ ਪਿਆਰਾ ਕਿ ਇਕ ਰੁੱਖ ਹੁੰਦਾ ਹੈ।" ਕਵੀ 'ਜਾਰਜ ਪੋਪ ਮੋਰਿਸ' ਇਕ ਲੱਕੜ ਕੱਟਣ ਵਾਲੇ ਨੂੰ ਸੰਬੋਧਨ ਕਰਦੇ ਹਨ ਕਿ "ਐ ਲੱਕੜਹਾਰਿਆ! ਇਸ ਰੁੱਖ ਨੂੰ ਨਾ ਕੱਟ, ਇਸ ਨੇ ਮੈਨੂੰ ਪਾਲਿਆ ਤੇ ਸੰਭਾਲਿਆ ਏ, ਮੈਂ ਤਾਂ ਇਹਦੀ ਰਖਵਾਲੀ ਕਰਨੀ ਹੀ ਕਰਨੀ ਹੈ।" ਅਜਿਹੇ ਹੀ ਮਤੇ ਨੂੰ ਰੁੱਖਾਂ ਨਾਲ ਪਿਆਰ ਕਰਨ ਵਾਲੇ ਸਚਿਆਰਿਆਂ ਨੇ ਸਮੇਂ-ਸਮੇਂ ਅਮਲ ਜਾਂ ਵਿਹਾਰ 'ਚ ਸਾਕਾਰ ਕਰਦੇ ਵੀ ਵਿਖਾਇਐ ਭਾਵੇਂ ਉਨ੍ਹਾਂ ਨੂੰ ਇਹਦੇ ਲਈ ਆਪਣੀਆਂ ਜਾਨਾਂ ਤਕ ਵੀ ਕੁਰਬਾਨ ਕਰਨੀਆਂ ਪਈਆਂ। 'ਚਿਪਕੋ ਲਹਿਰ' 'ਚ ਰੁੱਖ ਪ੍ਰੇਮੀ ਰੁੱਖਾਂ ਨਾਲ ਚਿਪਕ ਜਾਂ ਚਿੰਬੜ ਗਏ ਕਿ ਤੁਸੀਂ ਸਾਨੂੰ ਵੱਢ ਕੇ ਉਸ ਤੋਂ ਮਗਰੋਂ ਹੀ ਰੁੱਖ ਨੂੰ ਵੱਢ ਸਕੋਗੇ। ਕਵੀ ਸ੍ਰੀ ਰਾਬਿੰਦਰ ਨਾਥ ਟੈਗੋਰ ਨੇ ਆਖਿਆ ਹੈ ਕਿ "ਰੁੱਖ ਨੂੰ ਜ਼ਮੀਨ ਤੋਂ ਵੱਖ ਕਰਨਾ ਉਹਦੀ ਅਜ਼ਾਦੀ ਨਹੀਂ ਸਗੋਂ ਮੌਤ ਹੈ।" ਇਸ ਤਰ੍ਹਾਂ ਸਾਡੇ ਪਿੰਡ ਦੇ ਖੂਹ ਵੀ ਦਰੱਖਤਾਂ ਦੇ ਨਾਂ 'ਤੇ ਹਨ, ਅੰਬ ਵਾਲਾ ਖੂਹ, ਪਿੱਪਲ ਵਾਲਾ ਖੂਹ, ਡੇਕਾਂ ਵਾਲਾ ਖੂਹ!

ਪੁਰਾਣੇ ਸਮਿਆਂ ਵਿਚ ਬਜ਼ੁਰਗ ਦੱਸਦੇ ਸਨ ਕਿ ਰੁੱਖ ਹੈ ਤਾਂ ਮਨੁੱਖ ਹੈ। ਪਹਿਲਾਂ ਸਾਡੇ ਪਿੰਡ ਹਰ ਖੇਤ ਵਿਚ ਇਕ ਜਾਂ ਦੋ ਦਰੱਖਤ ਜ਼ਰੂਰ ਹੁੰਦੇ ਸਨ। ਖੇਤਾਂ ਤੋਂ ਇਲਾਵਾ ਹਰ ਘਰ ਵਿਚ ਕਿੱਕਰ, ਬੇਰੀ, ਨਿੰਮ, ਟਾਹਲੀ, ਤੂਤ ਵਗੈਰਾ ਹੁੰਦੇ ਸਨ ਜਿਸ ਦੇ ਥੱਲੇ ਲੋਕਾਂ ਨੇ ਪਸ਼ੂ ਬੰਨ੍ਹਣੇ, ਆਪ ਮੰਜੀਆਂ ਡਾਹ ਕੇ ਛਾਂ ਮਾਣਨੀ। ਮਾੜੀ-ਮੋਟੀ ਬਾਰਿਸ਼ ਤੋਂ ਵੀ ਦਰੱਖਤ ਦੀ ਆੜ ਲੈ ਲਈਦੀ ਸੀ। ਦਰੱਖਤ ਬੇਤਹਾਸ਼ਾ ਕੱਟਣ-ਵੱਢਣ ਨਾਲ ਆਕਸੀਜਨ ਬਹੁਤ ਘਟਦੀ ਜਾ ਰਹੀ ਹੈ। ਆਕਸੀਜਨ ਘਟਣ ਨਾਲ ਐਸਾ ਵਕਤ ਤੁਰਿਆ ਆ ਰਿਹਾ ਹੈ ਕਿ ਹਰ ਇਕ ਸਫਰ ਕਰਨ ਵਾਲੇ ਨੂੰ ਆਪਣਾ ਸਾਹ ਲੈਣ ਲਈ ਆਕਸੀਜਨ ਦਾ ਸਿਲੰਡਰ ਬੰਨ੍ਹਣਾ ਪਵੇਗਾ। ਸੋ ਅਸੀਂ ਇਸ ਗੰਭੀਰ ਹਾਲਤ ਨੂੰ ਮਹਿਸੂਸ

ਕਰੀਏ, ਇਹ ਨਾ ਹੋਵੇ ਅਸੀਂ ਦਰੱਖਤਾਂ ਦਾ ਮਲੀਆ-ਮੇਟ ਕਰ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਘੋਰ ਸੰਕਟ ਵਿਚ ਪਾ ਜਾਈਏ। ਇਸ ਤੋਂ ਇਲਾਵਾ ਇਨ੍ਹਾਂ ਰੁੱਖਾਂ ਦੀ ਲੱਕੜੀ ਵੱਡੀਆਂ-ਵੱਡੀਆਂ ਇਮਾਰਤਾਂ ਵਿਚ ਦਰਵਾਜ਼ੇ, ਖਿੜਕੀਆਂ ਬਣਾਉਣ ਦੇ ਕੰਮ ਆਉਂਦੀ ਹੈ। ਵਿਆਹ-ਸ਼ਾਦੀਆਂ ਤੇ ਮਰਨੇ-ਪਰਨੇ ਸਮੇਂ ਵੀ ਲੱਕੜੀ ਦੀ ਬਹੁਤ ਲੋੜ ਪੈਂਦੀ ਹੈ। ਇਹ ਨਾ ਹੋਵੇ ਲੱਕੜੀ ਖਤਮ ਹੋਣ ਨਾਲ ਸਾਡੇ ਸੰਸਾਰਿਕ ਜੀਵਨ ਵਿਚ ਜਗ੍ਹਾ-ਜਗ੍ਹਾ ਰੁਕਾਵਟਾਂ ਪੈ ਜਾਣ। ਵਿਆਹਾਂ-ਸ਼ਾਦੀਆਂ ਵਿਚ ਅਸੀਂ ਸਿਲੰਡਰ ਵਰਤ ਰਹੇ ਹਾਂ ਪਰ ਦਾਹ ਸਸਕਾਰ ਵੇਲੇ ਲੱਕੜੀ ਦੀ ਲੋੜ ਕਾਫੀ ਹੱਦ ਤਕ ਬਹੁਤ ਪ੍ਰਭਾਵਿਤ ਕਰਦੀ ਹੈ।

ਦਰੱਖਤਾਂ ਦੀ ਪੈਦਾਵਾਰ ਘਟਣ ਦੇ ਨਾਲ-ਨਾਲ ਕਾਫੀ ਕਿਸਮਾਂ ਦੇ ਜਾਨਵਰ ਪੰਛੀਆਂ ਦੀਆਂ ਨਸਲਾਂ ਕਾਫੀ ਘਟਦੀਆਂ ਜਾ ਰਹੀਆਂ ਹਨ। ਘੁੱਗੀਆਂ, ਗਟਾਰਾਂ, ਚਿੜੀਆਂ, ਸੇੜੀਆਂ (ਪੰਛੀ ਦੀ ਨਸਲ) ਤਾਂ ਬਿਲਕੁਲ ਹੀ ਦੇਖਣ ਨੂੰ ਹੀ ਨਹੀਂ ਮਿਲਦੀਆਂ। ਅੰਮ੍ਰਿਤ ਵੇਲੇ ਉੱਠਣ ਦਾ, ਜਗਾਉਣ ਦਾ ਕੰਮ ਵੀ ਚਿੜੀਆਂ ਦੇ ਜ਼ਿੰਮੇ ਹੁੰਦਾ ਸੀ। ਗੁਰਬਾਣੀ ਦਾ ਫੁਰਮਾਨ ਹੈ *ਚਿੜੀ ਚੁਹਕੀ ਪਹੁ ਫੁਟੀ॥* ਬਸ ਇਤਨੇ ਨਾਲ ਅਲਾਰਮ ਹੋ ਜਾਂਦਾ ਸੀ ਕਿ ਦਿਨ ਚੜ੍ਹ ਗਿਆ, ਪਿੰਡ ਜਾਣ ਸਮੇਂ ਨਾ ਉਹ ਸੀਨ ਦੇਖਣ ਨੂੰ ਮਿਲਦੇ ਹਨ। ਜਦ ਸ਼ਾਮ ਨੂੰ ਹਰ ਪੰਛੀ ਆਪੋ-ਆਪਣੇ ਆਲ੍ਹਣਿਆਂ ਨੂੰ ਮੁੜਦੇ ਸਨ। ਖਾਸ ਕਰਕੇ ਕਾਂਵਾਂ ਦੀਆਂ ਡਾਰਾਂ। ਜੇਕਰ ਕਾਂਵਾਂ ਦੇ 'ਕੱਠੇ ਹੋ ਕੇ ਬੋਲਣ ਨੂੰ ਸਾਡੀ ਪੰਜਾਬੀ ਬੋਲੀ 'ਚ ਕਾਂਵਾਂ-ਰੌਲੀ ਆਖ ਕੇ ਨਿੰਦਦੇ ਹਨ ਤਾਂ ਇਹੀ ਕਾਂ ਜਦੋਂ ਬਨੇਰੇ 'ਤੇ ਬੋਲਦਾ ਹੈ ਤਾਂ ਪ੍ਰਾਹੁਣੇ ਦਾ ਸੰਕੇਤ ਮਿਲਦਾ ਹੈ ਤੇ ਇਸ ਕਾਂ ਨੂੰ ਚੂਰੀਆਂ ਪਾਈਆਂ ਜਾਂਦੀਆਂ ਹਨ। ਰੁੱਖ ਅਲੋਪ ਹੋਣ ਦੇ ਨਾਲ-ਨਾਲ ਉਨ੍ਹਾਂ ਦਾ ਤਾਂ ਘਰ-ਘਾਟ ਹੀ ਬਰਬਾਦ ਹੋ ਗਿਆ। ਅਸੀਂ ਮਨੁੱਖ ਸਿਰਫ ਆਪਣੇ ਘਰਾਂ-ਮਕਾਨਾਂ ਦੇ ਬਾਰੇ ਹੀ ਸੋਚਣ ਤਕ ਸੀਮਤ ਹੋ ਰਹੇ ਹਾਂ। ਸਾਨੂੰ ਇਸ ਧਰਤੀ ਦੀ ਸਾਰੀ ਜੀਵ-ਰਚਨਾ ਪ੍ਰਤੀ ਜ਼ਰੂਰ ਹੀ ਚੰਗਾ ਸੋਚਣ ਦਾ ਯਤਨ ਕਰਨਾ ਚਾਹੀਦਾ ਹੈ।

ਪੰਜਾਬ ਵਿਚ ਝੋਨੇ ਦੀ ਪਰਾਲੀ ਜਾਂ ਕਣਕ ਦਾ ਨਾੜ-ਸਾੜ ਦੇਣਾ ਆਮ ਗੱਲ ਹੀ ਹੈ। ਉਸ ਦੇ ਵਿਚ ਅਨਾਜ ਸੜਨਾ ਅਤੇ ਜਿਊਂਦੇ-ਜੀਵ-ਜੰਤ ਸੜਨੇ ਘੋਰ ਪਾਪ ਹੈ। ਇਸੇ ਨਾਲ ਖੜ੍ਹੇ ਦਰੱਖਤ ਵੀ ਸੜ ਜਾਂਦੇ ਹਨ। ਉਸ ਉੱਤੇ ਘੁੱਗੀਆਂ, ਗਟਾਰਾਂ ਆਦਿ ਦੇ ਆਲ੍ਹਣਿਆਂ ਵਿਚ ਬੱਚੇ ਵੀ ਸੜ ਜਾਂਦੇ ਹਨ। ਜਿਊਂਦੇ ਜਾਨਵਰ ਅਤੇ ਹੋਰ ਜੀਵ-ਜੰਤੂਆਂ ਦਾ ਸੜ ਜਾਣਾ ਬਹੁਤ ਲੂੰ-ਕੰਡੇ ਖੜ੍ਹੇ ਕਰਨ ਵਾਲਾ ਦਰਦਨਾਕ ਦ੍ਰਿਸ਼ ਪੇਸ਼ ਕਰਦਾ ਹੈ। ਇਸ ਦੇ ਨਾਲ ਵਾਤਾਵਰਨ ਤਾਂ ਖਰਾਬ ਹੁੰਦਾ ਹੀ ਹੈ ਜੀਵ-ਜੰਤੂਆਂ ਨੂੰ ਵੀ ਘੁਟਣ ਮਹਿਸੂਸ ਹੁੰਦੀ ਹੈ। ਮਗਰੋਂ ਜਦੋਂ ਸਵੇਰੇ ਉੱਠਦੇ ਹਾਂ ਤਾਂ ਕੱਪੜਿਆਂ 'ਤੇ ਸੁਆਹ ਪਈ ਹੁੰਦੀ ਹੈ। ਇਸ ਨਾਲ ਬਹੁਤ ਹੀ ਭਿਆਨਕ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਲਾਈ ਮਰਯਾਦਾ ਨੂੰ ਲਾਗੂ ਕਰਨ ਲਈ ਉਨ੍ਹੀਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਸਿੰਘ ਸਭਾ ਲਹਿਰ ਚੱਲੀ ਤਾਂ ਗੁਰਦੁਆਰਾ ਸਾਹਿਬਾਨ ਵਿਚ ਨਗਾਰਿਆਂ ਦੀ ਮਰਯਾਦਾ ਸਾਰੇ ਪਿੰਡਾਂ ਵਿਚ ਸ਼ੁਰੂ ਹੋਈ। ਖੇਤੀਬਾੜੀ ਦਾ ਕੰਮ ਕਰਨ ਵਾਲੇ ਆਪਣੇ ਧੰਦਿਆਂ ਨੂੰ ਤੁਰਦੇ ਅਤੇ ਪਾਂਧੀ ਆਪਣੇ ਰਸਤੇ ਫੜ ਲੈਂਦੇ।

ਗੁਰਦੁਆਰਾ ਸਾਹਿਬ ਦੇ ਨਗਾਰੇ ਦੀ ਅਵਾਜ਼ ਸਾਰਿਆਂ ਨੂੰ ਸੁਣਦੀ ਹੁੰਦੀ ਅਤੇ ਉਠ ਕੇ ਨਾਮ ਜਪਣ ਵਾਲੇ ਲੋਕ ਨਾਮ ਜਪਦੇ ਸਨ ਅਤੇ ਕਿਰਤੀ ਆਪਣੀ ਕਿਰਤ ਵੱਲ ਤੁਰਦੇ ਸਨ। ਇਸ ਦੀ ਥਾਂ ਹੁਣ ਸਪੀਕਰ ਨੇ ਲੈ ਲਈ ਹੈ। ਉੱਠੋ ਭਾਈ ਅੰਮ੍ਰਿਤ ਵੇਲਾ ਹੋ ਗਿਆ ਹੈ। ਇਸ਼ਨਾਨ ਕਰੋ ਅਤੇ ਨਾਮ ਜਪੋ ਗੁਰਦੁਆਰੇ ਆ ਕੇ ਗੁਰੂ ਸਾਹਿਬ ਦੇ ਦਰਸ਼ਨ ਕਰੋ। ਇਹ ਇਕ ਬਹੁਤ ਹੀ ਵਧੀਆ ਪ੍ਰਕਿਰਿਆ ਹੈ। ਸਪੀਕਰ ਦੇ ਸੁਰ ਨੂੰ ਮੱਧਮ ਰੱਖ ਕੇ ਲੋਕਾਂ ਤਕ ਗੁਰਬਾਣੀ ਪਹੁੰਚਾਉਣੀ ਬਹੁਤ ਹੀ ਵਧੀਆ ਪ੍ਰਕਿਰਿਆ ਹੈ। ਪਰੰਤੂ ਉੱਚੀਆਂ-ਉੱਚੀਆਂ ਅਵਾਜ਼ਾਂ ਕਰ ਕੇ ਡੀ. ਜੇ ਲਾਉਣੇ ਏਨੀ ਉੱਚੀ ਅਵਾਜ਼ ਜਿਸ ਨਾਲ ਧਰਤੀ ਵੀ ਕੰਬਦੀ ਹੈ ਤੇ ਸੌਣ ਵਾਲੇ ਬੰਦੇ ਕੰਨਾਂ ਵਿਚ ਉਂਗਲੀਆਂ ਦੇ ਕੇ ਸੌਂਦੇ ਹਨ। ਧਾਰਮਿਕ ਪ੍ਰੋਗਰਾਮਾਂ ਦੀ ਆੜ ਵਿਚ ਲੋਕਾਂ ਨੂੰ ਬੇਅਰਾਮ ਕਰਨਾ ਮਾੜੀ ਗੱਲ ਹੈ। ਕਿਸੇ ਘਰ ਵਿਚ ਮਰੀਜ਼ ਵੀ ਹੋ ਸਕਦਾ ਹੈ ਅਤੇ ਦੁੱਖ ਦੀ ਘਟਨਾ ਵੀ ਹੋ ਸਕਦੀ ਹੈ। ਜਿਸ ਨੇ ਗੁਰਬਾਣੀ ਸੁਣਨੀ ਹੁੰਦੀ ਹੈ ਉਹ ਪ੍ਰੇਮੀ ਆਪਣੇ ਆਪ ਹੀ ਗੁਰਬਾਣੀ ਸੁਣਨ ਲਈ ਪਹੁੰਚ ਜਾਂਦੇ ਹਨ। ਸਪੀਕਰਾਂ ਨਾਲੋਂ ਵੀ ਖਤਰਨਾਕ ਨੇ ਮੋਟਰਾਂ-ਗੱਡੀਆਂ ਨੂੰ ਭਾਂਤ-ਭਾਂਤ ਦੇ ਲੱਗੇ ਹਾਰਨ ਜੋ ਕਿ ਆਵਾਜ਼ ਪ੍ਰਦੂਸ਼ਣ ਨੂੰ ਜਨਮ ਦੇਂਦੇ ਹਨ। ੧੦ ਫਰਵਰੀ, ੨੦੧੬ ਨੂੰ 'ਅਜੀਤ' ਅਖ਼ਬਾਰ ਪੜ ਕੇ ਮੈਂ ਹੈਰਾਨ ਰਹਿ ਗਿਆ ਕਿ ਚੀਨ ਵਿਚ ਆਕਸੀਜਨ ਹਵਾ ਬੋਤਲ ਵਿਚ ਵਿਕ ਰਹੀ ਹੈ। ਜਿਸ ਤਰ੍ਹਾਂ ਸਾਡੇ ਦਰੱਖਤਾਂ ਦੀ ਕਟਾ-ਵੱਢੀ ਹੋ ਰਹੀ ਹੈ ਤੇ ਬੇਤਹਾਸ਼ਾ ਵਾਹਨ ਸੜਕਾਂ 'ਤੇ ਉਤਰ ਰਹੇ ਹਨ, ਇਹ ਚੀਨ ਵਾਲੀ ਹਾਲਤ ਸਾਡੇ ਦੇਸ਼ 'ਤੇ ਆਉਣ ਨੂੰ ਬਹੁਤ ਸਮਾਂ ਨਹੀਂ ਲਗੇਗਾ। ਵੱਖ-ਵੱਖ ਦੇਸ਼ਾਂ 'ਚ ਵੱਖ-ਵੱਖ ਨਾਂਵਾਂ ਨਾਲ ਬੋਤਲ ਬੰਦ ਪਾਣੀ ਲੋਕਾਂ ਨੂੰ ਵੇਚਿਆ ਜਾ ਰਿਹਾ ਸੀ, ਉੱਥੇ ਹੁਣ ਪ੍ਰਦੂਸ਼ਣ ਦੀ ਮਾਰ ਝੱਲ ਰਹੇ ਬੀਜਿੰਗ ਅਤੇ ਚੀਨ ਦੇ ਵੱਡੇ ਸ਼ਹਿਰਾਂ 'ਚ ਬੋਤਲਬੰਦ ਹਵਾ ਵੀ ਵੇਚੀ ਜਾਣ ਲੱਗ ਪਈ ਹੈ। ੨੭ ਸਾਲ ਦੇ ਵਿਅਕਤੀ ਲਿਉ ਡੇ ਵਾਰਸ ਬਰਤਾਨੀਆ ਦੇ ਪੇਂਡੂ ਇਲਾਕਿਆਂ ਦੀ ਹਵਾ ੫੮੦ ਮਿਲੀਲੀਟਰ ਬੋਤਲ 'ਚ ਬੰਦ ਕਰ ਕੇ ਚੀਨ ਦੇ ਅਮੀਰ ਵਿਅਕਤੀਆਂ ਨੂੰ ਵੇਚ ਰਹੇ ਹਨ ਅਤੇ ਹੁਣ ਤਕ ਉਹ ਲੱਖਾਂ ਰੁਪਏ ਇਕੱਠੇ ਕਰ ਚੁੱਕੇ ਹਨ। ਰਿਪੋਰਟ ਅਨੁਸਾਰ ਉਨ੍ਹਾਂ ਨੇ ਇਸ ਕੰਮ ਦਾ ਆਗਾਜ਼ ਪਿਛਲੇ ਸਾਲ ਦੇ ਆਖਰੀ ਮਹੀਨਿਆਂ 'ਚ ਕੀਤਾ ਸੀ- ਹਵਾ ਦੀ ਖੇਤੀ ਕਰਨ ਵਾਲੀ ਉਨ੍ਹਾਂ ਦੀ ਕੰਪਨੀ ਆਇਟਹਾਇਟ ਹੁਣ ਤਕ ਸੈਂਕੜੇ ਹੀ ਅਜਿਹੀਆਂ ਬੋਤਲਾਂ ਵੇਚ ਚੁੱਕੀ ਹੈ। ਡੇ ਵਾਟਸ ਬਰਤਾਨੀਆ ਦੇ ਡੋਹਸੈਟ, ਸੋਮਰਸੈਟ ਅਤੇ ਵੇਲਸ ਵਰਗੇ ਇਲਾਕਿਆਂ 'ਚੋਂ ਹਵਾ ਜਮ੍ਹਾਂ ਕਰਦੇ ਹਨ। ਡੇ ਵਾਟਸ ਦੀ ਟੀਮ ਹਵਾ ਜਮ੍ਹਾਂ ਕਰਨ ਲਈ ਸਵੇਰੇ ੫:੦੦ ਵਜੇ ਹੀ ਇਨ੍ਹਾਂ ਖੇਤਰਾਂ ਵੱਲ ਨਿਕਲ ਪੈਂਦੀ ਹੈ। ਡੇ ਵਾਟਸ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਗ੍ਰਾਹਕਾਂ ਦੀ ਖਾਸ ਮੰਗ ਹੁੰਦੀ ਹੈ। ਉਸ ਹਿਸਾਬ ਨਾਲ ਹੀ ਹਵਾ ਦੀ ਪੂਰਤੀ ਕੀਤੀ ਜਾਂਦੀ ਹੈ।

ਸਾਫ-ਸੁਥਰੀ ਹਵਾ ਦੇ ਰੱਖ ਰਖਾਓ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਪਰਾਲਾ ਕੀਤਾ। ਸ੍ਰੀ ਹਰਿਮੰਦਰ ਸਾਹਿਬ ਆਈਆਂ ਸੰਗਤਾਂ ਨੂੰ ਮੁਫਤ ਬੂਟੇ ਵੰਡੇ ਜਾਂਦੇ ਹਨ ਤਾਂ ਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਵੀ ਸੁੱਖ ਦਾ ਸਾਹ ਲੈ ਸਕਣ। ■

ਗਾਗਰ 'ਚ ਸਾਗਰ--੨੩

# ਖਾਲਸਾ ਮਹਿਮਾ ਤੇ ਮਰਯਾਦਾ

-ਡਾ. ਇੰਦਰਜੀਤ ਸਿੰਘ ਗੋਗੋਆਣੀ*

*ਜਾਗਤਿ ਜੋਤ ਜਪੈ ਨਿਸਿ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥*
*ਤੀਰਥ ਦਾਨ ਦਯਾ ਤਪ ਸੰਜਮ ਏਕੁ ਬਿਨਾਂ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈਂ ਤਬ ਖਾਲਿਸ ਤਾਹਿੰ ਨ ਖਾਲਿਸ ਜਾਨੈ॥*

*(ਸ੍ਰੀ ਦਸਮ ਗ੍ਰੰਥ)*

ਵੈਸਾਖੀ ਖਾਲਸੇ ਦਾ ਪ੍ਰਗਟ ਦਿਵਸ ਹੈ। ਵੈਸਾਖੀ-ਚਰਨ ਪਾਹੁਲ ਤੋਂ ਖੰਡੇ ਦੀ ਪਾਹੁਲ ਦਾ ਸਫਰ ਤੇ ਬਖਸ਼ਿਸ਼ਮਈ ਦਿਨ ਹੈ। ਵੈਸਾਖੀ ਦਸਮ ਪਿਤਾ ਦੀਆਂ ਰਹਿਮਤਾਂ ਤੇ ਨਿਆਰੇਪਨ ਦੀ ਘਾੜਤ ਦਾ ਦਿਨ ਹੈ। ਇਸ ਦਿਨ ਦਸਮੇਸ਼ ਪਿਤਾ ਜੀ ਨੇ ਖਾਲਸੇ ਨੂੰ ਖਾਸ ਰੂਪ ਬਖਸ਼ਿਸ਼ ਕੀਤਾ। ਗੁਰਮਤਿ ਸਾਹਿਤ ਵਿਚ ਖਾਲਸਾ ਸ਼ਬਦ ਦਾ ਸਭ ਤੋਂ ਪਹਿਲਾ ਰੂਪ ਭਗਤ ਕਬੀਰ ਜੀ ਦੀ ਬਾਣੀ ਵਿਚ ਮਿਲਦਾ ਹੈ:

*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥ (ਪੰਨਾ ੬੫੫)*

ਭਾਵ ਜਿਨ੍ਹਾਂ ਜਨਾਂ ਦੀ ਲਿਵ ਪ੍ਰਭੂ ਦੀ ਪ੍ਰੇਮਾ ਭਗਤੀ ਨਾਲ ਜੁੜ ਗਈ, ਉਹ ਖਾਲਸੇ ਹੋ ਗਏ। 'ਮਹਾਨ ਕੋਸ਼' ਅਨੁਸਾਰ ਖਾਲਸਾ- ਸ਼ੁੱਧ, ਬਿਨਾ ਮਿਲਾਵਟ ਨਿਰੋਲ; ਸੰਗਯਾ- ਉਹ ਜ਼ਮੀਨ ਜਾਂ ਮੁਲਕ ਜੋ ਬਾਦਸ਼ਾਹ ਦਾ ਹੈ, ਜਿਸ ਪਰ ਕਿਸੇ ਜਗੀਰਦਾਰ ਅਥਵਾ ਜ਼ਿਮੀਦਾਰ ਦਾ ਅਧਿਕਾਰ ਨਹੀਂ, ਅਕਾਲੀ ਧਰਮ, ਵਾਹਿਗੁਰੂ ਜੀ ਕਾ ਖਾਲਸਾ, ਸਿੰਘ ਪੰਥ ਹੈ। ਇਸੇ ਤਰ੍ਹਾਂ 'ਸਮ ਅਰਥ ਕੋਸ਼' ਵਿਚ ਖਾਲਸਾ ਦੇ ਸਮਾਨ ਅਰਥੀ ਸ਼ਬਦ- ਉੱਤਮ ਪੰਥ, ਸਹੀ ਰਾਹ, ਸਿੱਖ ਪੰਥ, ਸ਼੍ਰੋਮਣੀ ਪੰਥ, ਕੁਰਬਾਨੀ ਪੁੰਜ, ਗਾਡੀ ਰਾਹ, ਗੁਰ ਮਾਰਗ, ਗੁਰਮੁਖ ਪੰਥ, ਗੁਰੂ ਪੰਥ, ਜੋਧਾ ਪੰਥ, ਤੀਸਰ ਪੰਥ, ਧਰਮੀ ਬੀਰ, ਨਿਰਮਲ ਪੰਥ, ਨਿਰਾਲਾ ਪੰਥ, ਬੀਰ ਪੰਥ, ਮਹਾਨ ਪੰਥ, ਰਾਜ ਪੰਥ ਆਦਿ ਹਨ।

ਖਾਲਸੇ ਦੀ ਮਹਿਮਾ ਦਾ ਵਡ-ਅਕਾਰੀ ਰੂਪ 'ਸਰਬ ਲੋਹ ਗ੍ਰੰਥ' ਵਿਚ ਹੈ। ਵੈਸਾਖੀ ਦੇ ਦਿਨ ਸਤਿਕਾਰਤ ਰਾਗੀ, ਢਾਡੀ, ਪ੍ਰਚਾਰਕ ਖਾਲਸੇ ਦੀ ਮਹਿਮਾ ਸੰਗਤਾਂ ਨੂੰ ਸਰਵਣ ਕਰਵਾਉਂਦੇ ਹਨ ਜੋ ਦਸਮੇਸ਼ ਪਿਤਾ ਜੀ ਨੇ ਇਉਂ ਵਰਣਨ ਕੀਤਾ ਹੈ:

*ਖ਼ਾਲਸਾ ਮੇਰੋ ਰੂਪ ਹੈ ਖਾਸ। ਖ਼ਾਲਸਹ ਮਹਿ ਹਉਂ ਕਰਹੁੰ ਨਿਵਾਸ।*
*ਖ਼ਾਲਸਾ ਮੇਰੋ ਮੁਖ ਹੈ ਅੰਗ। ਖ਼ਾਲਸੇ ਕੇ ਹਉ ਬਸਤਿ ਸਦ ਸੰਗ। (ਸਰਬ ਲੋਹ ਗ੍ਰੰਥ)*

ਇਸ ਸੰਪੂਰਨ ਸ਼ਬਦ ਦੇ ਇਸੇ ਪ੍ਰਕਾਰ ੧੦ ਬੰਦ ਹਨ। ਸਤਵੇਂ ਬੰਦ ਵਿਚ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਖਾਲਸਾ ਮੇਰਾ ਧਰਮ ਕਰਮ ਹੈ ਤੇ ਖਾਲਸਾ ਮੇਰਾ ਗੁੱਝਾ ਭੇਦ (ਨਿਜ ਮਰਮ) ਹੈ, ਖਾਲਸਾ ਮੇਰਾ ਪੂਰਾ (ਸੂਰਾ) ਯੋਧਾ ਹੈ।

*ਖ਼ਾਲਸਾ ਮੇਰੋ ਧਰਮ-ਅਰੁ-ਕਰਮ। ਖ਼ਾਲਸਾ ਮੇਰੋ ਭੇਦ ਨਿਜ ਮਰਮ।*

*ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ: +੯੧੯੮੧੫੯-੮੫੫੫੯

*ਖ਼ਾਲਸਾ ਮੇਰੋ ਸਤਿਗੁਰੁ ਪੂਰਾ। ਖ਼ਾਲਸਾ ਮੇਰੋ ਸ੍ਵਜਨ ਸੂਰਾ।*

ਅੰਤ ੧੦ ਬੰਦਾਂ ਤੋਂ ਬਾਅਦ ਰਹਾਉ ਦੀ ਪੰਕਤੀ ਹੈ, ਜਿਸ ਵਿਚ ਸਾਰੀ ਵਿਚਾਰ ਦਾ ਕੇਂਦਰੀ ਭਾਵ ਹੈ:

*ਖ਼ਾਲਸਾ ਕਾਲਪੁਰਖ ਕੀ ਫ਼ੌਜ। ਪ੍ਰਗਟਯੋ ਪਰਮਾਤਮ ਕੀ ਮੌਜ।*

ਭਾਵ ਇਹ ਅਕਾਲੀ ਫੌਜ ਹੈ ਤੇ ਪ੍ਰਭੂ ਦੀ ਲਹਿਰ ਜਾਂ ਮੌਜ ਵਿੱਚੋਂ ਪ੍ਰਗਟੀ ਹੈ। ਅੱਗੇ ਸਤਿਗੁਰੂ ਜੀ ਹੋਰ ਵਿਸਥਾਰ ਕਰਦੇ ਹੋਏ ਫੁਰਮਾਉਂਦੇ ਹਨ:

*ਖ਼ਾਲਸੇ ਕੇ ਪ੍ਰਸਾਦਿ ਕਰਿ ਸੁਤ, ਵਿਤ, ਕੋਸ, ਭੰਡਾਰੁ।*

ਭਾਵ ਖਾਲਸੇ ਦੇ ਜਲੌ ਪ੍ਰਤਾਪ ਕਰਕੇ ਹੀ ਸੁਤ (ਪੁੱਤਰ) ਵਿਤ (ਧੰਨ) ਕੋਸ (ਖਜ਼ਾਨਾ) ਤੇ ਅਨਾਜ ਦੇ ਭੰਡਾਰ ਭਰਪੂਰ ਹਨ। ਫਿਰ ਸਤਵੇਂ ਬੰਦ ਵਿਚ ਫੁਰਮਾਉਂਦੇ ਹਨ:

*ਜਜਨ ਭਜਨ ਮਮ ਖ਼ਾਲਸਾ, ਖ਼ਾਲਸ ਪੂਜਬਿ ਜੋਗ।*
*ਦਾਸ ਗੋਬਿੰਦ ਫ਼ਤਹ ਖ਼ਾਲਸਾ, ਦਰਸ ਪਰਸ ਮਿਟਿ ਸੋਗ। (ਸਰਬ ਲੋਹ ਗ੍ਰੰਥ)*

ਮੇਰਾ ਖਾਲਸਾ ਪੂਜਣ ਤੇ ਭਜਨ ਬੰਦਗੀ ਵਾਲਾ ਹੈ ਤੇ ਖਾਲਸੇ ਦੀ ਸਦਾ ਫਤਿਹ ਹੋਈ ਹੈ। ਇਸ ਦੇ ਦੀਦਾਰ ਤੇ ਮਿਲਾਪ ਕਰ ਕੇ ਸਭ ਸੋਗ ਮਿਟਦੇ ਹਨ। ਇਸ ਅੱਠ ਬੰਦਾਂ ਵਾਲੇ ਸ਼ਬਦ ਦੇ ਅੰਤ ਵਿਚ ਰਹਾਉ ਦੀਆਂ ਪੰਕਤੀਆਂ ਹਨ:

*ਆਤਮ ਰਸ ਜੋ ਜਾਨਹੀ, ਸੋ ਹੈ ਖ਼ਾਲਸ ਦੇਵ।*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਿਨ ਭੇਵ। (ਸਰਬ ਲੋਹ ਗ੍ਰੰਥ)*

ਇੱਥੇ ਸਤਿਗੁਰੂ ਜੀ ਤਰੁੱਠ ਕੇ ਖਾਲਸੇ ਨੂੰ ਮਾਣ ਬਖਸ਼ਦੇ ਹਨ ਕਿ ਜੋ ਆਤਮ ਰਸ ਦਾ ਅਨੁਭਵੀ ਹੈ ਉਹ ਖਾਲਸਾ ਦੇਵ ਸਮਾਨ ਹੈ, ਇਸ ਲਈ ਪ੍ਰਭੂ ਵਿਚ ਮੇਰੇ ਵਿਚ ਤੇ ਖਾਲਸੇ ਵਿਚ ਰੰਚਕ-ਮਾਤਰ ਵੀ ਭੇਦ ਜਾਂ ਫਰਕ ਨਹੀਂ ਹੈ। ਫਿਰ ਖਾਲਸੇ ਦੀ ਉਪਮਾ ਗੁਰੂ ਜੀ ਨੇ ਇਉਂ ਕੀਤੀ ਹੈ:

*ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੋਂ ਦਾਨ ਕਰੇ॥*
*ਅਘ ਓਘ ਟਰੇ ਇਨ ਹੀ ਕੇ ਪ੍ਰਸਾਦਿ ਕ੍ਰਿਪਾ ਇਨ ਕੀ ਪੁਨਿ ਧਾਮ ਭਰੇ॥*
*ਇਨ ਹੀ ਕੇ ਪ੍ਰਸਾਦਿ ਸੁਬਿੱਦਿਯ ਭਏ ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗਰੀਬ ਕਰੋਰ ਪਰੇ॥*
*(ਸ੍ਰੀ ਦਸਮ ਗ੍ਰੰਥ)*

ਜਿਸ ਖਾਲਸੇ ਦੀ ਮਹਿਮਾ ਦਸਮੇਸ਼ ਪਿਤਾ ਜੀ ਨੇ ਮੋਹ ਭਰੇ ਸ਼ਬਦਾਂ ਵਿਚ ਵਰਣਨ ਕੀਤੀ ਇਸ ਸਬੰਧੀ ਵਿਦਵਾਨਾਂ ਦਾ ਕਥਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਜਾਮੇ ਧਾਰਨ ਕਰ ਕੇ ਸੰਸਾਰ ਉੱਪਰ ਜੋ ਰੋਲ ਮਾਡਲ ਤਿਆਰ ਕੀਤਾ, ਉਸਦਾ ਨਾਮ ਹੈ 'ਖਾਲਸਾ'। ਸਤਿਗੁਰਾਂ ਦੀ ਮਹਾਨ ਬਖਸ਼ਿਸ਼ ਅੰਮ੍ਰਿਤ ਦੀ ਦਾਤ ਜੋ ਅੰਮ੍ਰਿਤਮਈ ਪੰਜਾਂ ਬਾਣੀਆਂ ਦਾ ਸਿਮਰਨ ਕਰ ਕੇ ਤਿਆਰ ਹੋਈ, ਇਹ ਇਕ ਸਿੰਘ ਵਾਸਤੇ ਅੰਮ੍ਰਿਤਮਈ ਜੀਵਨ ਜੀਣ ਦਾ ਮਹਾਨ ਸੋਮਾ ਹੈ। ਅੰਮ੍ਰਿਤ-ਸੰਚਾਰ ਦੀਆਂ ਪੰਜ ਬਾਣੀਆਂ ਉੱਪਰ ਗੁਰਸਿੱਖਾਂ ਨੂੰ ਕੋਈ ਸ਼ੰਕਾ ਨਹੀਂ ਪਰ ਫਿਰ ਵੀ ਨਵੀਨ ਤਰਕਵਾਦੀਆਂ ਲਈ ਹਵਾਲੇ ਦੀ ਲੋੜ ਹੋਵੇ ਤਾਂ ਗੁਰੂ-ਘਰ ਦੇ ਮਹਾਨ ਯੋਧੇ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਦੀ ਰਚਨਾ 'ਸ੍ਰੀ ਗੁਰ ਕਥਾ' ਜੋ ਪੁਰਾਤਨ

ਹੱਥ ਲਿਖਤ ਖਰੜਾ ਡਾ. ਗੁਰਮੁਖ ਸਿੰਘ ਜੀ ਨੇ 'ਭਾਈ ਜੈਤਾ ਜੀ: ਜੀਵਨ ਤੇ ਰਚਨਾ' ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ ਉਸ ਵਿਚ 'ਅੰਮ੍ਰਿਤ-ਬਿਧਿ' ਸਿਰਲੇਖ ਹੇਠ ਸਵੈਯਾ ਹੈ ਜੋ ਸਭ ਤੋਂ ਪ੍ਰਮਾਣਿਕ ਉਸ ਸਮੇਂ ਦਾ ਇਤਿਹਾਸਿਕ ਸਰੋਤ ਹੈ; ਇਸ ਵਿਚ ਇਉਂ ਲਿਖਿਆ ਹੈ:

*ਪਾਂਚਹੁੰ ਮਹਿ ਚਾਰ ਸੁ ਹੋਵਹਿੰ ਅਵਰ ਜੋਇ। ਪਾਤਰ ਊਪਰ ਹਾਥ ਰਖੀਜੈ।*
*ਆਪਨ ਆਪਨ ਬਾਰ ਯੇ ਪਾਂਚਹੁੰ ਪਾਂਚ ਹੀ ਬਾਣੀ ਕੋ ਪਾਠ ਪੜ੍ਹੀਜੈ।*
*ਜਪੁ ਜਾਪ ਸਵੈਯੇ ਚੌਪਈ ਅਨੰਦ ਕੋ ਪਾਠ ਸੋ ਪਾਹੁਲ ਤਿਆਰ ਕਰੀਜੈ।*
*ਪਾਂਓ ਚੁਲੇ ਮੁਖ ਪਾਵਹਿ ਸੁ ਯਾਜਕ ਏਤ ਹੀ ਨੇਤਰ ਕੇਸ ਪਵੀਜੈ।*

*(ਭਾਈ ਜੈਤਾ ਜੀ ਜੀਵਨ ਤੇ ਰਚਨਾ, ਪੰਨਾ ੨੮-੨੯)*

ਹੁਣ ਇਸ ਖਾਲਸੇ ਦੀ ਮਰਯਾਦਾ ਕੀ ਹੈ, ਜਿਸ ਨੂੰ ਪੰਜ ਬਾਣੀਆਂ ਦਾ ਸਿਮਰਨ ਕਰ ਕੇ ਖੰਡੇ ਦੀ ਪਾਹੁਲ ਦਿੱਤੀ ਗਈ ਹੈ। ਖੰਡੇ ਦੀ ਪਾਹੁਲ ਦਾ ਹੀ ਦੂਜਾ ਨਾਉਂ ਅੰਮ੍ਰਿਤ ਦੀ ਦਾਤ ਹੈ ਤੇ ਪੰਜ ਕਕਾਰਾਂ ਦੇ ਧਾਰਨੀ ਨੂੰ ਅੰਮ੍ਰਿਤਧਾਰੀ ਕਿਹਾ ਜਾਂਦਾ ਹੈ। ਸਿੱਖ ਸੱਭਿਆਚਾਰ ਦੇ ਇਹ ਅਤਿ ਸਤਿਕਾਰਤ ਸ਼ਬਦ ਹਨ। ਹੁਣ ਅੰਮ੍ਰਿਤਧਾਰੀ ਸਿੰਘ (ਖਾਲਸੇ) ਦੀ ਜੀਵਨ ਮਰਯਾਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਲ ਤੇ ਸਪਸ਼ਟ ਸ਼ਬਦਾਂ ਵਿਚ ਬਖ਼ਸ਼ਿਸ਼ ਕੀਤੀ ਹੈ, ਇਹ ਸੰਪੂਰਨ ਸ਼ਬਦ ਹਥਲੇ ਲੇਖ ਦੇ ਅਰੰਭ ਵਿਚ ਦਿੱਤਾ ਗਿਆ ਹੈ। ਇਸ ਦੇ ਅਰਥ ਇਸ ਪ੍ਰਕਾਰ ਹਨ:

* ਖਾਲਸਾ ਉਹੀ ਹੈ ਜੋਕਿ ਕੇਵਲ ਇਕ ਚੇਤਨ ਪ੍ਰਕਾਸ਼ ਪ੍ਰਭੂ (ਜਾਗਤਿ ਜੋਤ) ਦਾ ਦਿਨ-ਰਾਤ (ਨਿਸ ਬਾਸੁਰ) ਸਿਮਰਨ ਕਰਦਾ ਹੈ ਅਤੇ ਉਸ ਇਕ ਤੋਂ ਬਿਨਾ ਹੋਰ ਕਿਸੇ ਨੂੰ ਵੀ ਮਨ ਵਿਚ ਨਹੀਂ ਲਿਆਉਂਦਾ।

* ਉਹ ਪ੍ਰਭੂ ਨੂੰ ਪੂਰਨ ਨਿਸਚੇ ਨਾਲ ਪ੍ਰੀਤ ਕਰਦਾ ਹੈ ਅਤੇ ਵਰਤ, ਕਬਰ (ਗੋਰ), ਮੜੀ ਤੇ ਮੱਠ ਆਦਿ ਨੂੰ ਭੁੱਲ ਕੇ ਵੀ ਨਹੀਂ ਮੰਨਦਾ।

* ਉਹ ਇਕ ਪ੍ਰਭੂ ਦੀ ਬੰਦਗੀ ਨੂੰ ਸਭ ਤੋਂ ਸ੍ਰੇਸ਼ਟ ਮੰਨਦਾ ਤੇ ਬਾਨੀ ਤੀਰਥ ਇਸ਼ਨਾਨ, ਦਾਨ, ਦਇਆ, ਤਪ ਆਦਿ ਕਿਸੇ ਨੂੰ ਵੀ ਨਹੀਂ ਪਛਾਣਦਾ ਹੈ, ਭਾਵ ਪ੍ਰਭੂ ਭਗਤੀ ਉੱਪਰ ਹੀ ਭਰੋਸਾ ਹੈ।

* ਇਸ ਪ੍ਰਕਾਰ ਦੀ ਜੀਵਨ-ਜਾਚ ਨਾਲ ਜਦ ਪੂਰਨ ਜੋਤ ਹਿਰਦੇ ਵਿਚ ਜਾਗਦੀ ਹੈ ਤਦ ਸ਼ੁਧ ਸਰੂਪ ਖਾਲਸ ਤੱਤ ਦਾ ਅਨੁਭਵ ਕਰਦਾ ਹੈ।

ਦਸਮੇਸ਼ ਪਿਤਾ ਜੀ ਨੇ ਅਪਣੀ ਜਾਨ ਦੀ ਜਾਨ ਖਾਲਸੇ ਨੂੰ ਸਮੁੱਚੀ ਮਰਯਾਦਾ ਪ੍ਰਤੀ ਜਾਗ੍ਰਿਤ ਕਰ ਕੇ ਇਸ ਪੱਖੋਂ ਵੀ ਸੁਚੇਤ ਕੀਤਾ ਕਿ ਜਦ ਤਕ ਮੇਰਾ ਖਾਲਸਾ ਆਪਣੀ ਜੀਵਨ ਜਾਂਚ, ਸਿਧਾਂਤਾਂ ਤੇ ਮਰਯਾਦਾ ਕਰਕੇ ਨਿਆਰਾਪਨ ਕਾਇਮ ਰੱਖੇਗਾ, ਤਦ ਤਕ ਮੇਰਾ ਤੇਜ ਪ੍ਰਤਾਪ, ਬਖਸ਼ਿਸ਼ ਇਸ ਦੇ ਉੱਪਰ ਰਹੇਗੀ ਪਰ ਜੇਕਰ ਕਦੇ ਮਰਯਾਦਾ ਜਾਂ ਆਪਣੇ ਨਿਆਰੇਪਨ ਦੀ ਹੋਂਦ (ਬਾਣੀ-ਬਾਣੇ) ਨੂੰ ਤਿਆਗ ਕੇ ਫਿਰ ਬਿਪਰਵਾਦੀ (ਬ੍ਰਾਹਮਣੀ) ਕਰਮ-ਕਾਂਡਾਂ ਵਿਚ ਪੈ ਜਾਏਗਾ ਤਾਂ ਮੈਂ ਇਸ ਦਾ ਭਰੋਸਾ ਨਹੀਂ ਕਰਾਂਗਾ। ਸਤਿਗੁਰਾਂ ਦੇ ਇਹ ਬੋਲ ਹਰ ਯੁੱਗ ਵਿਚ ਆਪਣੇ ਨਿਆਰੇ ਪੰਥ ਨੂੰ ਸੁਚੇਤ ਕਰਦੇ ਰਹਿਣਗੇ:

*ਜਬ ਲਗ ਖਾਲਸਾ ਰਹੈ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ।*
*ਜਬ ਇਹ ਗਹੈ ਬਿਪਰਨ ਕੀ ਰੀਤ। ਮੈਂ ਨ ਕਰੋਂ ਇਨ ਕੀ ਪ੍ਰਤੀਤ।* ■

*ਕਿਸ਼ਤ ਨੌਵੀਂ*

# ਜੰਗਨਾਮਾ

## (ਦੂਸਰਾ ਸਿੱਖ-ਅੰਗਰੇਜ਼ ਯੁੱਧ)

*-ਲੈਫ. ਪਰਸ਼ੋਤਮ ਸਿੰਘ**

### ੯੧

ਤੋਪਾਂ ਮਾਰ ਕੇ ਲਗਾਤਾਰ ਗੋਲੇ,
ਕੰਧਾਂ ਕਿਲ੍ਹੇ ਦੀਆਂ ਦਿੱਤੀਆਂ ਢਾਹ ਯਾਰੋ।
ਵੜਨ ਕਿਲ੍ਹੇ ਵਿਚ ਫੌਜੀ ਤਿਆਰ ਹੋਏ,
ਜੰਗ ਕਰਨ ਦਾ ਬੜਾ ਹੈ ਚਾਅ ਯਾਰੋ।
ਮੂਲਰਾਜ ਦਾ ਮੂਲ ਨਾ ਵੱਸ ਚੱਲੇ,
ਗਿਆ ਕਿਲ੍ਹੇ ਤੋਂ ਬਾਹਰ ਉਹ ਆ ਯਾਰੋ।
ਸੁੱਟ ਦਿੱਤੇ ਹਥਿਆਰ ਉਸ ਬਾਹਰ ਆ ਕੇ,
ਲੱਲੀ ਲਾਉਣਾ ਤੇ ਲਾ ਦਿਉ ਫਾਹ ਯਾਰੋ।

### ੯੨

ਜਰਨੈਲ ਵਿੱਛ ਫਿਰ ਤੁਰਿਆ ਚਨਾਬ ਵੱਲ ਨੂੰ,
ਜੰਗੀ ਲਾਟ ਨਾਲ ਕਰੇ ਮਿਲਾਪ ਭਾਈ।
ਅੱਗੋਂ ਲਾਟ ਉਸਨੂੰ ਜੱਫੀ ਪਾ ਮਿਲਿਆ।
ਵਧਾਈਆਂ ਜਿੱਤ ਦੀਆਂ ਦੇਂਵਦਾ ਆਪ ਭਾਈ।
ਦੋਵੇਂ ਫੌਜਾਂ ਇਹ ਆਪਸ ਵਿਚ ਮਿਲ ਗਈਆਂ,
ਇਹ ਹੈ ਖਾਲਸੇ ਲਈ ਸਰਾਪ ਭਾਈ।
ਤੋਪਖਾਨਾ ਹੁਣ ਲਾਟ ਕੋਲ ਬਹੁਤ ਭਾਰਾ,
ਲੱਲੀ ਕਰੂ ਤਬਾਹੀ ਗੁਜਰਾਤ ਭਾਈ।

### ੯੩

ਜੰਗੀ ਲਾਟ ਹੁਣ ਚੜ੍ਹਿਆ ਗੁਜਰਾਤ ਉੱਤੇ,
ਫੌਜ ਨਾਲ ਇਹ ਵੱਡੀ ਹੈ ਬਹੁਤ ਭਾਰੀ।
ਖਾਲਸਾ ਫੌਜ ਹੁਣ ਉਸ ਤੋਂ ਕਿਤੇ ਛੋਟੀ,
ਅੰਗਰੇਜ਼ੀ ਫੌਜ ਦੀ ਪੂਰੀ ਹੈ ਫੁੱਲ ਤਿਆਰੀ।
ਫਿਰ ਵੀ ਲੜੇਗਾ ਖਾਲਸਾ ਅੱਜ ਏਥੇ,
ਜਾਨ ਆਪਣੀ ਕਰੇ ਨਾ ਮੂਲ ਪਿਆਰੀ।
ਜਿੱਤ ਹਾਰ ਤੇ ਹੱਥ ਪਰਮਾਤਮਾ ਦੇ,
ਮੁਕਾਬਲਾ ਕਰਨ ਦੀ ਲੱਲੀ ਹੈ ਗੱਲ ਸਾਰੀ।

### ੯੪

ਇੱਕੀ ਫਰਵਰੀ ਦਾ ਇਹ ਦਿਨ ਹੈ ਜੀ,
ਫੌਜਾਂ ਆਹਮਣੇ ਸਾਹਮਣੇ ਆਣ ਖੜੀਆਂ।
ਹਰੀ ਕਣਕ ਦੀਆਂ ਉਹਨਾਂ ਵਿਚਕਾਰ ਫਸਲਾਂ,
ਕਿਰਨਾ ਸੂਰਜ ਦੀਆਂ ਉਹਨਾਂ 'ਤੇ ਪੈਣ ਬੜੀਆਂ।
ਕੋਲ ਵਗਦਾ ਦਰਿਆ ਝਨਾ ਵੇਖੋ,
ਦੂਰ ਪਹਾੜਾਂ ਦੀਆਂ ਚੋਟੀਆਂ ਹਨ ਖੜੀਆਂ।
ਗੁਜਰਾਤ ਸ਼ਹਿਰ ਲੱਲੀ ਪਿੱਛੇ ਖਾਲਸੇ ਦੇ,
ਫੌਜਾਂ ਸਾਹਮਣਿਓਂ ਲਾਟ ਦੀਆਂ ਆਉਣ ਚੜ੍ਹੀਆਂ।

### ੯੫

ਹਮਲਾ ਕਰਨ ਅੰਗਰੇਜ਼ ਜਾਂ ਵਧੇ ਅੱਗੇ,
ਗੋਲੇ ਖਾਲਸਾ ਤੋਪਾਂ ਦੇ ਆਣ ਗੱਜੇ।
ਅੰਗਰੇਜ਼ ਅਜੇ ਨਹੀਂ ਤੋਪਾਂ ਦੀ ਰੇਂਜ ਅੰਦਰ,
ਗੋਲੇ ਉਹਨਾਂ ਤੋਂ ਕਾਫੀ ਦੂਰ ਵੱਜੇ।
ਕਿੰਨ੍ਹੀਆਂ ਹਨ ਤੇ ਕਿੱਥੇ ਹਨ ਇਹ ਤੋਪਾਂ,
ਜੰਗੀ ਲਾਟ ਨੂੰ ਇਹ ਗੱਲ ਪਤਾ ਲੱਗੇ।
ਅੰਗਰੇਜ਼ੀ ਤੋਪਾਂ ਨੇ ਅੱਠ ਸੌ ਗਜ ਆ ਕੇ,
ਲੱਲੀ ਖਾਲਸੇ ਤੇ ਗੋਲੇ ਖੂਬ ਛੱਡੇ।

### ੯੬

ਖਾਲਸਾ ਤੋਪਾਂ ਦੀ ਅੱਜ ਨਾ ਵਾਹ ਜਾਂਦੀ,
ਅੰਗਰੇਜ਼ੀ ਤੋਪਾਂ ਦੇ ਨੇ ਮਾਰੂ ਵਾਰ ਮੀਆਂ।
ਦੋ ਘੰਟੇ ਤਕ ਚੱਲੀ ਇਹ ਗੋਲਾਬਾਰੀ,
ਫਿਰ ਪਲਟਣਾ ਹੋਈਆਂ ਤਿਆਰ ਮੀਆਂ।
ਪਹਿਲਾਂ ਗੋਲੀਆਂ ਨੇ ਕਤਲੇਆਮ ਕੀਤੀ,
ਚੱਲੀ ਉਸ ਤੋਂ ਬਾਅਦ ਤਲਵਾਰ ਮੀਆਂ।
ਖਾਲਸੇ ਬੜਾ ਘਮਸਾਣ ਦਾ ਯੁੱਧ ਕੀਤਾ,
ਲੱਲੀ ਅੰਤ ਵਿਚ ਗਿਆ ਉਹ ਹਾਰ ਮੀਆਂ।

---

**ਪਿੰਡ ਧੁੱਪਸੜੀ, ਡਾਕ: ਜੀ.ਪੀ.ਟੀ. ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੋ: +੯੧੯੮੭੬੭-੩੪੦੭੯*

੯੭

ਜੰਗੀ ਲਾਟ ਤੁਰ ਗਿਆ ਵਲੈਤ ਆਪਣੀ,
ਡਲਹੌਜੀ ਪਾਈ ਮਿਆਨ ਤਲਵਾਰ ਯਾਰੋ।
ਸਾਰੇ ਮੁਲਖ ਵਿਚ ਘੋਸ਼ਣਾ ਕਰ ਦਿੱਤੀ,
ਖਤਮ ਖਾਲਸਾ ਹੋਈ ਸਰਕਾਰ ਯਾਰੋ।

ਪਹਾੜ ਰੁਸ਼ਨਾਈ ਦਾ ਲਿਆ ਦਲੀਪ ਸਿੰਘ ਤੋਂ,
ਸਿੱਖ ਰਾਜ ਦਾ ਜੋ ਸ਼ਿੰਗਾਰ ਯਾਰੋ।
ਲੱਲੀ ਭੇਜਿਆ ਇੰਗਲੈਂਡ ਉਸ ਮਹਾਰਾਜਾ,
ਕੋਹਿਨੂਰ ਵੀ ਸਾਗਰੋਂ ਪਾਰ ਯਾਰੋ।

**ਅੰਤਿਕਾ:** ਸਿੱਖ ਕਦੀ ਪੰਜਾਬ ਦੇ ਹਾਕਮ ਸਨ। ਨਾ ਸਿਰਫ ਪੰਜਾਬ ਦੇ ਹੀ, ਸਗੋਂ ਪਹਾੜੀ ਸੂਬਿਆਂ, ਜੰਮੂ ਕਸ਼ਮੀਰ ਅਤੇ ਉੱਤਰ-ਪੱਛਮੀ ਸਰਹੱਦੀ ਇਲਾਕਿਆਂ ਦੇ ਵੀ। ਜਿਸ ਮਹਾਨ ਸ਼ਕਤੀ, ਭਾਵ ਅੰਗਰੇਜ਼ੀ ਸਾਮਰਾਜ, ਨੇ ਉਨ੍ਹਾਂ ਤੋਂ ਉਨ੍ਹਾਂ ਦਾ ਸਾਮਰਾਜ ਖੋਹਿਆ, ਉਹ ਸ਼ਕਤੀ ਅਸੀਮਤ ਸੀ, ਉਸ ਦਾ ਵਿਰੋਧ ਅਸੰਭਵ ਸੀ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਉਸ ਦੀਆਂ ਰਾਜਾਂ ਅਤੇ ਮਹਾਂਦੀਪਾਂ ਤੇ ਹੋਈਆਂ ਜਿੱਤਾਂ ਦੀ ਲੰਮੀ ਸੂਚੀ ਵਿਚ ਪੰਜਾਬ ਦਾ ਨਾਂ ਵੀ ਜੁੜ ਗਿਆ। ਇਹ ਸ਼ਕਤੀ ਇੰਗਲੈਂਡ ਨਾਮ ਦੇ ਇੱਕ ਛੋਟੇ ਜਿਹੇ ਟਾਪੂ ਵਿਚ ਪੈਦਾ ਹੋਈ, ਅਤੇ ਕਿਸੇ ਵਿਸ਼ਾਲ ਬੱਦਲ ਵਾਂਗ ਧਰਤੀ ਦੇ ਇੱਕ ਏਡੇ ਵੱਡੇ ਭਾਗ ਤੇ ਫੈਲ ਗਈ ਕਿ ਕਿਹਾ ਜਾਣ ਲੱਗਾ ਕਿ ਇਸ ਦੇ ਸਾਮਰਾਜ ਤੇ ਕਦੀ ਸੂਰਜ ਅਸਤ ਨਹੀਂ ਹੁੰਦਾ। ਇਹ ਸਾਮਰਾਜ ਏਨਾ ਵਿਸ਼ਾਲ ਸੀ ਕਿ ਇਸ ਦੇ ਕਿਸੇ ਨਾ ਕਿਸੇ ਭਾਗ 'ਤੇ ਸੂਰਜ ਚੜ੍ਹਿਆ ਹੁੰਦਾ ਸੀ। ਪਰ ਮਨੁੱਖੀ ਜ਼ਿੰਦਗੀ ਵਾਂਗ ਕੌਮਾਂ ਦੀ ਮਹਾਨਤਾ ਦਾ ਸਮਾਂ ਵੀ ਸ਼ਾਇਦ ਨਿਸ਼ਚਿਤ ਹੁੰਦਾ ਹੈ। ਜਿਸ ਤਰ੍ਹਾਂ ਕਿਸੇ ਮਨੁੱਖ ਦੀ ਮੌਤ 'ਤੇ ਰੋਣਾ ਬੇਕਾਰ ਹੈ, ਇਸੇ ਤਰ੍ਹਾਂ ਹੀ ਕਿਸੇ ਕੌਮ ਦੀ ਮਹਾਨਤਾ ਦੇ ਲੱਦ ਜਾਣ 'ਤੇ ਪਛਤਾਵਾ ਕਰਨਾ ਬੇਕਾਰ ਹੈ। ਅੱਜ ਉਹ ਮਹਾਨ ਸ਼ਕਤੀ ਫਿਰ ਆਪਣੇ ਉਸ ਛੋਟੇ ਜਿਹੇ ਟਾਪੂ ਤੱਕ ਸੀਮਤ ਹੋ ਕਿ ਰਹਿ ਗਈ ਹੈ, ਜਿੱਥੇ ਉਹ ਪੈਦਾ ਹੋਈ ਸੀ। ਜੋ ਅਮਰੀਕਾ ਕਦੀ ਉਸ ਦੀ ਇੱਕ ਬਸਤੀ ਸੀ, ਅੱਜ ਇੱਕ ਮਹਾਂ ਸ਼ਕਤੀ ਹੈ। ਜਿਸ ਰੂਸ ਨੂੰ ਕਦੀ ਮੰਗੋਲਾਂ ਦੇ ਘੋੜਿਆਂ ਨੇ ਰੌਂਦਿਆ ਸੀ, ਉਹ ਵੀ ਅੱਜ ਇੱਕ ਮਹਾਂ ਸ਼ਕਤੀ ਹੈ। ਮੰਗੋਲ ਕਿੱਥੇ ਹਨ? ਅੱਜ ਉਹ ਫਿਰ ਗੋਬੀ ਦੇ ਮਾਰੂਸਥੱਲ ਵਿਚ ਭੇਡਾਂ ਅਤੇ ਘੋੜੇ ਪਾਲ ਰਹੇ ਹਨ। ਅੱਜ ਮੰਗੋਲੀਆ ਚੀਨ ਅਤੇ ਰੂਸ ਦੀਆਂ ਮਹਾਂ ਸ਼ਕਤੀਆਂ ਦੇ ਦੋ ਪੁੜਾਂ ਦਰਮਿਆਨ ਫਸੇ ਇੱਕ ਅਨਾਜ ਦੇ ਦਾਣੇ ਸਮਾਨ ਹੈ। ਇਤਿਹਾਸ ਦੇ ਪੰਨਿਆਂ ਵਿਚ ਕਈ ਕੌਮਾਂ, ਦੇਸ਼ਾਂ ਅਤੇ ਸਾਮਰਾਜਾਂ ਦਾ ਜ਼ਿਕਰ ਹੈ, ਜੋ ਕਦੀ ਮਹਾਨ ਸਨ, ਪਰ ਫਿਰ ਵਕਤ ਦੇ ਅਥਾਹ ਸਾਗਰ ਵਿਚ ਗਰਕ ਹੋ ਗਏ। ਰੋਮ, ਜੋ ਕਦੀ ਅੱਧੀ ਦੁਨੀਆ ਦਾ ਮਾਲਕ ਸੀ, ਅੱਜ ਇਟਲੀ ਨਾਂ ਦਾ ਆਮ ਜਿਹਾ ਦੇਸ਼ ਹੈ। ਸਮੇ ਦੀ ਲੰਮੀ ਨਦੀ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਕਈ ਕੌਮਾਂ, ਕਈ ਸਾਮਰਾਜਾਂ ਦੇ ਉਤਾਰ ਚੜ੍ਹਾਅ ਦਾ ਨਜ਼ਾਰਾ ਵਿਖਾਈ ਦੇਵੇਗਾ। ਜਿਨ੍ਹਾਂ ਮੁਗ਼ਲਾਂ ਦਾ ਸਿੱਕਾ ਕਦੀ ਹਿਮਾਲੀਆ ਤੋਂ ਕੰਨਿਆ ਕੁਮਾਰੀ ਅਤੇ ਕਾਬਲ ਕੰਧਾਰ ਤੋਂ ਬੰਗਾਲ ਦੀ ਖਾੜੀ ਤਕ ਚਲਦਾ ਸੀ, ਅੱਜ ਕਿਥੇ ਹਨ? ਉਨ੍ਹਾਂ ਦੇ ਇੱਕ ਵਡੇਰੀ ਉਮਰ ਦੇ ਬਾਦਸ਼ਾਹ, ਬਹਾਦਰ ਸ਼ਾਹ, ਨੇ ੧੮੫੭ ਵਿਚ ਮੁਗ਼ਲ ਸਾਮਰਾਜ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ। ਉਸਦਾ ਕੀ ਹਸ਼ਰ ਹੋਇਆ? ਪੁੱਤਰ ਪੋਤਰੇ ਮਰਵਾ ਕੇ ਬਾਕੀ ਜ਼ਿੰਦਗੀ ਰੰਗੂਨ ਦੀ ਜੇਲ ਵਿਚ ਕੱਟੀ। ਕੀ ਕੋਈ ਕੌਮ, ਦੇਸ਼ ਜਾਂ ਧਰਮ ਸਿਰਫ ਆਪਣੇ ਬੀਤੇ ਹੋਏ ਸੁਨਹਿਰੀ ਕਾਲ ਦੀ ਨਿੱਘੀ ਯਾਦ ਵਿਚ, ਆਪਣੀ ਗੁਆਚੀ ਹੋਈ ਮਹਾਨਤਾ ਦੇ ਸੁਪਨੇ ਵਿਚ, ਜੀ ਸਕਦਾ ਹੈ? ਨਹੀਂ! ਉਹ ਸਿਰਫ ਆਪਣੇ ਬੀਤੇ ਹੋਏ ਸਮੇਂ ਤੋਂ ਵਰਤਮਾਨ ਅਤੇ ਭਵਿੱਖ ਲਈ ਸੇਧ ਲੈ ਸਕਦਾ ਹੈ। ■

# ਸਰਦਾਰ ਖਾਲਸਾ

-ਸ. ਕਰਨੈਲ ਸਿੰਘ ਸਰਦਾਰ ਪੰਛੀ*

ਆਪਾਂ ਸਿਰ 'ਤੇ ਸਜਾਈ ਦਸਤਾਰ ਖਾਲਸਾ।
ਤਾਂ ਹੀ ਲੋਕ ਸਾਨੂੰ ਕਹਿੰਦੇ ਸਰਦਾਰ ਖਾਲਸਾ।
ਪੰਜਾਂ ਪਿਆਰਿਆਂ ਨੂੰ ਗੁਰਾਂ ਅੰਮ੍ਰਿਤ ਸੀ ਛਕਾਇਆ।
ਇਕ ਵੱਖਰਾ ਤੇ ਸ਼ੇਰਾਂ ਜਿਹਾ ਖਾਲਸਾ ਸਜਾਇਆ।
ਕੀਤਾ ਸਾਡੇ ਉੱਤੇ ਬੜਾ ਉਪਕਾਰ ਖਾਲਸਾ।
ਆਪਾ ਸਿਰ 'ਤੇ ਸਜਾਈ ਦਸਤਾਰ ਖਾਲਸਾ।
ਤਾਂ ਹੀ ਲੋਕ ਸਾਨੂੰ ਕਹਿੰਦੇ ਸਰਦਾਰ ਖਾਲਸਾ।
ਸਾਡੀ ਪੱਗ ਹੈ ਇਹ ਸਿੱਖੀ ਵਾਲੀ ਆਨ ਬਾਨ ਸ਼ਾਨ।
ਏਸ ਗੱਲ ਤਾਈਂ ਮੰਨਦਾ ਹੈ ਸਾਰਾ ਹੀ ਜਹਾਨ।
ਇਹ ਹੈ ਸਿੱਖੀ ਦੇ ਸਰੂਪ ਦਾ ਸ਼ਿੰਗਾਰ ਖਾਲਸਾ।
ਆਪਾਂ ਸਿਰ 'ਤੇ ਸਜਾਈ ਦਸਤਾਰ ਖਾਲਸਾ।
ਤਾਂ ਹੀ ਲੋਕ ਸਾਨੂੰ ਕਹਿੰਦੇ ਸਰਦਾਰ ਖਾਲਸਾ।
ਸਾਰੇ ਜਗ ਵਿਚ ਸਾਡੀ ਹੈ ਅਲਗ ਪਹਿਚਾਨ।
ਸਾਡੀ ਵੱਖਰੀ ਹੈ ਆਨ ਸਾਡੀ ਵੱਖਰੀ ਹੈ ਸ਼ਾਨ।
ਸਾਡਾ ਉੱਚਾ ਅਤੇ ਸੁੱਚਾ ਕਿਰਦਾਰ ਖਾਲਸਾ।
ਆਪਾਂ ਸਿਰ 'ਤੇ ਸਜਾਈ ਦਸਤਾਰ ਖਾਲਸਾ।
ਤਾਂ ਹੀ ਲੋਕ ਸਾਨੂੰ ਕਹਿੰਦੇ ਸਰਦਾਰ ਖਾਲਸਾ।
ਆਪਾਂ ਸਿੱਖਿਆ ਹੈ ਸਦਾ ਮਰਯਾਦਾ ਵਿਚ ਰਹਿਣਾ।
ਕਦੇ ਬੋਲਣਾ ਨਾ ਝੂਠ ਅਤੇ ਸਦਾ ਸੱਚ ਕਹਿਣਾ।
ਏਸੇ ਕਰਕੇ ਹਾਂ ਪਾਉਂਦੇ ਸਤਿਕਾਰ ਖਾਲਸਾ।
ਆਪਾਂ ਸਿਰ 'ਤੇ ਸਜਾਈ ਦਸਤਾਰ ਖਾਲਸਾ।
ਤਾਂ ਹੀ ਲੋਕ ਸਾਨੂੰ ਕਹਿੰਦੇ ਸਰਦਾਰ ਖਾਲਸਾ।
ਅਸੀਂ ਖਾਲਸੇ ਹਾਂ ਖਾਲਸੇ ਦੀ ਇੱਜ਼ਤ ਵਧਾਈਏ।
ਜ਼ਾਤ ਪਾਤ ਰੂਪੀ ਜਾਲ ਵਿੱਚੋਂ ਬਾਹਰ ਨਿਕਲ ਆਈਏ।
ਫੇਰ ਹਰ ਪਾਸੇ ਹੋਊ ਜੈ ਜੈਕਾਰ ਖਾਲਸਾ।
ਆਪਾਂ ਸਿਰ 'ਤੇ ਸਜਾਈ ਦਸਤਾਰ ਖਾਲਸਾ।
ਤਾਂ ਹੀ ਲੋਕ ਸਾਨੂੰ ਕਹਿੰਦੇ ਸਰਦਾਰ ਖਾਲਸਾ।

*ਜੇਠੀ ਨਗਰ, ਮਲੇਰਕੋਟਲਾ ਰੋਡ, ਖੰਨਾ-੧੪੧੪੦੧; ਮੋ: +੯੧੯੪੧੭੦-੯੧੬੬੮

# ਦੇਸ਼-ਵਿਦੇਸ਼ ਦੀ ਸੰਗਤ ਹੁਣ ਘਰ ਬੈਠੇ ਹੀ ਆਨਲਾਈਨ ਕਮਰਾ ਬੁੱਕ ਕਰਵਾ ਸਕੇਗੀ: ਪ੍ਰੋ. ਕਿਰਪਾਲ ਸਿੰਘ ਬਡੂੰਗਰ

ਸ੍ਰੀ ਅੰਮ੍ਰਿਤਸਰ ੫ ਮਾਰਚ: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਪੁੱਜਦੀ ਸੰਗਤ ਦੀ ਰਿਹਾਇਸ਼ ਲਈ ਸਰਾਵਾਂ ਦੀ ਆਨਲਾਈਨ ਬੁਕਿੰਗ ਦਾ ਉਦਘਾਟਨ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਕਰ ਦਿੱਤਾ ਗਿਆ। ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਮੁੱਖ ਦਫ਼ਤਰ ਵਿਖੇ ਉਦਘਾਟਨ ਉਪਰੰਤ ਪ੍ਰਧਾਨ ਸਾਹਿਬ ਨੇ ਕਿਹਾ ਕਿ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਸਰਾਵਾਂ ਬੁਕਿੰਗ ਦੀ ਆਨਲਾਈਨ ਪ੍ਰਕਿਰਿਆ ਨੂੰ ਲਾਗੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਮਰਾ ਬੁੱਕ ਕਰਨ ਦੀ ਆਨਲਾਈਨ ਪ੍ਰਕਿਰਿਆ ਦੇ ਪਹਿਲੇ ਪੜਾਅ ਤਹਿਤ ਅੱਜ ਮਾਤਾ ਗੰਗਾ ਜੀ ਨਿਵਾਸ ਦੀ ਬੁਕਿੰਗ ਨੂੰ ਆਨਲਾਈਨ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਦੇਸ਼-ਵਿਦੇਸ਼ ਤੋਂ ਪੁੱਜਦੀ ਸੰਗਤ ਹੁਣ ਇਸ ਸੁਵਿਧਾ ਰਾਹੀਂ ਘਰ ਬੈਠੇ ਹੀ ਕਮਰਾ ਬੁੱਕ ਕਰਵਾ ਸਕੇਗੀ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅਗਲੇ ਪੜਾਅ ਵਿਚ ਸ੍ਰੀ ਦਰਬਾਰ ਸਾਹਿਬ ਨਾਲ ਸੰਬੰਧਿਤ ਬਾਕੀ ਸਰਾਵਾਂ ਨੂੰ ਵੀ ਆਨਲਾਈਨ ਕੀਤਾ ਜਾਵੇਗਾ। ਬਾਅਦ ਵਿਚ ਇਹ ਸਹੂਲਤ ਤਖਤ ਸਾਹਿਬਾਨ ਦੇ ਨਿਵਾਸਾਂ ਵਿਚ ਵੀ ਸ਼ੁਰੂ ਕੀਤੀ ਜਾਵੇਗੀ। ਅੱਜ ਅਰੰਭ ਕੀਤੀ ਗਈ ਆਨਲਾਈਨ ਸੁਵਿਧਾ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਨੂੰ ਬੁਕਿੰਗ ਲਈ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੀ ਵੈੱਬਸਾਈਟ www.sgpc.net ਜਾਂ www.sgpcsarai.com ’ਤੇ ਜਾ ਕੇ ਕਮਰਾ ਬੁੱਕ ਕਰਨ ਲਈ ਆਪਣਾ ਨਾਮ, ਪੂਰਾ ਪਤਾ, ਮੋਬਾਈਲ ਨੰਬਰ, ਈ-ਮੇਲ ਐਡਰੈਸ ਭਰਨ ਉਪਰੰਤ ਆਪਣਾ ਸ਼ਨਾਖਤੀ ਕਾਰਡ ਅਪਲੋਡ ਕਰਨਾ ਹੋਵੇਗਾ। ਸ਼ਨਾਖਤ ਲਈ ਆਧਾਰ ਕਾਰਡ, ਵੋਟਰ ਆਈ.ਡੀ. ਜਾਂ ਪਾਸਪੋਰਟ ਹੀ ਪ੍ਰਵਾਨਿਤ ਹੋਣਗੇ। ਉਨ੍ਹਾਂ ਦੱਸਿਆ ਕਿ ਸ਼ਰਧਾਲੂ ਕੇਵਲ ੨ ਰਾਤਾਂ ਲਈ ਕਮਰਾ ਬੁੱਕ ਕਰਵਾ ਸਕਣਗੇ। ਘੱਟੋ-ਘੱਟੋ ੨ ਵਿਅਕਤੀਆਂ ਦੇ ਰਹਿਣ ਦੀ ਸੂਰਤ ਵਿਚ ਹੀ ਕਮਰਾ ਬੁੱਕ ਹੋ ਸਕੇਗਾ। ਅਦਾਇਗੀ ਕੇਵਲ ਆਨਲਾਈਨ ਤੌਰ ’ਤੇ ਹੀ ਸਵੀਕਾਰ ਹੋਵੇਗੀ ਜੋ ਕ੍ਰੈਡਿਟ ਕਾਰਡ, ਡੈਬਿਟ ਕਾਰਡ ਜਾਂ ਨੈੱਟਬੈਂਕਿੰਗ ਰਾਹੀਂ ਕੀਤੀ ਜਾ ਸਕੇਗੀ। ਇਸ ਸਬੰਧੀ ਮੁਕੰਮਲ ਜਾਣਕਾਰੀ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੀ ਵੈੱਬਸਾਈਟ ’ਤੇ ਪਾ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁ.ਪ੍ਰ. ਕਮੇਟੀ ਜਿੱਥੇ ਧਰਮ ਪ੍ਰਚਾਰ ਸਿੱਖਿਆ ਅਤੇ ਸਿਹਤ ਸਹੂਲਤਾਂ ਲਈ ਕਾਰਜਸ਼ੀਲ ਹੈ, ਉੱਥੇ ਇਸ ਦੇ ਨਾਲ ਹੀ ਸਮਾਜ ਨੂੰ ਦਰਪੇਸ਼ ਚੁਣੌਤੀਆਂ ਦੇ ਵਿਰੁੱਧ ਨਿਰੰਤਰ ਯਤਨ ਕਰ ਰਹੀ ਹੈ। ਉਨ੍ਹਾਂ ਇਸ ਸਬੰਧ ਵਿਚ ਵਾਤਾਵਰਨ ਦਾ ਖਾਸ ਤੌਰ ’ਤੇ ਜ਼ਿਕਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁ.ਪ੍ਰ. ਕਮੇਟੀ ਵੱਲੋਂ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਮੌਕੇ ਵੱਡੇ ਪੱਧਰ ’ਤੇ ਰੁੱਖ ਲਗਾਏ ਜਾਣਗੇ। ਉਨ੍ਹਾਂ ਹੋਰ ਵਿਸਥਾਰ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਵਿੱਦਿਅਕ ਅਦਾਰਿਆਂ ਵਿਚ ਵਾਤਾਵਰਨ ਦੀ ਸ਼ੁੱਧਤਾ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸੈਮੀਨਾਰ ਆਯੋਜਿਤ ਕੀਤੇ ਜਾਣਗੇ।

# ਸ਼੍ਰੋਮਣੀ ਗੁ.ਪ੍ਰ. ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ ੫੪੯ ਨਵੇਂ ਸਾਲ ਦੀ ਆਮਦ ਮੌਕੇ ਮਹਾਨ ਗੁਰਮਤਿ ਸਮਾਗਮ

ਸ੍ਰੀ ਅੰਮ੍ਰਿਤਸਰ ੧੪ ਮਾਰਚ: ਸ਼੍ਰੋਮਣੀ ਗੁ.ਪ੍ਰ. ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ ੫੪੯ ਅਨੁਸਾਰ ਨਵੇਂ ਸਾਲ ਦੀ ਆਮਦ ਅਤੇ ਖਾਲਸਾ ਪੰਥ ਦੇ ਕੌਮੀ ਤਿਉਹਾਰ ਹੋਲਾ ਮਹੱਲਾ ਨੂੰ ਸਮਰਪਿਤ ੧੩ ਮਾਰਚ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਰਾਤ ੭.੦੦ ਤੋਂ ਦੇਰ ਰਾਤ ੧ ਵਜੇ ਤਕ ਚੱਲੇ ਇਸ ਮਹਾਨ ਗੁਰਮਤਿ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ, ਭਾਈ ਸਤਨਾਮ ਸਿੰਘ ਕੋਹਾੜਕਾ, ਭਾਈ ਸੁਖਜਿੰਦਰ ਸਿੰਘ, ਭਾਈ ਸਤਿੰਦਰਬੀਰ ਸਿੰਘ, ਭਾਈ ਗੁਰਕੀਰਤ ਸਿੰਘ ਤੇ ਭਾਈ ਜੁਝਾਰ ਸਿੰਘ ਦੇ ਜਥਿਆਂ ਵੱਲੋਂ ਇਲਾਹੀ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਨਵਾਂ ਸਾਲ ਮਨਾ ਰਹੀਆਂ ਸਿੱਖ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਕਿਹਾ ਕਿ ਨਾਨਕਸ਼ਾਹੀ ਸੰਮਤ ੫੪੯ ਅਨੁਸਾਰ ਨਵੇਂ ਸਾਲ ਦੇ ਇਸ ਸ਼ੁੱਭ ਅਵਸਰ ’ਤੇ ਦੇਸ਼-ਵਿਦੇਸ਼ ’ਚ ਬੈਠੀ ਸਮੁੱਚੀ ਸਿੱਖ ਸੰਗਤ ਨੂੰ ਦਿਲੋਂ ਮੁਬਾਰਕਬਾਦ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਉਹ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਦਿਨ, ਦਿਹਾੜੇ, ਗੁਰਪੁਰਬ ਤੇ ਸੰਗਰਾਦਾਂ ਆਦਿ ਮਨਾਉਣ। ਉਨ੍ਹਾਂ ਸਮੁੱਚੀ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਪਤਿਤਪੁਣੇ ਵੱਲ ਵੱਧ ਰਹੀ ਹੈ, ਜਿਸ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਤਿਗੁਰੂ ਨੇ ਸਾਨੂੰ ਬਾਣੀ ਦੀ ਬਖਸ਼ਿਸ਼ ਕੀਤੀ ਹੈ ਇਸ ਲਈ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ’ਚ ਹੀ ਸਿਰ ਝੁਕਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਇਕ ਸਿੱਖ ਦੇ ਘਰ ਵਿਚ ਸਵੇਰੇ-ਸ਼ਾਮ ਨਿਤਨੇਮ ਜ਼ਰੂਰ ਹੋਵੇ ਅਤੇ ਸਭਨਾਂ ਜੀਆਂ ਦੀ ਹਾਜ਼ਰੀ ਵਿਚ ਅਜਿਹਾ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਨੇ ਅਜੇ ਤੀਕ ਅੰਮ੍ਰਿਤ ਨਹੀਂ ਛੱਕਿਆ ਉਹ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਤੇ ਨੌਜਵਾਨ ਆਪਣੇ ਕੇਸਾਂ ਦੀ ਸੰਭਾਲ ਕਰਨ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿਚ ਪ੍ਰੋਫ਼ੈਸਰ ਕਿਰਪਾਲ ਸਿੰਘ ਬਡੂੰਗਰ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸ਼ਾਮਲ ਹੋਣਾ ਸੀ, ਪ੍ਰੰਤੂ ਉਹ ਕੁਝ ਜ਼ਰੂਰੀ ਪੰਥਕ ਰੁਝੇਵਿਆਂ ਕਾਰਨ ਸੰਗਤਾਂ ਦੇ ਦਰਸ਼ਨ ਨਹੀਂ ਕਰ ਸਕੇ। ਇਸ ਮੌਕੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਐਡੀਸ਼ਨਲ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਵੀ ਸੰਗਤਾਂ ਨੂੰ ਨਵੇਂ ਸਾਲ ਦੀ ਆਮਦ ’ਤੇ ਵਧਾਈ ਦਿੰਦਿਆਂ ਬਾਣੀ ਤੇ ਬਾਣੇ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੱਤੀ।

ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਨਵੇਂ ਸਾਲ ਦੀ ਆਮਦ ਮੌਕੇ ਮਹਾਨ ਗੁਰਮਤਿ ਸਮਾਗਮ ਸਮੇਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਅਰਦਾਸ ਭਾਈ ਰਾਜਦੀਪ ਸਿੰਘ ਨੇ ਕੀਤੀ ਤੇ ਹੁਕਮਨਾਮਾ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਲਿਆ। ਮੰਚ ਦੀ ਸੇਵਾ ਭਾਈ ਜਗਦੇਵ ਸਿੰਘ ਹੈੱਡ ਪ੍ਰਚਾਰਕ ਤੇ ਸਰਵਣ ਸਿੰਘ ਪ੍ਰਚਾਰਕ ਨੇ ਬਾਖੂਬੀ ਨਿਭਾਈ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਸਿੱਖ ਮਿਸ਼ਨ ਹਰਿਆਣਾ ਵੱਲੋਂ ਅੰਮ੍ਰਿਤ-ਸੰਚਾਰ

ਇੰਚਾਰਜ ਸਿੱਖ ਮਿਸ਼ਨ ਹਰਿਆਣਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਮਿਸ਼ਨ ਵੱਲੋਂ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਦਾ ਵੇਰਵਾ:-

| ਮਿਤੀ | ਸਥਾਨ | ਪ੍ਰਾਣੀ |
|---|---|---|
| ੪ ਦਸੰਬਰ, ੨੦੧੬ | ਗੁ: ਸੀਸ ਗੰਜ ਸਾਹਿਬ, ਪਾਤ: ੯ਵੀਂ, ਤਰਾਵੜੀ, ਕਰਨਾਲ | ੬੯ |
| ੧੦ ਫਰਵਰੀ, ੨੦੧੭ | ਗੁ: ਸ਼ਹੀਦ ਬਾਬਾ ਦੀਪ ਸਿੰਘ ਜੀ, ਏਲਨਾਬਾਦ (ਸਿਰਸਾ) | ੬੭ |
| ੧੪ ਫਰਵਰੀ, ੨੦੧੭ | ਗੁਰਦੁਆਰਾ ਸਾਹਿਬ ਪਿੰਡ ਭੂਸਲਾ, (ਕੈਥਲ) | ੨੨ |
| ੧੯ ਫਰਵਰੀ, ੨੦੧੭ | ਗੁਰਦੁਆਰਾ ਸਾਹਿਬ ਗੋਬਿੰਦ ਨਗਰ (ਅੰਬਾਲਾ ਕੈਂਟ) | ੧੦ |

## ਸਿੱਖ ਮਿਸ਼ਨ ਉਤਰਾਖੰਡ ਵੱਲੋਂ ਅੰਮ੍ਰਿਤ-ਸੰਚਾਰ

ਭਾਈ ਹਰਜਿੰਦਰ ਸਿੰਘ ਇੰਚਾਰਜ, ਸਿੱਖ ਮਿਸ਼ਨ ਕਾਸ਼ੀਪੁਰ (ਉਤਰਾਖੰਡ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਮਿਸ਼ਨ ਵੱਲੋਂ ਖਾਲਸਾ ਗਰੁੱਪ ਰੁਦਰਪੁਰ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ, ਗੋਲ ਮਾਰਕੀਟ, ਰੁਦਰਪੁਰ ਵਿਖੇ ੨ ਅਕਤੂਬਰ, ੨੦੧੬ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ੫੮ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਜ਼ਿਲ੍ਹਾ ਜਲੰਧਰ ਵਿਖੇ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਹਰਜੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਿੰਘ ਸਭਾ, ਪਿੰਡ ਖਾਨਪੁਰ ਢੱਡਾ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ੪ ਦਸੰਬਰ, ੨੦੧੬ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ੧੦ ਪ੍ਰਾਣੀਆਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਗੁਰੂ ਵਾਲੇ ਬਣਾਇਆ।